# ਲੋਕ ਗੀਤਾਂ ਦੀ ਸਮਾਜਿਕ ਵਿਆਖਿਆ



ਸੁਖਦੇਵ ਮਾਦਪੁਰੀ

209545
MA-L

PUNJABI UNIVERSITY PATIALA

ਪੰਜਾਬੀ ਰੈਫ਼ਰੈਂਸ ਲਾਇਬ੍ਰੇਰੀ

ਪੰਜਾਬੀ ਯੂਨੀਵਰਸਿਟੀ,
ਪਟਿਆਲਾ

২২-৫-১৭

ন. শা

# ਲੋਕ ਗੀਤਾਂ ਦੀ ਸਮਾਜਿਕ ਵਿਆਖਿਆ

**ਏਸੇ ਕਲਮ ਤੋਂ :**

| | |
|---|---|
| ***ਲੋਕ ਗੀਤ*** | |
| ਗਾਉਂਦਾ ਪੰਜਾਬ | (1959) |
| ਫੁੱਲਾਂ ਭਰੀ ਚੰਗੇਰ | (1979) |
| ਲੋਕ ਗੀਤਾਂ ਦੀ ਸਮਾਜਿਕ ਵਿਆਖਿਆ | (2003) |
| ਖੰਡ ਮਿਸ਼ਰੀ ਦੀਆਂ ਡਲੀਆਂ | (2003) |
| ***ਲੋਕ ਕਹਾਣੀਆਂ*** | |
| ਜ਼ਰੀ ਦਾ ਟੋਟਾ | (1957) |
| ਨੈਣਾਂ ਦੇ ਵਣਜਾਰੇ | (1962) |
| ਭਾਰਤੀ ਲੋਕ ਕਹਾਣੀਆਂ | (1991) |
| ਬਾਤਾਂ ਦੇਸ ਪੰਜਾਬ ਦੀਆਂ | (2003) |
| ***ਲੋਕ ਬੁਝਾਰਤਾਂ*** | |
| ਲੋਕ ਬੁਝਾਰਤਾਂ | (1956) |
| ਪੰਜਾਬੀ ਬੁਝਾਰਤਾਂ | (1979) |
| ***ਪੰਜਾਬੀ ਸਭਿਆਚਾਰ*** | |
| ਪੰਜਾਬ ਦੀਆਂ ਲੋਕ ਖੇਡਾਂ | (1976) |
| ਪੰਜਾਬ ਦੇ ਮੇਲੇ ਅਤੇ ਤਿਓਹਾਰ | (1995) |
| ਆਓ ਨੱਚੀਏ | (1995) |
| ***ਜੀਵਨੀ*** | |
| ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ | (1995) |
| ***ਨਾਟਕ*** | |
| ਪਰਾਇਆ ਧੰਨ | (1962) |
| ***ਬਾਲ ਸਾਹਿਤ*** | |
| ਜਾਦੂ ਦਾ ਸ਼ੀਸ਼ਾ | (1962) |
| ਕੇਸੂ ਦੇ ਫੁੱਲ | (1962) |
| ਸੋਨੇ ਦਾ ਬੱਕਰਾ | (1962) |
| ***ਸੰਪਾਦਨਾ*** | |
| ਬਾਲ ਕਹਾਣੀਆਂ | (1992) |
| ਆਓ ਗਾਈਏ | (1992) |
| ਨੇਕੀ ਦਾ ਫਲ | (1995) |
| ਮਹਾਂਬਲੀ ਰਣਜੀਤ ਸਿੰਘ | (1995) |
| ***ਅਨੁਵਾਦ*** | |
| ਵਰਖਾ ਦੀ ਉਡੀਕ | (1993) |
| ਟੋਡਾ ਤੇ ਟਾਹਰ | (1994) |
| ਤਿਤਲੀ ਤੇ ਸੂਰਜਮੁਖੀਆਂ | (1994) |

# ਲੋਕ ਗੀਤਾਂ ਦੀ ਸਮਾਜਿਕ ਵਿਆਖਿਆ

ਸੁਖਦੇਵ ਮਾਦਪੁਰੀ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

**Lok Geetan Di Smajik Viakhaya**

*(Socio Cultural Study of Punjabi Folk Songs)*

By: **Sukhdev Madpuri**
Smadhi Road, Khanna-141401
Ph:No. 01628-224704

398.2

Published By:
**Chetna Parkashan**, Punjabi Bhawan,
Ludhiana, Ph: 2413613
***email: chetnaparkashan@yahoo.co.in***

ਪੰਜਾਬੀ ... ਲਾਇਬ੍ਰੇਰੀ
... 59205
ਮਿਤੀ...... 12/3/04

**ਕਾਪੀ ਰਾਈਟ** : ਲੇਖਕ

**ਪਹਿਲੀ ਵਾਰ** : 2003

**ਪ੍ਰਕਾਸ਼ਕ** ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਫ਼ੋਨ: 2413613

**ਟਾਈਪ ਸੈਟਿੰਗ**: ਸਿਮਰਨ ਕੰਪਿਊਟਰਜ਼, ਲੁਧਿਆਣਾ

**ਛਾਪਕ** ਸੋਨੀ ਆਫ਼ਸੈੱਟ, ਦਿੱਲੀ

**ਮੁੱਲ** 180 ਰੁਪਏ

ਲੋਕ ਗੀਤਾਂ ਦੀ ਖਾਣ

ਸਵਰਗਵਾਸੀ ਮਾਤਾ

**ਬੇਬੇ ਸੁਰਜੀਤ ਕੌਰ** ਦੀ

ਮਿੱਠੀ ਤੇ ਸਦੀਵੀ ਯਾਦ ਨੂੰ

ਸਮਰਪਿਤ

# ਤਤਕਰਾ


| | |
|---|---|
| ਮੁੱਢਲੇ ਸ਼ਬਦ | 9 |
| ਬਾਪੂ ਵੇ ਬਦਾਮੀ ਰੰਗਿਆ | 18 |
| ਵੀਰ ਮੇਰਾ ਪੱਟ ਦਾ ਲੱਛਾ | 25 |
| ਹੰਸਾ ਵੀਰ ਦਾ ਗੀਤ | 44 |
| ਗੋਰੀ ਦਾ ਗੱਭਰੂ | 48 |
| ਨੂੰਹ ਸੱਸ ਦਾ ਰਿਸ਼ਤਾ | 59 |
| ਜੇਠ-ਜਠਾਣੀ | 69 |
| ਭਾਬੀਆਂ ਦਾ ਗਹਿਣਾ | 75 |
| ਰਿਸ਼ਤਾ ਨਣਦ ਭਰਜਾਈ ਦਾ | 83 |
| ਸੱਸ ਦਾ ਐਬੀ ਪੁੱਤ | 95 |
| ਰੱਖੂੰ ਤੇਰੇ ਚੀਰੇ ਦੀ ਲਾਜ | 102 |
| ਮੁੰਡਾ ਪੱਟਿਆ ਨਵਾਂ ਪਟਵਾਰੀ | 111 |
| ਬਾਬੇ ਨੇ ਮੱਕਾ ਫੇਰਿਆ | 118 |
| ਦੇਸ ਪਿਆਰ ਦੇ ਲੋਕ ਗੀਤ | 127 |
| ਸ਼ਾਮ ਘਟਾਂ ਚੜ੍ਹ ਆਈਆਂ | 132 |
| ਸਾਂਝੀ ਦੇ ਗੀਤ | 140 |
| ਲੋਹੜੀ | 150 |
| ਕਰੂਏ ਦੇ ਵਰਤ | 157 |
| ਲੋਕ ਨਾਇਕ ਸੁੱਚਾ ਸਿੰਘ ਸੂਰਮਾ | 162 |
| ਰਾਂਝਾ ਫੁੱਲ ਗੁਲਾਬ ਦਾ | 167 |
| ਝਨਾਂ ਦੀ ਨਾਇਕਾ | 178 |
| ਗੋਰੀ ਦਾ ਪੁੰਨੂੰ | 185 |
| ਪ੍ਰੀਤ ਦਾ ਨਾਇਕ ਮਿਰਜ਼ਾ | 193 |
| ਅੰਤਿਕਾ | 198 |

*ਲੋਕ ਮਾਤਾ ਦੀਵੇ ਨੂੰ ਪੱਲੇ ਨਾਲ*
*ਬੁਝਾਉਂਦੀ ਹੋਈ ਕਾਮਨਾ ਕਰਦੀ ਹੈ :*

ਜਾ ਦੀਵਿਆ ਘਰ ਆਪਣੇ
ਸੁਖ ਵਸੇਂਦੀ ਰਾਤ
ਅਨ ਧੰਨ ਦੇ ਗੱਡੇ ਲਿਆਈਂ
ਨਾਲੇ ਆਈਂ ਆਪ

*(ਲੋਕ ਸੂਤਰ)*

ਕੀੜਿਓ ਮਕੌੜਿਓ
ਅੰਨ ਦਿਓ
ਧੰਨ ਦਿਓ
ਭਾਈ ਦਿਓ
ਭਤੀਜਾ ਦਿਓ
ਕੱਢਣ ਨੂੰ ਕਸੀਦਾ ਦਿਓ
ਹੋਰ ਨਾ ਕੁੱਛ ਲੋੜੀਏ
*(ਸਾਂਝੀ ਦਾ ਗੀਤ)*

# ਮੁੱਢਲੇ ਸ਼ਬਦ

ਮੁੱਢ ਕਦੀਮ ਤੋਂ ਹੀ ਲੋਕ ਸਾਹਿਤ ਮਨੁੱਖੀ ਜੀਵਨ ਦਾ ਅਨਿਖੜਵਾਂ ਅੰਗ ਰਿਹਾ ਹੈ। ਸੱਭਿਆ ਸਮਾਜ ਦੇ ਵਿਕਾਸ ਦੀ ਕਹਾਣੀ ਦਾ ਇਤਿਹਾਸ ਇਸ ਵਿੱਚ ਸਾਂਭਿਆ ਪਿਆ ਹੈ। ਆਦਿ ਮਨੁੱਖ ਇਸ ਦੁਆਰਾ ਆਪਣੀਆਂ ਖ਼ੁਸ਼ੀਆਂ ਗ਼ਮੀਆਂ, ਮਨੋਭਾਵਾਂ ਅਤੇ ਆਸ਼ਾਵਾਂ ਦਾ ਪ੍ਰਗਟਾਵਾ ਕਰਦਾ ਆਇਆ ਹੈ। ਲੋਕ ਸਾਹਿਤ ਵਿੱਚ ਕਿਸੇ ਸਮਾਜ ਅਥਵਾ ਜਾਤੀ ਦੇ ਸੰਸਕ੍ਰਿਤਕ ਤੇ ਸੱਭਿਆਚਾਰਕ ਅੰਸ਼ ਸਮੋਏ ਹੁੰਦੇ ਹਨ।

ਪੰਜਾਬੀ ਲੋਕ ਸਾਹਿਤ, ਸੰਸਾਰ ਦੇ ਲੋਕ ਸਾਹਿਤ ਵਾਂਗ ਪੰਜਾਬੀ ਲੋਕ ਜੀਵਨ ਦਾ ਦਰਪਨ ਹੈ ਜਿਸ ਵਿੱਚ ਪੰਜਾਬ ਦੀ ਨੱਚਦੀ, ਗਾਉਂਦੀ ਤੇ ਜੂਝਦੀ ਸੰਸਕ੍ਰਿਤੀ ਸਾਫ਼ ਨਜ਼ਰ ਆਉਂਦੀ ਹੈ। ਲੋਕ ਕਹਾਣੀਆਂ, ਲੋਕ ਬੁਝਾਰਤਾਂ, ਲੋਕ ਗੀਤ, ਲੋਕ ਨਾਚ, ਅਖਾਣ ਅਤੇ ਲੋਕ ਵਿਸ਼ਵਾਸ਼ ਪੰਜਾਬੀ ਲੋਕ ਸਾਹਿਤ ਦੇ ਅਜਿਹੇ ਰੂਪ ਹਨ ਜਿਨ੍ਹਾਂ ਦੁਆਰਾ ਪੰਜਾਬੀ ਆਦਿ ਕਾਲ ਤੋਂ ਹੀ ਮਨੋਰੰਜਨ ਪ੍ਰਾਪਤ ਕਰਦੇ ਰਹੇ ਹਨ।

ਪੰਜਾਬ ਦੇ ਲੋਕ ਗੀਤ ਪੰਜਾਬੀ ਲੋਕ ਸਾਹਿਤ ਦਾ ਪ੍ਰਮੁੱਖ ਅੰਗ ਹਨ। ਪੰਜਾਬ ਦਾ ਲੋਕ ਜੀਵਨ ਇਹਨਾਂ ਵਿੱਚ ਧੜਕਦਾ ਸਾਫ਼ ਦਿਸ ਆਉਂਦਾ ਹੈ। ਇਹਨਾਂ ਵਿੱਚ ਐਨੀ ਵੰਨ ਸੁਵੰਨਤਾ ਹੈ ਕਿ ਸ਼ਾਇਦ ਹੀ ਜ਼ਿੰਦਗੀ ਦਾ ਕੋਈ ਅਜਿਹਾ ਵਿਸ਼ਾ ਹੋਵੇ ਜਿਸ ਬਾਰੇ ਪੰਜਾਬੀ ਲੋਕ ਗੀਤ ਨਾ ਮਿਲਦਾ ਹੋਵੇ। ਇਹ ਹਜ਼ਾਰਾਂ ਦੀ ਗਿਣਤੀ ਵਿੱਚ ਉਪਲਬਧ ਹਨ। ਪੰਜਾਬੀ ਆਪਣਾ ਸਾਰਾ ਜੀਵਨ ਹੀ ਨੱਚਦੇ ਗਾਉਂਦੇ ਬਤੀਤ ਕਰਦੇ ਨੇ ਇਸੇ ਕਰਕੇ ਹਰ ਪੰਜਾਬੀ ਤੁਹਾਨੂੰ ਖ਼ੁਸ਼ੀਆਂ ਵੰਡਦਾ ਖਿੜੇ ਮੱਥੇ ਮਿਲੇਗਾ - ਜੰਮਣ ਤੋਂ ਲੈ ਕੇ ਮਰਨ ਤਕ ਦੀਆਂ ਰਸਮਾਂ ਨਾਲ਼ ਸੰਬੰਧਿਤ ਗੀਤ ਪੰਜਾਬੀਆਂ ਨੇ ਜੋੜੇ ਹੋਏ ਹਨ।

ਪੰਜਾਬੀ ਬਾਲ ਦੇ ਜਨਮ ਦੇ ਨਾਲ਼ ਹੀ ਪੰਜਾਬੀ ਮਾਂ ਲੋਰੀਆਂ ਦੀ ਸਿਰਜਣਾ ਕਰਦੀ ਹੈ। ਮਾਂ ਦੇ ਮਮਤਾ ਭਰੇ ਥਾਪੜੇ ਅਤੇ ਲੋਰੀ ਦੀ ਮਿੱਠੀ ਸੁਰ ਨਾਲ਼ ਬੱਚਾ ਮਾਂ ਦੀ ਗੋਦ ਵਿੱਚ ਗੂਹੜੀ ਨੀਂਦਰ ਦੇ ਹੂਟੇ ਲੈਣ ਲੱਗ ਜਾਂਦਾ ਹੈ: -

ਹੂੰ ਵੇ ਮੱਲਾ ਹੂੰ ਵੇ

ਤੇਰੀ ਬੋਦੀ 'ਚ ਪੈਗੀ ਜੂੰ ਵੇ
ਇਕ ਮੈਂ ਕੱਢਾਂ ਇਕ ਤੂੰ ਵੇ
ਕੱਢਣ ਵਾਲਾ ਕੀ ਕਰੇ
ਕੁਪੱਤਾ ਵੀਰਾ ਤੂੰ ਵੇ

ਬਾਲਪਨ ਦੇ ਆਪਣੇ ਗੀਤ ਨੇ। ਬੱਚੇ ਖੇਡਾਂ ਖੇਡਦੇ ਹੋਏ ਅਨੇਕਾਂ ਗੀਤ ਗਾਉਂਦੇ ਹਨ। ਪੁੱਗਣ ਸਮੇਂ ਇਹ ਗੀਤ ਗਾਇਆ ਜਾਂਦਾ ਹੈ: -

ਈਂਗਣ ਮੀਂਗਣ ਤਲੀ ਤਲੀਂਗਣ
ਕਾਲਾ ਪੀਲਾ ਡੱਕਰਾ
ਗੁੜ ਖਾਵਾਂ ਵੇਲ ਵਧਾਵਾਂ
ਮੂਲੀ ਪੱਤਰਾ
ਪੱਤਰਾਂ ਵਾਲੇ ਘੋੜੇ ਆਏ
ਹੱਥ ਕੁਤਾੜੀ ਪੈਰ ਕੁਤਾੜੀ
ਨਿੱਕਲ ਬਾਲਿਆ ਤੇਰੀ ਬਾਰੀ

ਸਕੂਲਾਂ ਵਿੱਚ ਪੜ੍ਹਦੇ ਬੱਚੇ ਫੱਟੀਆਂ ਸੁਕਾਉਂਦੇ ਹੋਏ ਗਾਉਂਦੇ ਹਨ : -

ਸੂਰਜਾ ਸੂਰਜਾ ਫੱਟੀ ਸੁਕਾ
ਨਹੀਂ ਸੁਕਾਉਣੀ ਗੰਗਾ ਜਾ
ਗੰਗਾ ਜਾ ਕੇ ਪਿੰਨੀਆਂ ਲਿਆ
ਇਕ ਪਿੰਨੀ ਫੁਟਗੀ
ਮੇਰੀ ਫੱਟੀ ਸੁੱਕ ਗੀ

ਨਿੱਕੀਆਂ ਬੱਚੀਆਂ ਥਾਲ ਤੇ ਕਿੱਕਲੀ ਪਾਉਂਦੀਆਂ ਹੋਈਆਂ ਗੀਤਾਂ ਦੀ ਝੜੀ ਲਾ ਦਿੰਦੀਆਂ ਹਨ: ਇਕ ਕਿੱਕਲੀ ਦਾ ਗੀਤ ਹੈ : -

ਅੰਬੇ ਨੀ ਮਾਏ ਅੰਬੇ
ਮੇਰੇ ਸਤ ਭਰਾ ਮੰਗੇ
ਮੇਰਾ ਇਕ ਭਰਾ ਕੁਆਰਾ
ਉਹ ਚੌਪਟ ਖੇਡਣ ਵਾਲਾ
ਚੌਪਟ ਕਿੱਥੇ ਖੇਡੇ
ਲਾਹੌਰ ਸ਼ਹਿਰ ਖੇਡੇ
ਲਾਹੌਰ ਸ਼ਹਿਰ ਉੱਚਾ
ਮੈਂ ਮਨ ਪਕਾਇਆ ਸੁੱਚਾ
ਮੇਰੇ ਮਨ ਨੂੰ ਲੱਗੇ ਮੋਤੀ
ਮੈਂ ਗਲੀਆਂ ਵਿੱਚ ਖਲੋਤੀ
ਬੜੇ ਬਾਬੇ ਦੀ ਪੋਤੀ

ਪੰਜਾਬੀ ਲੋਕ ਗੀਤਾਂ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਪੰਜਾਬੀ ਮੁਟਿਆਰ ਨੇ ਸਭ ਤੋਂ ਵੱਧ ਗੀਤਾਂ ਦੀ ਸਿਰਜਨਾ ਕੀਤੀ ਹੈ। ਗੱਭਰੂਆਂ ਦਾ ਆਪਣਾ ਯੋਗਦਾਨ ਹੈ ਪ੍ਰੰਤੂ ਜੋ ਸੂਖ਼ਮਤਾ ਤੇ ਸਰਲਤਾ ਮੁਟਿਆਰਾਂ ਦੇ ਗੀਤਾਂ ਵਿੱਚ ਹੈ ਉਹ ਗਭਰੂਆਂ ਦੇ ਗੀਤਾਂ ਵਿੱਚ ਨਜ਼ਰ ਨਹੀਂ ਆਉਂਦੀ। ਲੋਕ ਗੀਤ ਕਿਸੇ ਇਕ ਵਿਅਕਤੀ ਦੀ ਰਚਨਾ ਨਹੀਂ ਹੁੰਦੇ ਬਲਕਿ ਸਮੂਹਿਕ ਰੂਪ ਵਿੱਚ ਪਾਈ ਸਾਂਝੀ ਮਿਹਨਤ ਦਾ ਸਿੱਟਾ ਹੁੰਦੇ ਹਨ ਜਿਸ ਕਰਕੇ ਇਹ ਐਨੀ ਸਰਲਤਾ ਭਰਪੂਰ ਰਚਨਾ ਬਣ ਗਏ ਹਨ ਤੇ ਸਦੀਆਂ ਦਾ ਪੈਂਡਾ ਝਾਗਕੇ ਸਾਡੇ ਤੀਕ ਮੂੰਹੋ ਮੂੰਹੀਂ ਪੁੱਜੇ ਹਨ। ਇਹ ਕਿਸ ਨੇ ਰਚੇ ਤੇ ਕਦੋਂ ਰਚੇ ਇਸ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ ਇਹ ਤਾਂ ਜਨ ਸਮੂਹ ਦੀ ਆਤਮਾ ਹਨ ਜਿਸ ਵਿੱਚ ਉਹਨਾਂ ਦੀਆਂ ਗ਼ਮੀਆਂ, ਖ਼ੁਸ਼ੀਆਂ, ਭਾਵਨਾਵਾਂ ਅਤੇ ਜਜ਼ਬਿਆਂ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਪੰਜਾਬੀ ਜੀਵਨ ਨਾਲ਼ ਜੁੜੀਆਂ ਰਸਮਾਂ ਅਤੇ ਤਿਉਹਾਰ ਉਹ ਅਖਾੜੇ ਹਨ ਜਿੱਥੇ ਪੰਜਾਬੀ ਮੁਟਿਆਰਾਂ ਤੇ ਗੱਭਰੂ ਆਪਣੇ ਦਿਲਾਂ ਦੇ ਅਰਮਾਨ ਪੂਰੇ ਕਰਦੇ ਹਨ। ਲੋਹੜੀ ਅਤੇ ਵਿਸਾਖੀ ਦਾ ਤਿਉਹਾਰ ਪੰਜਾਬੀਆਂ ਲਈ ਨਵੇਂ ਚਾਅ ਅਤੇ ਉਮਾਹ ਲੈ ਕੇ ਆਉਂਦਾ ਹੈ। ਇਹਨਾਂ ਤਿਉਹਾਰਾਂ ਨਾਲ਼ ਸੰਬੰਧ ਰਖਦੇ ਅਨੇਕਾਂ ਲੋਕ ਗੀਤ ਪੰਜਾਬੀਆਂ ਦਾ ਮਨੋਰੰਜਨ ਕਰਦੇ ਹਨ।

ਤੀਆਂ ਦਾ ਤਿਉਹਾਰ ਵਿਆਹੀਆਂ ਅਤੇ ਕੁਆਰੀਆਂ ਮੁਟਿਆਰਾਂ ਲਈ ਚਾਵਾਂ ਮੱਤਾ ਹੁੰਦਾ ਹੈ ਜਿੱਥੇ ਉਹ ਅਨੇਕਾਂ ਗੀਤ ਗਾ ਕੇ ਆਪਣੇ ਦਿਲਾਂ ਦੇ ਗੁਭ ਗੁਭਾੜ ਕਢਦੀਆਂ ਹਨ। ਤੀਆਂ ਦੇ ਗਿੱਧੇ ਵਿੱਚ ਕੁੜੀਆਂ ਜਿੱਥੇ ਆਪਣੇ ਪੇਕੇ ਪਰਿਵਾਰ ਦੇ ਜੀਆਂ ਦੀ ਸੁਖ ਸੁਖਦੀਆਂ ਹੋਈਆਂ ਆਪਣੇ ਬਾਬਲ, ਮਾਂ ਤੇ ਵੀਰੇ ਨੂੰ ਯਾਦ ਕਰਦੀਆਂ ਹਨ ਉਥੇ ਉਹ ਆਪਣੇ ਸੱਸ-ਸਹੁਰੇ, ਜੇਠ-ਜਠਾਣੀ, ਨਣਦ, ਦਿਉਰ ਅਤੇ ਦਿਲ ਦੇ ਮਹਿਰਮ ਬਾਰੇ ਅਨੇਕਾਂ ਗੀਤ ਗਾ ਕੇ ਆਪਣੇ ਮਨ ਦੀ ਭੜਾਸ ਕਢਦੀਆਂ ਹਨ।

ਤ੍ਰਿੰਜਣ ਪੰਜਾਬੀ ਸਭਿਆਚਾਰ ਦਾ ਵਿਸ਼ੇਸ਼ ਭਾਗ ਰਿਹਾ ਹੈ। ਸਿਆਲ ਦੀਆਂ ਲੰਬੀਆਂ ਰਾਤਾਂ ਨੂੰ ਗਲੀ-ਗੁਆਂਢ ਦੀਆਂ ਕੁੜੀਆਂ ਨੇ ਕੱਠੀਆਂ ਹੋ ਕੇ ਛੋਪ ਕਤਣੇ। ਸਾਰੀ ਸਾਰੀ ਰਾਤ ਚਰਖੇ ਦੀ ਘੂਕਰ ਨਾਲ਼ ਲੰਮੀਆਂ ਹੇਕਾਂ ਵਾਲ਼ੇ ਗੀਤ ਗਾਉਣੇ। ਤ੍ਰਿੰਜਣ ਦੇ ਗੀਤਾਂ ਵਿੱਚ ਲਾਮ ਤੇ ਗਏ ਮਾਹੀ ਦਾ ਵਿਛੋੜਾ, ਸੱਸ-ਨਣਦ ਤੇ ਜਠਾਣੀ ਦੇ ਰੜਕਵੇਂ ਬੋਲਾਂ ਦਾ ਵਰਨਣ, ਵੀਰ ਦਾ ਪਿਆਰ ਅਤੇ ਦਿਲ ਦੇ ਮਹਿਰਮ ਦਾ ਜ਼ਿਕਰ ਵਧੇਰੇ ਹੁੰਦਾ ਸੀ। ਕਿਸੇ ਵਿਰਹੋਂ ਕੁਠੀ ਨੇ ਪੁੰਨੂੰ ਦੀ ਕਹਾਣੀ ਛੁਹ ਦੇਣੀ, ਕਿਸੇ ਜੋਗੀ ਬਣੇ ਰਾਂਝੇ ਦਾ ਗੀਤ ਦਰਦੀਲੇ ਬੋਲਾਂ ਨਾਲ਼ ਗਾਉਣਾ। ਤ੍ਰਿੰਜਣ ਦਾ ਇਕ ਗੀਤ ਹੈ : -

ਪੀਹ ਪੀਹ ਵੇ ਮੈਂ ਭਰਦੀ ਪਰਾਤਾਂ
ਆਪਣੀਆਂ ਮਾਵਾਂ ਬਾਝੋਂ

ਵੇ ਕੋਈ ਪੁੱਛਦਾ ਨਾ ਬਾਤਾਂ
ਅੱਖੀਆਂ ਜਲ ਭਰ ਆਈਆਂ ਨੀ ਮਾਏਂ
ਅੱਖੀਆਂ ਡੁੱਲ੍ਹ, ਡੁੱਲ੍ਹ ਪੈਂਦੀਆਂ ਨੀ ਮਾਏਂ
ਇਕ ਰਾਤ ਵੇ ਹਨੇਰੀ
ਦੂਜਾ ਦੇਸ ਵੇ ਪਰਾਇਆ

ਪੀਹ ਪੀਹ ਵੇ ਮੈਂ ਭਰਦੀ ਭੜੋਲੇ
ਆਪਣਿਆਂ ਵੀਰਾਂ ਬਾਝੋਂ
ਕੋਈ ਮੁੱਖੋਂ ਨਾ ਬੋਲੇ
ਅੱਖੀਆਂ ਜਲ ਭਰ ਆਈਆਂ ਨੀ ਮਾਏਂ
ਅੱਖੀਆਂ ਡੁੱਲ੍ਹ ਡੁੱਲ੍ਹ ਪੈਂਦੀਆਂ ਨੀ ਮਾਏਂ

ਸੁਣ ਊਠਾਂ ਵਾਲਿਓ ਵੇ
ਕੀ ਲਦਲੇ ਸੀ ਰੜਕੇ
ਉਹ ਦਿਨ ਭੁੱਲ ਗਏ ਵੇ
ਜਦੋਂ ਉੱਠ ਗਏ ਸੀ ਤੜਕੇ
ਅੱਖੀਆਂ ਜਲ ਭਰ ਆਈਆਂ ਨੀ ਮਾਏਂ
ਅੱਖੀਆਂ ਡੁੱਲ੍ਹ ਡੁੱਲ੍ਹ ਪੈਂਦੀਆਂ ਨੀ ਮਾਏਂ

ਸੁਣ ਊਠਾਂ ਵਾਲਿਓ ਵੇ
ਕੀ ਲੱਦ ਲਈਆਂ ਸੀ ਬਾਹੀਆਂ
ਜੇ ਤੈਂ ਨੌਕਰ ਸੀ ਜਾਣਾ
ਅਸੀਂ ਕਾਹਨੂੰ ਸੀ ਵਿਆਹੀਆਂ
ਅੱਖੀਆਂ ਜਲ ਭਰ ਆਈਆਂ ਨੀ ਮਾਏਂ
ਅੱਖੀਆਂ ਡੁੱਲ੍ਹ ਡੁੱਲ੍ਹ ਪੈਂਦੀਆਂ ਨੀ ਮਾਏਂ

ਸਮਾਜਿਕ ਰਿਸ਼ਤਿਆਂ ਤੋਂ ਬਿਨਾਂ ਦੇਸ਼ ਭਗਤਾਂ, ਗੁਰੂਆਂ ਅਤੇ ਪੀਰਾਂ ਫ਼ਕੀਰਾਂ ਦਾ ਜ਼ਿਕਰ ਵੀ ਲੋਕ ਗੀਤਾਂ ਵਿੱਚ ਆਉਂਦਾ ਹੈ। ਪੰਜਾਬ ਦੀਆਂ ਪ੍ਰੀਤ ਕਹਾਣੀਆਂ ਹੀਰ ਰਾਂਝਾ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ, ਰੋਡਾ ਜਲਾਲੀ, ਇੰਦਰ ਬੇਗੋ, ਸੋਹਣਾ ਜ਼ੈਨੀ ਅਤੇ ਕਾਕਾ ਪ੍ਰਤਾਪੀ ਦੀ ਦਿਲ ਹੂਲਵੀਂ ਮੁਹੱਬਤ ਨੂੰ ਪੰਜਾਬੀ ਮੁਟਿਆਰਾਂ ਨੇ ਬੜੀਆਂ ਲਟਕਾਂ ਨਾਲ਼ ਗਾਂਵਿਆ ਹੈ।

ਪੰਜਾਬੀ ਲੋਕ ਗੀਤ ਕਈ ਰੂਪਾਂ ਵਿੱਚ ਮਿਲਦੇ ਹਨ। ਲੋਰੀਆਂ, ਇਕ

ਲੜੀਆਂ ਬੋਲੀਆਂ, ਲੰਬੀਆਂ ਬੋਲੀਆਂ, ਘੋੜੀਆਂ, ਵੈਣ, ਸੁਹਾਗ, ਹੇਰੇ, ਸਿਠਣੀਆਂ, ਦੋਹੇ ਅਤੇ ਕਲੀਆਂ ਪੰਜਾਬੀ ਲੋਕ ਗੀਤਾਂ ਦੇ ਵਿਭਿੰਨ ਰੂਪ ਹਨ।

ਗਿੱਧਾ ਪੰਜਾਬੀਆਂ ਦਾ ਹਰਮਨ ਪਿਆਰਾ ਲੋਕ ਨਾਚ ਹੈ ਜਿਸ ਵਿੱਚ ਅਨੇਕ ਪ੍ਰਕਾਰ ਦੀਆਂ ਇਕ ਲੜੀਆਂ ਤੇ ਲੰਬੀਆਂ ਬੋਲੀਆਂ ਪਾਕੇ ਨੱਚਿਆ ਜਾਂਦਾ ਹੈ। ਇਕ ਲੜੀਆਂ ਬੋਲੀਆਂ ਦੇ ਨਮੂਨੇ ਹਾਜ਼ਰ ਹਨ : -

ਵੀਰਾ ਵੇ ਬੁਲਾ ਸੋਹਣਿਆਂ
ਤੈਨੂੰ ਵੇਖ ਕੇ ਭੁੱਖੀ ਰੱਜ ਜਾਵਾਂ

ਵੀਰ ਮੇਰਾ ਪੱਟ ਦਾ ਲੱਛਾ
ਭਾਬੋ ਸੋਨੇ ਦੀ ਝੂਲਦੀ ਆਵੇ

ਮੇਰਾ ਵੀਰ ਨੀ ਜਮਾਈ ਠਾਣੇਦਾਰ ਦਾ
ਸੰਮਾਂ ਵਾਲੀ ਡਾਂਗ ਰੱਖਦਾ

ਵੇ ਮੈਂ ਤੇਰੀਆਂ ਮਲਾਹਜੇਦਾਰਾ
ਜੁੱਤੀ ਉੱਤੋਂ ਜਗ ਵਾਰਿਆ

ਰੂਪ ਕੁਆਰੀ ਦਾ
ਦਿਨ ਚੜ੍ਹਦੇ ਦੀ ਲਾਲੀ

ਮੇਰੀ ਸੱਸ ਦੇ ਸਤਾਰਾਂ ਕੁੜੀਆਂ
ਮੱਥਾ ਟੇਕਦੀ ਨੂੰ ਬਾਰਾਂ ਵਜ ਜਾਂਦੇ

ਡੱਬਾ ਕੁੱਤਾ ਮਿੱਤਰਾਂ ਦਾ
ਥਾਣੇਦਾਰ ਦੀ ਕੁੜੀ ਨੂੰ ਚੱਕ ਲਿਆਵੇ

ਬਾਪੂ ਤੇਰੇ ਮੰਦਰਾਂ 'ਚੋਂ
ਸਾਨੂੰ ਮੁਸ਼ਕ ਚੰਨਣ ਦਾ ਆਵੇ

ਗਿੱਧੇ ਦੀ ਇਕ ਲੰਬੀ ਬੋਲੀ ਪੇਸ਼ ਹੈ: -

ਸੁਣ ਨੀ ਕੁੜੀਏ ਮਛਲੀ ਵਾਲੀਏ
ਤੇਰੀ ਭੈਣ ਦਾ ਸਾਕ ਲਿਆਵਾਂ

ਤੈਨੂੰ ਬਣਾਵਾਂ ਸਾਲੀ
ਫੇਰ ਆਪਾਂ ਚੜ੍ਹ ਚੱਲੀਏ
ਮੇਰੀ ਬੋਤੀ ਝਾਂਜਰਾਂ ਵਾਲੀ
ਬੋਤੀ ਮੇਰੀ ਐਂ ਚਲਦੀ
ਜਿਵੇਂ ਚਲਦੀ ਡਾਕ ਸਵਾਰੀ
ਬੋਤੀ ਨੇ ਛਾਲ ਚੱਕਲੀ
ਜੁੱਤੀ ਡਿਗ ਪਈ ਸਤਾਰਿਆਂ ਵਾਲੀ
ਡਿਗਦੀ ਨੂੰ ਡਿਗ ਪੈਣ ਦੇ
ਪਿੰਡ ਚਲਕੇ ਸਮਾਦੂੰ ਚਾਲੀ
ਲਹਿੰਗੇ ਤੇਰੇ ਨੂੰ -
ਲੌਣ ਲਵਾਦੂੰ ਕਾਲੀ।

ਪੰਜਾਬੀਆਂ ਦਾ ਮੁੱਖ ਧੰਦਾ ਖੇਤੀਬਾੜੀ ਰਿਹਾ ਹੈ। ਤੜੰਕਸਾਰ ਔਰਤਾਂ ਨੇ ਚੱਕੀਆਂ ਝੋ ਦੇਣੀਆਂ, ਕੋਈ ਦੁਧ ਰਿੜਕਣ ਲਗ ਜਾਂਦੀ, ਮਰਦ ਤਾਰਿਆਂ ਦੀ ਛਾਵੇਂ ਹਲ ਜੋੜਕੇ ਤੁਰ ਜਾਂਦੇ, ਕਿਧਰੇ ਹਲਟ ਚਲਦੇ। ਬਲਦਾਂ ਅਤੇ ਬੋਤਿਆਂ ਦੀਆਂ ਘੁੰਗਰਾਲਾਂ ਦੀ ਛਣਕਾਰ ਨਾਲ਼ ਇਕ ਅਨੂਠਾ ਰਾਗ ਉਤਪੰਨ ਹੋ ਜਾਂਦਾ। ਘੁੰਗਰੂਆਂ, ਟੱਲੀਆਂ ਅਤੇ ਹਲਟ ਦੇ ਕੁੱਤੇ ਦੀ ਟਕ ਟਕ ਨਾਲ਼ ਤਾਲ ਦੇਂਦੇ ਹਾਲੀ ਅਤੇ ਨਾਕੀ ਵਜਦ ਵਿੱਚ ਆਕੇ ਦੋਹੇ ਤੇ ਕਲੀਆਂ ਲਾਉਣ ਲਗ ਜਾਂਦੇ। ਸ਼ਾਂਤ ਵਾਤਾਵਰਣ ਵਿੱਚ ਬ੍ਰਿਹਾ ਦੀਆਂ ਕੂਹਲਾਂ ਵਹਿ ਟੁਰਦੀਆਂ:-

ਸੁਪਨਿਆਂ ਤੈਨੂੰ ਕਤਲ ਕਰਾਵਾਂ
ਮੇਰਾ ਝੋਰੇ ਪਾ ਲਿਆ ਚਿਤ
ਰਾਤੀਂ ਸੁੱਤੇ ਦੋ ਜਣੇ
ਦਿਨ ਚੜ੍ਹਦੇ ਨੂੰ ਇਕ

ਨੈਣ ਲਲਾਰੀ ਨੈਣ ਕਸੁੰਭਾ
ਨੈਣ ਨੈਣਾਂ ਨੂੰ ਰੰਗਦੇ
ਨੈਣ ਨੈਣਾਂ ਦੀ ਕਰਨ ਮਜੂਰੀ
ਮਿਹਨਤ ਮੂਲ ਨਾ ਮੰਗਦੇ

ਕਿਸੇ ਨੇ ਕੰਨਾਂ ਤੇ ਹੱਥ ਰਖਕੇ ਲੰਬੀ ਹੇਕ ਵਿੱਚ ਕਲੀ ਲਾਉਣੀ :

ਆਖੇਂ ਗਲ ਤਾਂ ਹੀਰੇ ਕਹਿਕੇ ਸੁਣਾ ਦਿਆਂ ਨੀ
ਦੇ ਕੇ ਤੈਨੂੰ ਨਢੀਦੇ ਸੋਹਣੇ ਨੀ ਹਵਾਲੇ
ਇੰਦਰ-ਖਾੜੇ ਦੇ ਵਿੱਚ ਪਰੀਆਂ ਸਭ ਤੋਂ ਚੰਗੀਆਂ ਨੀ
ਗਾਵਨ ਜਿਹੜੀਆਂ ਮਿੱਠੇ ਰਾਗ ਜੋ ਸੁਰਤਾਲੇ
ਮੋਹ ਲਿਆ ਪਰੀਏ ਮੈਨੂੰ ਤੇਰਿਆਂ ਨੀ ਨੈਣਾਂ ਨੇ
ਮੈਂ ਕੀ ਜਾਣਾਂ ਇਹਨਾਂ ਅੱਖੀਆਂ ਦੇ ਚਾਲੇ
ਜਾਲ ਫੈਲਾਇਆ ਹੀਰੇ ਤੇਰੀਆਂ ਅੱਖੀਆਂ ਨੇ
ਉਡਦੇ ਜਾਂਦੇ ਪੰਛੀ ਜਿਨ੍ਹਾਂ ਨੇ ਫਸਾਲੇ
ਬਲਣ ਮਸਾਲਾਂ ਵਾਂਗੂੰ ਅੱਖੀਆਂ ਹੀਰੇ ਤੇਰੀਆਂ
ਆਸ਼ਕ ਘੇਰ ਤੈਂ ਭਮੱਕੜ ਵਿੱਚ ਮਚਾਲੇ
ਮੁਖੜਾ ਹੀਰੇ ਤੇਰਾ ਸੁਹਣਾ ਫੁੱਲ ਗੁਲਾਬ ਨੀ
ਆਸ਼ਕ ਭੌਰ ਜੀਹਦੇ ਫਿਰਦੇ ਨੀ ਉਦਾਲੇ
ਸੇਹਲੀ ਤੇਰੀ ਨੱਢੀਏ ਵਾਂਗ ਨੀ ਕਮਾਣ ਦੇ
ਅੱਖੀਆਂ ਤੇਰੀਆਂ ਨੇ ਤੀਰ ਨਸ਼ਾਨੇ ਲਾ ਲੇ
ਵਿੰਨ੍ਹਿਆਂ ਕਾਲਜਾ ਨਾ ਹਿੱਲਿਆ ਜਾਵੇ ਰਾਂਝੇ ਤੋਂ
ਇਕ ਜਿੰਦ ਕਰਤੀ ਮੈਂ ਤਾਂ ਤੇਰੇ ਨੀ ਹਵਾਲੇ

ਹੇਰੇ, ਸਿਠਣੀਆਂ, ਸੁਹਾਗ ਅਤੇ ਘੋੜੀਆਂ ਮੰਗਣੇ ਅਤੇ ਵਿਆਹ ਦੀਆਂ ਰਸਮਾਂ ਨਾਲ਼ ਸੰਬੰਧ ਰਖਦੇ ਗੀਤ ਹਨ। ਮੁੰਡੇ ਦੇ ਘਰ ਘੋੜੀਆਂ ਗਾਈਆਂ ਜਾਂਦੀਆਂ ਹਨ ਤੇ ਕੁੜੀ ਵਾਲੇ ਘਰ ਸੁਹਾਗ ਗਾਉਣ ਦੀ ਪਰੰਪਰਾ ਹੈ। ਇਹ ਦੋਨੋ ਸ਼ਗਨਾਂ ਦੇ ਗੀਤ ਹਨ।

ਵਿਆਹ ਦੇ ਮੌਕੇ ਤੇ ਨਾਨਕਿਆਂ ਦਾਦਕਿਆਂ ਵਲੋਂ ਇਕ ਦੂਜੇ ਨੂੰ ਦਿੱਤੀਆਂ ਸਿਠਣੀਆਂ ਅਤੇ ਜੰਜ ਦਾ ਹੇਰਿਆਂ ਸਿਠਣੀਆਂ ਨਾਲ਼ ਸੁਆਗਤ ਦੋਹਾਂ ਧਿਰਾਂ ਲਈ ਖ਼ੁਸ਼ੀ ਪਰਦਾਨ ਕਰਦਾ ਹੈ।

ਹੇਰਿਆਂ ਦੀ ਵੰਨਗੀ ਹਾਜ਼ਰ ਹੈ : -

ਚਾਦਰ ਵੇ ਕੁੜਮਾਂ ਮੇਰੀ ਪੰਜ ਗਜ਼ੀ
ਵਿੱਚ ਗੁਲਾਬੀ ਫੁੱਲ
ਜਦ ਮੈਂ ਨਿਕਲੀ ਪਹਿਨਕੇ
ਤੇਰੀ ਸਾਰੀ ਜਨੇਤ ਦਾ ਮੁੱਲ

ਚੁਟਕੀ ਵੇ ਮਾਰਾਂ ਰਾਖ ਦੀ

ਤੈਨੂੰ ਖੋਤਾ ਲਵਾਂ ਬਣਾ
ਨੌ ਮਣ ਛੋਲੇ ਲਦਕੇ
ਤੈਨੂੰ ਪਾਵਾਂ ਸ਼ਹਿਰ ਦੇ ਰਾਹ

ਮੇਰੀ ਵੇ ਖੋਗੀ ਜੀਜਾ ਆਰਸੀ
ਤੇਰੀ ਖੋਗੀ ਮਾਂ
ਆਪਾਂ ਦੋਨੋਂ ਟੋਲੀਏ
ਤੂੰ ਕਰ ਛਤਰੀ ਦੀ ਛਾਂ

ਸਿਠਣੀ ਦਾ ਇਕ ਨਮੂਨਾ ਪੇਸ਼ ਹੈ : -

ਲਾੜਿਆ ਪਗ ਟੇਢੀ ਨਾ ਬਨ੍ਹ ਵੇ
ਸਾਨੂੰ ਹੀਣਤ ਆਵੇ
ਤੇਰੀ ਬੇਬੇ ਵੇ ਉਧਲੀ
ਸਾਡੇ ਮਹਿਲਾਂ ਨੂੰ ਆਵੇ
ਤੇਰੀ ਬੇਬੇ ਵੇ ਬਦਣੀ
ਬੈਠੀ ਜੋਕਾਂ ਵੇ ਲਾਵੇ
ਇਕ ਜੋਕ ਗਵਾਚੀ
ਬੈਠੀ ਝਗੜਾ ਪਾਵੇ
ਇਕ ਪੈਸਾ ਨੀ ਲੈ ਲੈ
ਝਗੜਾ ਛਡ ਬਦਕਾਰੇ
ਪੈਸਾ ਨਹੀਂਉਂ ਲੈਣਾ
ਝਗੜਾ ਜਾਊ ਸਰਕਾਰੇ
ਸਾਡਾ ਚਾਚਾ ਛੈਲ
ਝਗੜਾ ਜਿਤ ਘਰ ਆਵੇ

ਸੈਂਕੜਿਆਂ ਦੀ ਗਿਣਤੀ ਵਿੱਚ ਹੇਰੇ ਅਤੇ ਸਿਠਣੀਆਂ ਮਿਲਦੀਆਂ ਹਨ ਪਰੰਤੂ ਅਜੇ ਤੀਕਰ ਇਹਨਾਂ ਦਾ ਕੋਈ ਸੰਗ੍ਰਹਿ ਪ੍ਰਕਾਸ਼ਿਤ ਨਹੀਂ ਹੋਇਆ।

ਸਾਰੇ ਸੰਸਾਰ ਦੀਆਂ ਬੋਲੀਆਂ ਵਾਂਗ ਪੰਜਾਬੀ ਲੋਕ ਗੀਤ ਵੀ ਮੌਖਕ ਰੂਪ ਵਿੱਚ ਹੀ ਪ੍ਰਚੱਲਤ ਹਨ ਇਹਨਾਂ ਨੂੰ ਪੁਸਤਕ ਰੂਪ ਵਿੱਚ ਸਾਂਭਣ ਦਾ ਯਤਨ ਸਭ ਤੋਂ ਪਹਿਲਾਂ ਸੰਤ ਰਾਮ ਨੇ 1927 ਵਿੱਚ 'ਪੰਜਾਬੀ ਗੀਤ' ਨਾਮੀ ਸੰਗ੍ਰਹਿ ਦੇਵਨਾਗਰੀ ਲਿਪੀ ਵਿੱਚ ਛਾਪ ਕੇ ਕੀਤਾ। 1931 ਵਿੱਚ ਪੰਡਤ ਰਾਮ ਸਰਨ ਦਾ ਸੰਗ੍ਰਹਿ

'ਪੰਜਾਬ ਦੇ ਗੀਤ' ਫਾਰਸੀ ਲਿਪੀ ਵਿੱਚ ਪ੍ਰਕਾਸ਼ਿਤ ਹੋਇਆ। ਦੇਵਿੰਦਰ ਸੱਤਿਆਰਥੀ ਨੇ 1936 ਵਿੱਚ ਗਿੱਧੇ ਦੀਆਂ ਬੋਲੀਆਂ ਦਾ ਇੱਕ ਸੰਗ੍ਰਹਿ 'ਗਿੱਧਾ' ਪ੍ਰਕਾਸ਼ਿਤ ਕੀਤਾ ਜਿਸ ਨਾਲ਼ ਪੰਜਾਬੀ ਲੋਕ ਗੀਤਾਂ ਵਲ ਵਿਦਵਨਾਂ ਦਾ ਧਿਆਨ ਖਿਚਿਆ ਗਿਆ। ਦੇਸ ਆਜ਼ਾਦ ਹੋਣ ਮਗਰੋਂ ਪੰਜਾਬ ਦੇ ਅਨੇਕਾਂ ਵਿਦਵਾਨਾਂ ਨੇ ਪੰਜਾਬ ਦੇ ਲੋਕ ਗੀਤ ਸੰਗ੍ਰਹਿ ਕਰਨ ਵੱਲ ਯਤਨ ਅਰੰਭੇ। ਹਰਭਜਨ ਸਿੰਘ ਦੀ 'ਪੰਜਾਬਣ ਦੇ ਗੀਤ', ਹਰਜੀਤ ਸਿੰਘ ਦੀ 'ਨੈਂ ਝਨਾ', ਕਰਤਾਰ ਸਿੰਘ ਸ਼ਮਸ਼ੇਰ ਦੀ 'ਜਿਉਂਦੀ ਦੁਨੀਆਂ' ਅਤੇ 'ਨੀਲੀ ਤੇ ਰਾਵੀ', ਅੰਮ੍ਰਿਤਾ ਪ੍ਰੀਤਮ ਦੀ 'ਪੰਜਾਬ ਦੀ ਆਵਾਜ਼' ਅਤੇ 'ਮੌਲੀ ਤੇ ਮਹਿੰਦੀ', ਅਵਤਾਰ ਸਿੰਘ ਦਲੇਰ ਦੀ 'ਪੰਜਾਬੀ ਲੋਕ ਗੀਤਾਂ ਦੀ ਬਣਤਰ ਤੇ ਵਿਕਾਸ'; ਸ਼ੇਰ ਸਿੰਘ ਸ਼ੇਰ ਦੀ 'ਬਾਰ ਦੇ ਢੋਲੇ', ਮਹਿੰਦਰ ਸਿੰਘ ਰੰਧਾਵਾ ਦੀ 'ਪੰਜਾਬ ਦੇ ਲੋਕ ਗੀਤ', ਸਤਿਆਰਥੀ ਅਤੇ ਰੰਧਾਵਾ ਦੀ 'ਪੰਜਾਬੀ ਲੋਕ ਗੀਤ', ਸੁਖਦੇਵ ਮਾਦਪੁਰੀ ਦੀ 'ਗਾਉਂਦਾ ਪੰਜਾਬ' ਅਤੇ 'ਫੁੱਲਾਂ ਭਰੀ ਚੰਗੇਰ', ਡਾ. ਨਾਹਰ ਸਿੰਘ ਦੀ 'ਕਾਲਿਆਂ ਹਰਨਾਂ ਰੋਹੀਏ ਫਿਰਨਾ' ਅਤੇ ਡਾ. ਕਰਮਜੀਤ ਸਿੰਘ ਦੀ 'ਲੋਕ ਗੀਤਾਂ ਦੀ ਪੈੜ' ਆਦਿ ਪੁਸਤਕਾਂ ਪੰਜਾਬੀ ਲੋਕ ਗੀਤਾਂ ਦੇ ਚਰਚਿਤ ਸੰਗ੍ਰਹਿ ਹਨ।

ਪੰਜਾਬੀ ਲੋਕ ਸਾਹਿਤ ਦੇ ਮਹੱਤਵ ਨੂੰ ਮੁੱਖ ਰੱਖਦੇ ਹੋਏ ਪੰਜਾਬ ਅਤੇ ਪੰਜਾਬ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਵਿੱਚ ਲੋਕ ਸਾਹਿਤ ਤੇ ਖੋਜ ਕਾਰਜ ਆਰੰਭੇ ਗਏ ਹਨ। ਅਜੇ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਅਜਿਹੇ ਲੋਕ ਗੀਤ ਪਏ ਹਨ ਜਿਨ੍ਹਾਂ ਨੂੰ ਪੁਸਤਕ ਰੂਪ ਵਿੱਚ ਸਾਂਭਿਆ ਨਹੀਂ ਗਿਆ। ਇਹਨਾਂ ਨੂੰ ਸਮੇਂ ਦੀ ਧੂੜ ਤੋਂ ਬਚਾਉਣ ਦੀ ਲੋੜ ਹੈ। ਇਹ ਲੋਕ ਗੀਤ ਪੰਜਾਬੀ ਕੌਮ ਤੇ ਸਭਿਆਚਾਰ ਦਾ ਵੱਡਮੁੱਲਾ ਸਰਮਾਇਆ ਹਨ।

ਇਸ ਪੁਸਤਕ ਵਿੱਚ ਪੌਣੇ ਪੰਜ ਸੌ ਦੇ ਕਰੀਬ ਲੋਕ ਗੀਤ ਸ਼ਾਮਲ ਕੀਤੇ ਗਏ ਹਨ ਜਿਹੜੇ ਕਿ ਮੈਂ ਖੇਤਰ ਵਿੱਚੋਂ ਪ੍ਰਾਪਤ ਕੀਤੇ ਹਨ। ਮੈਂ ਰਿਣੀ ਹਾਂ ਉਹਨਾਂ ਅਣਗਿਣਤ ਮਾਤਾਵਾਂ ਤੇ ਭੈਣਾਂ ਦਾ ਜਿਨ੍ਹਾਂ ਨੇ ਲੋਕ ਗੀਤ ਇਕੱਠੇ ਕਰਨ ਵਿੱਚ ਮੇਰੀ ਸਹਾਇਤਾ ਕੀਤੀ ਹੈ! ਡਾ. ਗੁਰਇਕਬਾਲ ਸਿੰਘ, ਸ਼ਾਹ ਚਮਨ ਅਤੇ ਸਤੀਸ਼ ਗੁਲਾਟੀ ਦਾ ਵੀ ਮੈਂ ਦਿਲੀ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਦੇ ਭਰਪੂਰ ਸਹਿਯੋਗ ਸਦਕਾ ਇਹ ਪੁਸਤਕ ਪਾਠਕਾਂ ਦੇ ਰੂ ਬ ਰੂ ਕਰ ਸਕਿਆ ਹਾਂ!

**ਸੁਖਦੇਵ ਮਾਦਪੁਰੀ**

ਸਮਾਧੀ ਰੋਡ, ਖੰਨਾ-141401
ਫ਼ੋਨ: 01628-224704
ਮਾਰਚ 12, 2003

# ਬਾਪੂ ਵੇ ਬਦਾਮੀ ਰੰਗਿਆ

ਧੀ ਦੇ ਜਨਮ ਤੋਂ ਹੀ ਮਾਂ ਅਤੇ ਧੀ ਦਾ ਪਿਆਰ ਸ਼ੁਰੂ ਹੋ ਜਾਂਦਾ ਹੈ। ਮਾਂ ਦੀਆਂ ਮਿੱਠੀਆਂ ਮਿੱਠੀਆਂ ਲੋਰੀਆਂ ਧੀ ਨੂੰ ਬਚਪਨ ਵਲ ਉਲਾਰਦੀਆਂ ਹਨ। ਧੀ ਹੌਲੇ ਹੌਲੇ ਬੇਧਿਆਨੇ ਹੀ ਬਚਪਨ ਵਿੱਚ ਪ੍ਰਵੇਸ਼ ਕਰ ਜਾਂਦੀ ਹੈ। ਪਹਿਲੇ ਸਮਿਆਂ ਵਿੱਚ ਧੀ ਦੀ ਜੀਵਨ ਉਸਾਰੀ ਵਲ ਕੋਈ ਵਿਸ਼ੇਸ਼ ਧਿਆਨ ਨਹੀਂ ਸੀ ਦਿੱਤਾ ਜਾਂਦਾ। ਉਹਨਾਂ ਨੂੰ ਬਚਪਨ ਵਿੱਚ ਬਾਪੂ ਲਈ ਭੱਤਾ ਹੀ ਢੋਣਾ ਪੈਂਦਾ ਸੀ: -

ਏਧਰ ਕਣਕਾਂ ਓਧਰ ਕਣਕਾਂ
ਗੱਭੇ ਕਿਆਰੀ ਬਾਬੂ ਦੀ।
ਘਰ ਆ ਬੰਤੋ
ਰੋਟੀ ਲੈ ਜਾ ਬਾਪੂ ਦੀ।

ਰੁੱਖੀਆਂ ਮਿੱਸੀਆਂ ਖਾਂਦੀ ਅਤੇ ਭੱਤਾ ਢੋਂਦੀ ਧੀ ਨੂੰ ਮੁਟਿਆਰ ਹੁੰਦੀ ਤਕ ਬਾਪੂ ਨੂੰ ਫ਼ਿਕਰ ਲਗ ਜਾਂਦਾ ਹੈ। ਵਰ ਦੀ ਭਾਲ ਸ਼ੁਰੂ ਹੋ ਜਾਂਦੀ ਹੈ। ਪੰਜਾਬ ਦੇ ਖੁਲ੍ਹੇ ਡੁਲ੍ਹੇ ਸੁਭਾਵਾਂ ਵਾਲੀ ਧੀ ਆਪਣੀ ਮਨਪਸੰਦ ਆਪਣੇ ਬਾਪ ਅਗੇ ਦਸਣੋਂ ਸੰਗਦੀ ਨਹੀਂ : -

ਉੱਚੀਆਂ ਕੰਧਾਂ ਨੀਵੇਂ ਆਲੇ
ਵਿਆਹ ਦੇ ਬਾਪੂ ਪੱਕੇ ਮੰਦਰੀਂ
ਸਾਨੂੰ ਲਿਪਣੇ ਨਾ ਪੈਣ ਬਨੇਰੇ।
ਉੱਚੀਆਂ ਕੰਧਾਂ ਨੀਵੇਂ ਆਲੇ
ਵਿਆਹ ਦੇ ਬਾਪੂ ਕੱਛ ਵਾਲੇ ਨੂੰ
ਸਾਨੂੰ ਮੰਨਣੇ ਨਾ ਪੈਣ ਜਠੇਰੇ।

ਵਰ ਗੋਰਾ ਵੀ ਹੋਵੇ:-

ਵਰ ਟੋਲਣ ਚੱਲਿਆ ਪਿਓ ਮੇਰਿਆ

ਰਾਜੇ ਬਨਸੀਆ ਵੇ
ਪੱਲੇ ਬੰਨ੍ਹ ਲੈਂ ਬਾਬਲਾ ਦੰਮ ਵੇ
ਚੌਪੜ ਖੇਲਦੇ ਦੋ ਜਣੇ
ਪਿਓ ਮੇਰਿਆ ਰਾਜੇ ਬੰਸੀਆ ਵੇ
ਇਕੋ ਜੇਹੀੜੇ ਛੈਂਲ ਵੇ
ਇਕ ਦੇ ਹੱਥ ਬੰਸਰੀ
ਦੂਜੇ ਹੱਥ ਮੋਰ ਵੇ
ਬੱਜਣ ਲੱਗੀ ਬੰਸਰੀ
ਕੂਕਣ ਲੱਗੇ ਮੋਰ ਵੇ
ਗੋਰਾ ਗੋਰਾ ਮੈਂ ਵਰਾਂ
ਕਾਲੇ ਜੇਹੀੜੇ ਕੋਈ ਹੋਰ ਵੇ

ਵਰ ਲੱਭ ਗਿਆ। ਨਚਦਿਆਂ ਟਪਦਿਆਂ ਬੀਬੀ ਰਾਣੀ ਦਾ ਵਿਆਹ ਹੋ ਜਾਂਦਾ ਹੈ.। ਸੂਹੇ ਸਾਲੂ ਵਿੱਚ ਵਲ੍ਹੇਟੀ ਡੋਲੇ ਪਾ ਦਿੱਤੀ ਜਾਂਦੀ ਹੈ। ਬਾਬਲ ਦਾ ਘਰ ਛੱਡਣ ਨੂੰ ਜੀ ਨਹੀਂ ਕਰਦਾ। ਵਿਚਾਰੀ ਕੂਕਦੀ ਹੈ: -

ਲੈ ਚੱਲੇ ਬਾਬਲਾ ਲੈਂ ਚੱਲੇ ਵੇ
ਲੈ ਚੱਲੇ ਦੇਸ ਪਰਾਏ
ਬਾਬਲਾ ਤੇਰੀ ਲਾਡਲੀ ਵੇ
ਆਲੇ ਛੋਡੀਆਂ ਗੁੱਡੀਆਂ
ਮੇਰਾ ਤ੍ਰਿੰਜਣ ਛੋਡਿਆ ਛੋਪ
ਬਾਬਲਾ ਤੇਰੀ ਲਾਡਲੀ ਵੇ

ਬਾਬਲ ਨੂੰ ਇਕੋ ਇਕ ਰਾਤ ਰੱਖਣ ਲਈ ਤਰਲੇ ਕਰਦੀ ਹੈ। ਪਰ ਬਾਬਲ ਵੀ ਮਜ਼ਬੂਰ ਹੈ: -

ਬਾਬਲਾ ਵਿਦਾ ਕਰੇਂਦਿਆ
ਮੈਨੂੰ ਰੱਖ ਲੈਂ ਅੱਜ ਦੀ ਰਾਤ ਵੇ।
ਮੈਂ ਕਿੱਕਣ ਰੱਖਾਂ ਧੀਏ ਮੇਰੀਏ
ਮੈਂ ਸਜਨ ਸਦਾ ਲਏ ਆਪ ਨੀ।

ਬਾਬਲ ਨੇ ਰੋਂਦੀ ਧੋਂਦੀ ਧੀ ਤੋਰ ਦਿੱਤੀ। ਧੀ ਕੋਲੋਂ ਬਾਬਲ ਦੇ ਘਰ ਕੋਈ ਇਹੋ ਜਹੀ ਗ਼ਲਤੀ ਨਹੀਂ ਹੋਈ ਜੀਹਦੇ ਨਾਲ਼ ਉਹਦੀ ਚਿੱਟੀ ਪੱਗ ਨੂੰ ਕੋਈ ਦਾਗ਼ ਲਗਿਆ ਹੋਵੇ। ਬਾਬਲ ਧੀ ਦੀ ਸੋਭਾ ਗਾਉਂਦਾ ਨਹੀਂ ਥਕਦਾ: -

ਜਿੱਦਣ ਬੀਬੀ ਤੂੰ ਜਨਮੀ
ਦਿਨ ਸੀ ਮੰਗਲਵਾਰ
ਮਾਪੀਂ ਸੋਭਾ ਪਾ ਗਈ

ਨੇਕੀ ਲੈ ਗਈ ਨਾਲ਼।

ਬਾਬਲ ਨੇ ਆਪਣੀ ਪਰਖ ਨਾਲ਼ ਚੰਗਾ ਵਰ ਲੱਭ ਦਿੱਤਾ। ਵਰ ਦੇ ਨੁਕਸਾਂ ਬਾਰੇ ਸਾਰੀ ਉਮਰ ਉਲ੍ਹਾਮੇ ਸਹਿਣ ਲਈ ਤਿਆਰ ਰਹਿਣ ਲਈ ਧੀ ਬਾਬਲ ਨੂੰ ਸੰਕੇਤ ਕਰ ਗਈ: -

ਜੇ ਬਾਬਲਾ ਤੈਂ ਰਤਨ ਟੋਲਿਆ
ਰਤਨ ਬੈਠਾ ਤੇਰੇ ਸਾਹਮਣੇ
ਜੇ ਰਤਨ ਵਿੱਚ ਵਿਗਾੜ ਹੋਵੇ
ਉਮਰ ਭਰ ਦੇਵਾਂਗੀ ਉਲਾਂਭੜੇ

ਕਈ ਮਾਪੇ ਪੈਸੇ ਲੈ ਕੇ ਧੀ ਨੂੰ ਕਿਸੇ ਅਨਜੋੜ ਨਾਲ਼ ਵਿਆਹ ਦਿੰਦੇ ਸਨ। ਇਹ ਮਾਪੇ ਜਾਂ ਤੇ ਗ਼ਰੀਬ ਹੁੰਦੇ ਸਨ ਜਾਂ ਉਸ ਤਰ੍ਹਾਂ ਵੇਲੀ ਹੁੰਦੇ ਸਨ। ਇਸ ਤਰ੍ਹਾਂ ਫਸੀ ਹੋਈ ਇਕ ਮਜ਼ਬੂਰ ਜਵਾਨੀ ਕੂਕਦੀ ਹੈ: -

ਸੋਲਾਂ ਵਰਸ ਦੀ ਹੋ ਗਈ ਜਦ ਮੈਂ
ਚੜ੍ਹੀ ਜਵਾਨੀ ਘੁੰਮ ਘੁਮਾਕੇ
ਬਾਬਲ ਮੇਰੇ ਸੋਚਾਂ ਹੋਈਆਂ
ਨਾਨਕਿਆਂ ਘਰ ਬੈਠਾ ਜਾਕੇ
ਦੋਵੇਂ ਲੋਭੀ ਹੋ ਗਏ ਇਕੱਠੇ
ਟੋਲਿਆ ਬੁੱਢੜਾ ਜਾਕੇ
ਇਕ ਦਲਾਲ ਤੇ ਦੂਜਾ ਮਾਲਕ
ਲੈ ਗਏ ਦੰਮ ਟੁਣਕਾਕੇ
ਬੁਢੜਾ ਤੋਤਾ ਲੋੜੇ ਮਰਨ ਨੂੰ
ਰੱਖੇ ਮੂੰਹ ਚਮਕਾਕੇ
ਬਾਬੇ ਮੇਰੇ ਦਾ ਹਾਣੀ ਜਾਪੇ
ਬੈਠਾ ਉਮਰ ਗੰਵਾ ਕੇ
ਬੁੱਢੜਾ ਤੇ ਇਕ ਅੱਖੋਂ ਕਾਣਾ
ਤੁਰਦਾ ਪੈਰ ਘਸਾਕੇ
ਡਰਨ, ਆਉਂਦਾ ਦੇਖ ਨਿਆਣੇ
ਨਸਦੇ ਜੁੱਤੀਆਂ ਚਾਕੇ
ਬੁੱਢੀਆਂ ਨਢੀਆਂ ਦੇਖ ਬੁੱਢੇ ਨੂੰ
ਪਰੇ ਹੋਣ ਸ਼ਰਮਾ ਕੇ
ਮਾਪਿਆਂ ਮੇਰਿਆਂ ਨੇ -
ਦੁਖੜੇ ਪਾ ਤੇ ਵਿਆਹ ਕੇ।

ਇਹੋ ਜਿਹੇ ਬਾਪੂ ਨੂੰ ਧੀਆਂ ਗਾਲਾਂ ਨਾ ਕੱਢਣ ਤਾਂ ਹੋਰ ਕੀ ਕਰਨ: -

ਦੰਮਾਂ ਦਾ ਲੋਭ ਤੱਕਿਆ
ਰਿੱਛ ਬੰਨ੍ਹਿਆਂ ਸਰਾਹਣੇ ਮੇਰੇ

ਕਿਸੇ ਚੰਦ ਵਾਂਗ ਚਮਕਦੀ ਤੂਤ ਦੀ ਛਿਟੀ ਨੂੰ ਕਾਲਾ ਜੀਵਨ ਸਾਥੀ ਮਿਲ ਜਾਂਦਾ ਹੈ। ਉਹ ਹੁਣ ਬਾਪੂ ਨੂੰ ਉਲ੍ਹਾਂਭੇ ਤੇ ਉਲ੍ਹਾਂਭਾ ਦਿੰਦੀ ਹੈ: -

ਬਾਪੂ ਵੇ ਬਦਾਮੀ ਰੰਗਿਆ
ਮੇਰੇ ਸ਼ਾਮ ਦਾ ਸੁਣੀਂਦਾ ਰੰਗ ਕਾਲਾ

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ
ਬਾਪੂ ਦੇ ਪਸੰਦ ਆ ਗਿਆ

ਬਾਪੂ ਵੇ ਮੈਂ ਤੂਤ ਦੀ ਛਿੱਟੀ
ਕਾਲੇ ਰੀਠੜੇ ਜਹੇ ਦੇ ਲੜ ਲਾਈ।

ਧੀਆਂ ਗੋਰੀਆਂ ਜਮਾਈ ਤੇਰੇ ਕਾਲ਼ੇ
ਬਾਪੂ ਵੇ ਬਦਾਮੀ ਰੰਗਿਆ।

ਬਾਪੂ ਆਪਣੀ ਕੀਤੀ ਹੋਈ ਚੋਣ ਨੂੰ ਸਹੀ ਸਮਝਦਾ ਹੈ। ਇਸੇ ਲਈ ਆਪਣੀ ਲਾਡਲੀ ਧੀ ਨੂੰ ਸਮਝਾਉਂਦਾ ਹੈ: -

ਦੇਖੀਂ ਧੀਏ ਨਿੰਦ ਨਾ ਦਈਂ
ਪੁੱਤ ਵੱਡਿਆਂ ਘਰਾਂ ਦੇ ਕਾਲ਼ੇ

ਸਾਥੋਂ ਹਾਏ ਨਿੰਦਿਆ ਨਾ ਜਾਏ
ਤੇਰੀ ਵੇ ਸਹੇੜ ਬਾਬਲਾ

ਸਰਦੇ ਪੁੱਜਦੇ ਘਰ ਦਾ ਜੇ ਕਾਲਾ ਸਾਥੀ ਹੀ ਮਿਲ ਗਿਆ ਤਾਂ ਕੀ ਹਰਜ ਹੋ ਗਿਆ। ਪਰ ਜੀਹਨੂੰ ਵਿਹਲਾ ਨਖੱਟੂ, ਕੱਖ ਦੂਹਰਾ ਨਾ ਕਰਨ ਵਾਲਾ ਅਤੇ ਮੂਰਖ ਟੱਕਰ ਜਾਵੇ ਉਹ ਵਿਚਾਰੀ ਕੀ ਕਰੇ:-

ਬਾਬਲਾ ਵਰ ਐਸਾ ਟੋਲਿਆ
ਟੱਟੂ ਤੇ ਮਣਖੱਟੂ ਵੇ
ਹੱਟੀਏਂ ਐਂ ਜਾ ਬਹਿੰਦਾ
ਜਿਉਂ ਭਾੜੇ ਦਾ ਟੱਟੂ ਵੇ
ਅਤੇ
ਲਾਲਾਂ ਦੀ ਮੈਂ ਲਾਲੜੀ
ਲਾਲ ਪੱਲੇ ਪਏ

ਮੂਰਖ ਦੇ ਲੜ ਲੱਗ ਗੀ
ਮੇਰੇ ਉਹ ਵੀ ਭੁਲ੍ਹ ਗਏ

ਕਈਆਂ ਨੂੰ ਚੰਗੇ ਪਤੀ ਮਿਲ ਜਾਂਦੇ ਹਨ। ਉਹ ਪਤੀਆਂ ਤੇ ਹੀ ਸੰਤੁਸ਼ਟ ਨਹੀਂ ਰਹਿੰਦੀਆਂ ਸਗੋਂ ਬਾਹਲੀ ਜ਼ਮੀਨ ਵਾਲੇ ਬਾਪੂ ਤੋਂ ਗਹਿਣੇ ਵੀ ਅਪਣੀ ਮਨ ਮਰਜ਼ੀ ਦੇ ਮੰਗਦੀਆਂ ਹਨ: -

ਤੇਰੀ ਕੱਸੀ ਤੇ ਜ਼ਮੀਨ ਬਥੇਰੀ
ਪਾਦੇ ਬਾਪੂ ਨੱਥ ਮਛਲੀ

ਉਹ ਇਸ ਲਈ ਆਪਣੇ ਬਾਪੂ ਨਾਲ਼ ਕੰਮ ਕਰਨ ਲਈ ਵੀ ਤਿਆਰ ਹੈ: -

ਪੁੱਤ ਬਣਕੇ ਕਮਾਊਂ ਘਰ ਤੇਰੇ
ਮੇਰਾ ਹੱਕ ਦੇ ਦੇ ਬਾਬਲਾ

ਇਸੇ ਹੱਕ ਦਾ ਸਦਕਾ: -

ਅਣਦਾਹੜੀਆ ਢੁਕਿਆ ਘਰ ਤੇਰੇ
ਨੱਤੀਆਂ ਦੀ ਪਹੁੰਚ ਨਹੀਂ

ਇਕ ਪਿਓ ਦੇ ਘਰ ਜੇ ਇਕ ਤੋਂ ਵੱਧ ਧੀਆਂ ਹੋਣ ਤਾਂ ਦਾਜ ਲਿਜਾਣ ਲੱਗੀਆਂ ਘਰ ਵਿੱਚ ਹੂੰਜਾ ਫੇਰ ਜਾਂਦੀਆਂ ਹਨ। ਬਾਪੂ ਨੂੰ ਪੈਰੀਂ ਪਾਣ ਲਈ ਜੁੱਤੀ ਨਹੀਂ ਜੁੜਦੀ। ਵਿਚਾਰਾ ਮਿਲਣ ਲਈ ਵੀ ਨੰਗੇ ਪੈਰੀਂ ਹੀ ਜਾਂਦਾ ਹੈ: -

ਨੰਗੇ ਪੈਰੀਂ ਆਉਣੇ ਬਾਬਲਾ
ਤੇਰੀ ਪੱਚੀਆਂ ਪਿੰਡਾਂ ਦੀ ਸਰਦਾਰੀ

ਕਿੰਨੀ ਸਚਾਈ ਹੈ ਉਸਦੇ ਉਤਰ ਵਿੱਚ: -

ਨੰਗੇ ਪੈਰੀਂ ਆਉਣਾ ਬੱਚੀਏ
ਮੇਰੀਆਂ ਬਹੁਤੀਆਂ ਧੀਆਂ ਨੇ ਮੱਤ ਮਾਰੀ

ਇਸੇ ਕਰਕੇ ਹੀ ਕਿਸੇ ਨੇ ਠੀਕ ਕਿਹਾ ਹੈ: -

ਦੇਣਾ ਭਲਾ ਨਾ ਬਾਪ ਦਾ
ਬੇਟੀ ਭਲੀ ਨਾ ਏਕ
ਪੈਂਡਾ ਭਲਾ ਨਾ ਕੋਸ ਦਾ
ਸੱਤਗੁਰ ਰੱਖੀਂ ਟੇਕ

ਕਈਆਂ ਨੂੰ ਸੱਸਾਂ ਤੰਗ ਕਰਦੀਆਂ ਹਨ ਅਤੇ ਕਈ ਸੱਸਾਂ ਆਪਣੀ ਨੂੰਹ ਨਾਲ਼ੋਂ ਵੀ ਬਣ ਠਣਕੇ ਰਹਿੰਦੀਆਂ ਹਨ। ਧੀ ਆਪਣੇ ਦਿਲ ਦੀ ਹਵਾੜ ਵੀ ਬਾਬ਼ਲ ਅੱਗੇ ਹੀ ਕਢਦੀ ਹੈ : -

ਬਾਪੂ ਮੈਨੂੰ ਸੰਗ ਲਗਦੀ
ਮੇਰੀ ਸੱਸ ਦੇ ਚਿਲਕਣੇ ਬਾਲ਼ੇ

ਬਾਪੂ ਵਿਚਾਰਾ ਕੀ ਕਰੇ:-

ਤੈਨੂੰ ਕਾਹਦੀ ਸੰਗ ਬੱਚੀਏ
ਉਹਨੇ ਅਪਣੇ ਸ਼ੌਂਕ ਨੂੰ ਪਾਏ

ਕਈ ਵਾਰੀ ਧੀ ਆਪਣੀ ਸੱਸ ਹਥੋਂ ਤੰਗ ਆ ਮਰਨ ਲਈ ਵੀ ਤਿਆਰ ਹੋ ਜਾਂਦੀ ਹੈ। ਬਾਪੂ ਨੂੰ ਦਿਲ ਦੀ ਗਲ ਦਸਦੀ ਹੈ: -

ਨਹੀਂ ਬਾਪੂ ਮੈਂ ਮਰਜਾਂ
ਨਹੀਂ ਮਰਜੇ ਕੁੜਮਣੀ ਤੇਰੀ

ਬਾਪੂ ਧੀ ਨੂੰ ਰੋਕਦਾ ਹੈ: -

ਜੁੱਗ ਜੁੱਗ ਜੀਵੇਂ ਬੱਚੀਏ
ਆਪੇ ਮਰਜੂ ਕੁੜਮਣੀ ਮੇਰੀ

ਧੀ ਨੂੰ ਮਿਲਣ ਗਏ ਬਾਪੂ ਨੂੰ ਦੇਖ ਕਈ ਸੱਸਾਂ ਬੁੜਬੁੜ ਕਰਨੋਂ ਨਹੀਂ ਹਟਦੀਆਂ। ਧੀ ਆਪਣੇ ਬਾਪੂ ਨੂੰ ਸਾਰਾ ਹਾਲ ਦਸਦੀ ਹੈ: -

ਪੀਹੜੀ ਡਾਹਕੇ ਬਹਿਜਾ ਬਾਬਲਾ
ਕੀ ਬੋਲਦੀ ਅੰਦਰ ਸੱਸ ਮੇਰੀ

ਪੀਹੜੀ ਡਾਹ ਕੇ ਬਹਿਜਾ ਬਾਬਲਾ
ਧੀਆਂ ਰੱਖੀਆਂ ਦੇ ਰੁਦਨ ਸੁਣਾਵਾਂ

ਪਰ ਬਾਬਲ ਧੀ ਨੂੰ ਭਾਗਾਂ ਦੇ ਸਹਾਰੇ ਛੱਡ ਦਿੰਦਾ ਹੈ: -

ਅੱਗੇ ਤੇਰੇ ਭਾਗ ਬੱਚੀਏ
ਲੜ ਬਖਤਾਬਰਾਂ ਦੇ ਲਾਇਆ

ਕਈ ਧੀਆਂ ਦੁਖੀ ਹੁੰਦੀਆਂ ਹੋਈਆਂ ਵੀ ਆਪਣੇ ਬਾਬਲ ਨੂੰ ਆਪਣਾ ਦੁੱਖ ਦਸਕੇ ਦੁਖੀ ਨਹੀਂ ਕਰਨਾ ਚਾਹੁੰਦੀਆਂ:-

ਕਾਵਾਂ ਵੇ ਕਾਵਾਂ
ਤੈਨੂੰ ਚੂਰੀ ਕੁੱਟ ਪਾਵਾਂ
ਉਡ ਜਾਈਂ ਬਾਬਲ ਦੇਸ
ਵੇ ਮੈਂ ਬਾਰੀ।
ਘਰ ਨਾ ਜਾਣਾ
ਬਾਰ ਨਾ ਜਾਣਾ
ਕਿੱਕਣ ਉਡ ਜਾਵਾਂ ਬੀਬੀ
ਤੇਰੇ ਬਾਬਲ ਦੇਸ
ਮੈਂ ਬਾਰੀ।
ਟੁੰਡਾ ਜਿਹਾ ਪਿੱਪਲ

ਮੂਹਰੇ ਪੱਕੀ ਜਿਹੀ ਖੂਹੀ ਵੇ
ਇਹ ਤਾਂ ਘਰ ਮੇਰੇ ਬਾਪ ਦਾ
ਮੈਂ ਬਾਰੀ,
ਮਿੱਸੀ ਜਿਹੀ ਰੋਟੀ ਉੱਤੇ
ਤੌੜੀ ਦੀ ਖੁਰਚਣ ਵੇ
ਇਹੋ ਤਾਂ ਦਿੰਦੀ ਸੱਸ ਖਾਣ ਨੂੰ
ਮੈਂ ਬਾਰੀ,
ਇਹੋ ਤਾਂ ਗਲ ਮੇਰੇ ਪਿਓ ਕੋਲ ਨਾ ਦਸੀਂ ਵੇ
ਰੋਊਗਾ ਪੰਚੈਤ ਦੇ ਵਿੱਚ ਬੈਠਕੇ
ਮੈਂ ਬਾਰੀ ... ...

ਸਹੁਰੇ ਬੈਠੀ ਧੀ ਨੂੰ ਵੀਰੇ ਦੇ ਘਰ ਭਤੀਜੇ ਦੇ ਜਨਮ ਦਾ ਪਤਾ ਲਗਦਾ ਹੈ। ਉਹ ਖ਼ੁਸ਼ੀ ਵਿੱਚ ਨੱਚ ਉਠਦੀ ਹੈ: -

ਚੰਦ ਚੜ੍ਹਿਆ ਬਾਪ ਦੇ ਖੇੜੇ
ਵੀਰ ਘਰ ਪੁੱਤ ਜੰਮਿਆ

ਇਸੇ ਸਦਕਾ: -

ਬਾਪੂ ਤੇਰੇ ਮੰਦਰਾਂ ਚੋਂ
ਸਾਨੂੰ ਮੁਸ਼ਕ ਚੰਨਣ ਦਾ ਆਵੇ

ਬਾਪੂ ਦੇ ਮੰਦਰਾਂ ਚੋਂ ਚੰਨਣ ਦਾ ਮੁਸ਼ਕ ਆਵੇ ਵੀ ਕਿਉਂ ਨਾ। ਉਹਦਾ ਬਾਪੂ ਆਪ ਵੀ ਤਾਂ ਇਕ ਚੰਨਣ ਦਾ ਬੂਟਾ ਹੀ ਹੈ: -

ਮਾਂ ਮੇਰੀ ਕਸਤੂਰੀ ਦੀ
ਬਾਪ ਮੇਰਾ ਚੰਨਣ ਦਾ
ਚਾਚੇ ਤਾਏ ਫੁੱਲਾਂ ਦੇ
ਬਾਕੀ ਲੋਕ ਮਿੱਟੀ ਦੇ

# ਵੀਰ ਮੇਰਾ ਪੱਟ ਦਾ ਲੱਛਾ

ਪੰਜਾਬ ਦੇ ਜਨ ਜੀਵਨ ਵਿੱਚ ਭੈਣ ਭਰਾ ਦੇ ਰਿਸ਼ਤੇ ਦੀ ਵਿਲੱਖਣ ਅਤੇ ਬਹੁਪੱਖੀ ਮਹੱਤਤਾ ਹੈ! ਇਸ ਰਿਸ਼ਤੇ ਦੀਆਂ ਤੰਦਾਂ ਬੜੀਆਂ ਸੂਖ਼ਮ ਅਤੇ ਪੀਡੀਆਂ ਹਨ! ਵੀਰਾਂ ਸਦਕੇ ਹੀ ਬਾਬਲ ਦੀ ਵੰਸ 'ਚ ਵਾਧਾ ਹੁੰਦਾ ਹੈ! ਭੈਣ ਆਪਣੇ ਪੇਕੇ ਅਤੇ ਸਹੁਰੇ ਪਰਿਵਾਰ ਦੇ ਸਭ ਜੀਆਂ ਨਾਲੋਂ ਵਧ ਕੇ ਆਪਣੇ ਭਰਾ ਤੇ ਅਥਾਹ ਵਿਸ਼ਵਾਸ਼ ਅਤੇ ਨਿਸ਼ਠਾ ਰਖਦੀ ਹੈ। ਭਰਾ ਵੀ ਉਸ ਦੇ ਜੀਵਨ ਭਰ ਦੀ ਧਰੋਹਰ ਬਣਕੇ ਉਸ ਦੀਆਂ ਗ਼ਮੀਆਂ ਅਤੇ ਖ਼ੁਸ਼ੀਆਂ ਵਿੱਚ ਭਾਈਵਾਲ ਬਣਦੇ ਹਨ। ਪੰਜਾਬ ਦੀ ਗੋਰੀ ਨੇ ਸੈਂਕੜੇ ਗੀਤਾਂ ਰਾਹੀਂ ਆਪਣੇ ਵੀਰਾਂ ਪ੍ਰਤੀ ਭਾਵੁਕ ਸਾਂਝ, ਵਿਸ਼ਵਾਸ ਅਤੇ ਡੁਲ੍ਹ ਡੁਲ੍ਹ ਪੈਂਦੇ ਪਿਆਰ ਨੂੰ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿੱਚ ਗਾਂਵਿਆ ਹੈ। ਇਹਨਾਂ ਗੀਤਾਂ ਵਿਚੋਂ ਸਦੀਆਂ ਪੁਰਾਣੇ ਪੰਜਾਬ ਦੇ ਸਮਾਜਿਕ ਅਤੇ ਸਭਿਆਚਾਰਕ ਜੀਵਨ ਦੀ ਝਲਕ ਦ੍ਰਿਸ਼ਟੀਗੋਚਰ ਹੁੰਦੀ ਹੈ।

ਜਿਸ ਭੈਣ ਦਾ ਕੋਈ ਵੀਰ ਨਹੀਂ ਹੁੰਦਾ ਉਹ ਲੁਕ ਲੁਕ ਕੇ ਹੰਝੂ ਕੇਰਦੀ ਹੈ:

ਜਿਸ ਘਰ ਵੀਰ ਨਹੀਂ
ਭੈਣਾਂ ਰੋਂਦੀਆਂ ਪਛੋਕੜ ਖੜ੍ਹਕੇ

ਭੈਣਾਂ ਰੋਂਦੀਆਂ ਨੂੰ ਵੀਰ ਬਰਾਉਂਦੇ
ਸਿਰ ਪਰ ਹੱਥ ਧਰਕੇ

ਇਸੇ ਲਈ ਉਹ ਪਰਮਾਤਮਾ ਅੱਗੇ ਅਰਜ਼ ਕਰਦੀ ਹੈ:

ਇਕ ਵੀਰ ਦਈਂ ਵੇ ਰੱਬਾ
ਸਹੁੰ ਖਾਣ ਨੂੰ ਬੜਾ ਚਿਤ ਕਰਦਾ

ਇਕ ਵੀਰ ਦਈਂ ਵੇ ਰੱਬਾ
ਮੇਰੀ ਸਾਰੀ ਉਮਰ ਦਾ ਗਹਿਣਾ

ਇਕ ਵੀਰ ਦਈਂ ਦੇ ਰੱਬਾ
ਵੀਰਾਂ ਵਾਲੀਆਂ ਦੇ ਨਹੋਰੇ ਭਾਰੀ

ਦੋ ਵੀਰ ਦਈਂ ਵੇ ਰੱਬਾ
ਮੇਰੀ ਸਾਰੀ ਉਮਰ ਦੇ ਮਾਪੇ

ਦੋ ਵੀਰ ਦਈਂ ਵੇ ਰੱਬਾ
ਇਕ ਮੁਨਸ਼ੀ ਤੇ ਇਕ ਪਟਵਾਰੀ

ਤਿੰਨ ਵੀਰ ਦਈਂ ਵੇ ਰੱਬਾ
ਇੰਦਰ ਜੁਗਿੰਦਰ ਹਰਨਾਮਾ

ਪੰਜ ਵੀਰ ਦਈਂ ਵੇ ਰੱਬਾ
ਬੰਨ੍ਹੀ ਫੌਜ਼ ਬਰ੍ਹਮਾ ਨੂੰ ਜਾਵੇ

ਪਰਮਾਤਮਾ ਦੇ ਦਰ ਉਹਦੀ ਅਰਜ਼ ਕਬੂਲ ਹੋ ਜਾਂਦੀ ਹੈ। ਭਰਾਵਾਂ ਦੀ ਭੈਣ ਹੁੱਬ ਹੁੱਬ ਕੇ ਆਪਣੇ ਵੀਰਾਂ ਦੀ ਸਿਫ਼ਤ ਕਰਦੀ ਨਹੀਂ ਥੱਕਦੀ:

ਕੰਨੀਂ ਨੱਤੀਆਂ ਸ਼ਰਬਤੀ ਅੱਖੀਆਂ
ਉਹ ਮੇਰਾ ਵੀਰ ਕੁੜੀਓ

ਇਕ ਵੀਰ ਬੇਲ ਦਾ ਲੰਬਾ
ਦੂਜੀ ਪਗ ਛੱਤਣਾਂ ਨੂੰ ਜਾਵੇ

ਜਿੱਥੇ ਮੇਰਾ ਵੀਰ ਲੰਘਿਆ
ਕੌੜੀ ਨਿਮ ਨੂੰ ਪਤਾਸੇ ਲਗਦੇ

ਵੀਰ ਲੰਘਿਆ ਪਜਾਮੇ ਵਾਲਾ
ਲੋਕਾਂ ਭਾਣੇ ਠਾਣਾ ਲੰਘਿਆ

ਫੌਜਾਂ ਵਿੱਚ ਵੀਰ ਸਿਆਣਾ
ਕੰਨੀਂ ਨੱਤੀਆਂ ਸ਼ਰਬਤੀ ਅੱਖੀਆਂ

ਸਾਡੀ ਪੱਚੀਆਂ ਪਿੰਡਾਂ ਦੀ ਸਰਦਾਰੀ
ਮੇਰੇ ਵੀਰ ਲਾਉਣ ਮਾਮਲਾ

ਵੀਰ ਮੇਰਾ ਨੀ ਜਮਾਈ ਠਾਣੇਦਾਰ ਦਾ
ਸੰਮਾਂ ਵਾਲੀ ਡਾਂਗ ਰੱਖਦਾ

ਡੱਬੀ ਕੁੱਤੀ ਮੇਰੇ ਵੀਰ ਦੀ
ਠਾਣੇਕਾਰ ਦੀ ਕੁੜੀ ਨੂੰ ਚੱਕ ਲਿਆਵੇ

ਕੁਰਸੀ ਮੇਰੇ ਵੀਰ ਦੀ
ਠਾਣੇਦਾਰ ਦੇ ਬਰੋਬਰ ਡਹਿੰਦੀ

ਜਿੱਥੇ ਬਜਦੀ ਬੱਦਲ ਵਾਂਗ ਗੱਜਦੀ
ਕਾਲੀ ਡਾਂਗ ਮੇਰੇ ਵੀਰ ਦੀ

ਅੱਡੀ ਮਾਰੇ ਤੇ ਮਦਰਸਾ ਬੋਲੇ
ਮੇਰਾ ਵੀਰ ਪਤਲਾ ਜਿਹਾ

ਭੈਣ ਵੀਰ ਦੀ ਹਰ ਖਾਹਸ਼ ਪੂਰੀ ਕਰਨ ਵਿੱਚ ਖ਼ੁਸ਼ੀ ਮਹਿਸੂਸ ਕਰਦੀ ਹੈ:

ਨਿੱਕਾ ਨਿੱਕਾ ਕੱਤਦੀ ਮੈਂ ਸਹਜਿ ਅਟੇਰਾਂ
ਆਪਣੇ ਵੀਰਨ ਦਾ ਮੈਂ ਸਾਫਾ ਬਨਾਉਣਾ
ਨਿੱਕਾ ਨਿੱਕਾ ਪੀਂਹਦੀ ਮੈਂ ਸਹਿਜ ਛਾਣਾਂ
ਆਪਣੇ ਵੀਰ ਨੂੰ ਮੰਨੀ ਵੇ ਪਕਾਉਣੀ

ਵੀਰ ਦਿਆਂ ਫੁਲਕਿਆਂ ਨੂੰ
ਮੈਂ ਖੰਡ ਦਾ ਪਲੇਥਣ ਲਾਵਾਂ

ਭਾਬੋ ਦਾ ਭੈਣ ਨੂੰ ਕਿੰਨਾ ਚਾਅ ਹੁੰਦਾ ਹੈ:

ਤੈਨੂੰ ਨੱਤੀਆਂ ਭਾਬੋ ਨੂੰ ਪਿੱਪਲ ਪੱਤੀਆਂ
ਵਿਆਹ ਕਰਵਾ ਵੀਰਨਾ

ਵੀਰ ਦੇ ਵਿਆਹ ਦਾ ਦਿਨ ਧਰ ਦਿੱਤਾ ਜਾਂਦਾ ਹੈ। ਭੈਣ ਸਹੇਲੀਆਂ ਨਾਲ ਰਲਕੇ ਘੋੜੀਆਂ ਗਾਉਂਦੀ ਹੈ:

ਇਕ ਸੀ ਘੋੜੀ ਵੀਰਾ ਰਾਵਲੀ
ਗੰਗਾ ਜਮਨਾ ਤੋਂ ਆਈ
ਆਣ ਬੰਨ੍ਹੀ ਬਾਬੇ ਬਾਰ ਮੈਂ
ਕੁਲ ਹੋਈ ਐ ਵਧਾਈ
ਬਾਗ ਪਕੜ ਵੀਰਨ ਚੜ੍ਹ ਗਿਆ
ਅਪਣੀ ਚਤਰਾਈ
ਅਟਣ ਬਟਣ ਉਹਦੇ ਕਪੜੇ
ਕੇਸਰ ਹੋਈ ਛੜਕਾਈ
ਘੋੜੀ ਚੜ੍ਹਿਆ ਮਾਂ ਦਾ ਨੰਦ ਐ ਵੇ
ਜਿਉਂ ਤਾਰਿਆਂ ਦੇ ਵਿੱਚ ਚੰਦ ਐ ਵੇ
ਘੋੜੀ ਚੜ੍ਹ ਵੇ ਵੀਰਾ ਮੱਥੇ ਚੌਰ ਝੁਲੇ
ਘੋੜੀ ਚੜ੍ਹਿਆ ਦਾਦੇ ਦਾ ਪੋਤਾ ਵੇ
ਜਿਉਂ ਹਰਿਆਂ ਬਾਗਾਂ ਦਾ ਤੋਤਾ ਵੇ
ਵੇ ਤੇਰੀ ਘੋੜੀ
ਘੋੜੀ ਚੜ੍ਹ ਵੇ ਵੀਰਾ ਮੱਥੇ ਚੌਰ ਝੁਲੇ
ਘੋੜੀ ਚੜ੍ਹਿਆ ਭੈਣ ਦਾ ਭਾਈ ਐ ਵੇ
ਜਿਉਂ ਸੌਹਰੇ ਕੁਲ ਜਮਾਈ ਐ ਵੇ
ਵੇ ਤੇਰੀ ਘੋੜੀ
ਘੋੜੀ ਚੜ੍ਹ ਵੇ ਵੀਰਾ ਮੱਥੇ ਚੌਰ ਝੁਲੇ

ਹੋਰ

ਧਨ ਧਨ ਵੇ ਵੀਰਾ ਮਾਂ ਤੇਰੀ
ਜਿਨ੍ਹੇ ਤੂੰ ਕੁੱਖ ਨਮਾਇਆ ਵੇ
ਰਾਜੇ ਜਨਕ ਦੇ ਘਰ ਸੀਤਾ ਜਨਮੀ
ਰਾਮ ਚੰਦਰ ਵਰ ਪਾਇਆ ਵੇ
ਧਨ ਧਨ ਵੇ ਵੀਰਾ ਦਾਈ ਤੇਰੀ
ਜੀਹਨੇ ਤੇਰਾ ਜਨਮ ਸਧਾਇਆ ਵੇ
ਧਨ ਧਨ ਵੇ ਵੀਰਾ ਭੈਣ ਤੇਰੀ
ਜੀਹਨੇ ਤੂੰ ਗੋਦ ਘਲਾਇਆ ਵੇ

ਵੀਰ ਦੀ ਜੰਨ ਚੜ੍ਹਦੀ ਹੈ। ਚਾਵਾਂ ਮੱਤੀ ਭੈਣ ਹੇਰੇ ਤੇ ਹੇਰਾ ਲਾਉਂਦੀ ਹੈ:

ਜੰਨ ਚੜ੍ਹੀਂ ਵੀਰਾ ਹੱਸਕੇ

ਬਹੂ ਲਿਆਈਂ ਮੁਟਿਆਰ
ਅੰਗ ਦੀ ਹੋਵੇ ਪਤਲੀ
ਜਿਹੜੀ ਸੋਹੇ ਬੂਹੇ ਦੇ ਬਾਰ

ਡੱਬੀ ਵੀਰਾ ਤੇਰੀ ਕਨਚ ਦੀ
ਵਿੱਚ ਸਰਹੋਂ ਦਾ ਸਾਗ
ਹੋਰਨਾਂ ਮੱਥੇ ਤਿਊੜੀਆਂ
ਮੇਰੇ ਵੀਰਨ ਦੇ ਮੱਥੇ ਭਾਗ

ਪੱਗ ਬੰਨ੍ਹੀਂ ਵੀਰਾ ਪੱਗ ਬੰਨ੍ਹੀਂ
ਪੱਗ ਬੰਨ੍ਹੀਂ ਗਜ਼ ਤੀਸ
ਐਸਾ ਕੋਈ ਨਾ ਜਰਮਿਆ
ਜਿਹੜਾ ਕਰੇ ਅਸਾਡੀ ਰੀਸ

ਜਿੱਦਣ ਵੀਰਾ ਤੂੰ ਜਰਮਿਆ
ਤੇਰੀ ਮਾਂ ਨੇ ਖਾਧੀ ਖੰਡ
ਸਿਖਰ ਦੁਪਹਿਰੇ ਜੰਨ ਚੜ੍ਹਿਆ
ਤੇਰਾ ਚੋ ਚੋ ਪੈਂਦਾ ਰੰਗ

ਜਿੱਦਣ ਵੀਰਾ ਤੂੰ ਜਰਮਿਆ
ਵਗੀ ਪੁਰੇ ਦੀ ਵਾਲ਼
ਕਦੇ ਨੇ ਮੁੱਖੋਂ ਬੋਲਿਆ
ਕਦੇ ਨਾ ਦਿੱਤੀ ਗਾਲ੍ਹ

ਅੰਦਰ ਵੀ ਲਿੱਪਾਂ ਵੀਰਾ
ਵਿਹੜੇ ਕਰਾਂ ਛੜਕਾ
ਮੱਥਾ ਟੇਕਣਾ ਭੁੱਲ ਗਿਆ
ਤੈਨੂੰ ਨਵੀਂ ਬੰਨੋ ਦਾ ਚਾਅ

ਡੱਬੀ ਵੀਰਾ ਮੇਰੀ ਕਨਚ ਦੀ
ਵਿੱਚ ਮਿਸਰੀ ਦੀ ਡਲੀ
ਵੀਰਜੀ ਫੁੱਲ ਗੁਲਾਬ ਦਾ
ਭਾਬੋ ਚੰਬੇ ਦੀ ਕਲੀ

ਤੇਰੇ ਵੀ ਵੀਰਾ ਰੂਪ ਦੇ
ਕੋਈ ਦਿੱਲੀ ਛਪਣ ਅਖ਼ਬਾਰ
ਝੁਕ ਝੁਕ ਵੇਖਣ ਸਾਲੀਆਂ
ਲੁਕ ਲੁਕ ਦੇਖੇ ਨਾਰ

ਵੀਰ ਭਾਬੋ ਨੂੰ ਵਿਆਹ ਕੇ ਮੁੜਦਾ ਹੈ। ਭੈਣ ਭਾਬੋ ਨੂੰ ਡੋਲਿਓਂ ਉਤਾਰਦੀ ਹੋਈ ਹੇਰਾ ਲਾਉਂਦੀ ਹੈ:

ਡੱਬੀ ਨੀ ਭਾਬੋ ਮੇਰੀ ਕਨਚ ਦੀ
ਵਿੱਚ ਸੋਨੇ ਦੀ ਮੇਖ
ਮਾਦਪੁਰ ਖੇੜੇ ਢੁਕ ਕੇ
ਤੈਂ ਚੰਗੇ ਲਖਾਏ ਲੇਖ

ਹੋਰ

ਉਤਰ ਭਾਬੋ ਡੋਲਿਓਂ
ਦੇਖ ਸਹੁਰੇ ਦਾ ਬਾਰ
ਕੰਧਾ ਚਿੱਤਮ ਚਿੱਤੀਆਂ
ਕਲੀ ਚਮਕਦਾ ਦੁਆਰ

ਸੋਨੇ ਵਰਗੀ ਭਾਬੀ ਨੂੰ ਤਕ ਕੇ ਉਸਦਾ ਪੈਰ ਧਰਤੀ ਤੇ ਨਹੀਂ ਲੱਗਦਾ:

ਵੀਰ ਮੇਰਾ ਪੱਟ ਦਾ ਲੱਛਾ
ਭਾਬੋ ਸੋਨੇ ਦੀ ਝੂਲਦੀ ਆਵੇ

ਮੂਹਰੇ ਰੱਥ ਭਾਬੋ ਦਾ
ਪਿੱਛੇ ਇੰਦਰ ਵੀਰ ਦਾ ਬੋਤਾ

ਸੜਕਾਂ ਸਾਫ਼ ਕਰੋ
ਮੇਰੇ ਵੀਰ ਦੀ ਮੇਮ ਨੇ ਆਉਣਾ

ਉਹ ਬੜੇ ਚਾਵਾਂ ਨਾਲ ਭਾਬੋ ਦਾ ਸੁਆਗਤ ਕਰਦੀ ਹੈ:

ਨਿੱਕੇ ਨਿੱਕੇ ਬਾਲਿਆਂ ਦੀ

ਛਤ ਵੇ ਛਤਾਉਨੀ ਆਂ
ਉੱਚਾ ਰਖਦੀ ਬਾਰ
ਭਾਬੋ ਆ ਬੜ ਨੀ
ਘੁੰਮਦੇ ਲਹਿੰਗੇ ਨਾਲ
ਭਾਬੋ ਆ ਬੜ ਨੀ

ਜਿਨ੍ਹਾਂ ਭੈਣਾਂ ਦੇ ਵੀਰ ਫੌਜ ਵਿੱਚ ਭਰਤੀ ਹੋ ਜਾਂਦੇ ਹਨ ਉਹ ਉਹਨਾਂ ਦੀ ਉਡੀਕ ਕਿੰਨੀ ਬੇਸਬਰੀ ਨਾਲ ਕਰਦੀਆਂ ਹਨ:

ਛੁੱਟੀ ਲੈ ਕੇ ਆ ਜਾ ਵੀਰਨਾ
ਤੇਰੀ ਫੌਜ ਨੂੰ ਕਰੂੰਗੀ ਰੋਟੀ

ਚਿੱਟੇ ਚੌਲ ਲੱਡੂਆਂ ਦੀ ਥਾਲੀ
ਵੀਰਨ ਆਉਂਦੇ ਨੂੰ

ਗੁੱਡੀਆਂ ਪਟੋਲਿਆਂ ਨਾਲ ਖੇਡਦੀ ਭੈਣ ਮੁਟਿਆਰ ਹੋ ਜਾਂਦੀ ਹੈ। ਧੀਆਂ ਤਾਂ ਰਾਜੇ ਰਾਣਿਆਂ ਕੋਲੋਂ ਵੀ ਘਰ ਰੱਖ ਨਹੀਂ ਹੁੰਦੀਆਂ। ਆਖਰ ਭੈਣ ਦਾ ਵਿਆਹ ਹੋ ਜਾਂਦਾ ਹੈ। ਕਈਆਂ ਨੂੰ ਸਬੱਬੀਂ ਚੰਗੇ ਘਰ ਬਾਰ ਮਿਲ ਜਾਂਦੇ ਹਨ। ਕਈ ਜ਼ਾਲਮ ਸੱਸਾਂ ਦੇ ਵਸ ਪੈ ਜਾਂਦੀਆਂ ਹਨ। ਵਿਆਹ ਮਗਰੋਂ ਭੈਣ ਦਾ ਪੇਕੇ ਘਰ ਤੇ ਕੀ ਜ਼ੋਰ!

ਆਹ ਲੈ ਵੀਰਾ ਫੜ ਕੁੰਜੀਆਂ
ਭੈਣਾਂ ਛੱਡ ਚੱਲੀਆਂ ਮੁਖਤਿਆਰੀ

ਕਿਸੇ ਦਿਨ ਤਿਹਾਰ ਤੇ ਹੀ ਪੇਕੀਂ ਆਉਣ ਦੀ ਸੱਧਰ ਰਹਿ ਜਾਂਦੀ ਹੈ। ਤਿੱਥ ਤਿਉਹਾਰ ਤੇ ਸੰਧਾਰੇ ਨੂੰ ਉਡੀਕਦੀ ਵੀਰ ਨੂੰ ਯਾਦ ਕਰਦੀ ਹੈ:

ਗੱਡੀ ਜੋੜ ਕੇ ਮੰਗਾ ਲੀਂ ਮੇਰੇ ਵੀਰਨਾ
ਕਰੂਆਂ ਦੇ ਵਰਤਾਂ ਨੂੰ

59205

ਕਾਹਨੂੰ ਆਇਐਂ ਬਸ਼ਰਮਾ ਵੀਰਾ
ਕਰੂਆਂ ਦੇ ਵਰਤ ਗਏ

ਬਹੁਤਿਆਂ ਭਰਾਵਾਂ ਵਾਲੀਏ

ਤੈਨੂੰ ਲੈਣ ਨਾ ਤੀਆਂ ਨੂੰ ਆਏ

ਮੇਰੇ ਵੀਰ ਨੇ ਸੰਧਾਰੇ ਵਿੱਚ ਭੇਜੀ
ਗੜਵੀ ਚਾਂਦੀ ਦੀ

ਛੋਟੇ ਵੀਰ ਨੇ ਚਰਖਾ ਘੱਲਿਆ
ਵਿੱਚ ਸੋਨੇ ਦੀਆਂ ਮੇਖਾਂ
ਵੀਰ ਤੈਨੂੰ ਯਾਦ ਕਰਾਂ
ਜਦ ਚਰਖੇ ਵਲ ਵੇਖਾਂ

ਦੂਰ ਵਸੇਂਦੀ ਭੈਣ ਨੂੰ ਮਿਲਣਾ ਸੌਖਾ ਨਹੀਂ ਸੀ। ਪੁਰਾਣੇ ਸਮਿਆਂ ਵਿੱਚ ਅਜੋਕੇ ਸਮਿਆਂ ਵਰਗੇ ਆਵਾਜਾਈ ਦੇ ਸਾਧਨ ਨਹੀਂ ਸਨ ਹੁੰਦੇ। ਨਾ ਸੜਕਾਂ, ਨਾ ਮੋਟਰਾਂ, ਨਾ ਰੇਲਾਂ, ਨਦੀਆਂ ਨਾਲਿਆਂ ਤੇ ਪੁਲ ਨਹੀਂ।

ਭੈਣਾਂ ਕਾਗਾਂ ਤੇ ਰਾਹੀਆਂ ਪਾਂਧੀਆਂ ਹੱਥ ਵੀਰਾਂ ਨੂੰ ਸੁਨੇਹੜੇ ਭੇਜ ਕੇ ਉਡੀਕਦੀਆਂ ਰਹਿੰਦੀਆਂ-ਕਈ ਸਰਵਣ ਵੀਰ ਬੋਤੇ ਤੇ ਅਸਵਾਰ ਹੋਕੇ ਭੈਣਾਂ ਨੂੰ ਮਿਲਣ ਆਉਂਦੇ:

ਚਿੱਠੀ ਪਾਈਂ ਅੰਮਾ ਦਿਆ ਜਾਇਆ
ਭੈਣ ਪ੍ਰਦੇਸਣ ਨੂੰ

ਚੂਰੀ ਕੁਟਕੇ ਰੁਮਾਲ ਲੜ ਬੰਨ੍ਹ ਲੈ
ਸਹੁਰੇ ਮੇਰੇ ਦੂਰ ਵੀਰਨਾ

ਹੱਥ ਛਤਰੀ ਨਹਿਰ ਦੀ ਪਟੜੀ
ਠੰਡੇ ਠੰਡੇ ਆਜੀਂ ਵੀਰਨਾ

ਪਬ ਚੱਕ ਵੇ ਅੰਮਾਂ ਦਿਆ ਜਾਇਆ
ਵਾਟਾਂ ਦੂਰ ਦੀਆਂ

ਕਾਲੀ ਕਾਗੜੀ ਬਨੇਰੇ ਉੱਤੇ ਬੋਲੇ
ਅਜ ਮੇਰੇ ਵੀਰ ਨੇ ਆਉਣਾ

ਉਡਦਾ ਰੁਮਾਲ ਦਿਸੇ

ਬੋਤਾ ਵੀਰ ਦਾ ਨਜ਼ਰ ਨਾ ਆਵੇ

ਵੇ ਮੈਂ ਅਮਰ ਵੇਲ ਪੁੱਟ ਲਿਆਵਾਂ
ਬੋਤਾ ਤੇਰਾ ਭੁੱਖਾ ਵੀਰਨਾ

ਕਿਹੜੀ ਕੀਲੀ ਟੰਗਾਂ ਵੀਰਨਾ
ਤੇਰੀ ਸੋਨੇ ਦੀ ਜੰਜੀਰੀ ਵਾਲਾ ਕੁੜਤਾ

ਬੋਤੇ ਚਾਰਦੇ ਭੈਣਾਂ ਨੂੰ ਮਿਲ ਆਉਂਦੇ
ਸਰਵਣ ਵੀਰ ਕੁੜੀਓ

ਛਪੜੀ 'ਚ ਘਾ ਮਲਿਆ
ਬੋਤਾ ਚਾਰ ਲੈ ਸਰਵਣਾ ਵੀਰਾ

ਗੱਡਦੀ ਰੰਗੀਲ ਮੁੰਨੀਆਂ
ਬੋਤਾ ਬੰਨ੍ਹ ਦੇ ਸਰਵਣਾ ਵੀਰਾ

ਵੀਰ ਨੂੰ ਆਇਆ ਸੁਣ ਕੇ ਚੰਦਰੀ ਸੱਸ ਸੜ ਬਲ ਜਾਂਦੀ ਹੈ:

ਸੱਸ ਚੰਦਰੀ ਕੁੰਡਾ ਨਾ ਖੋਹਲੇ
ਕੋਠੇ ਕੋਠੇ ਆ ਜਾ ਵੀਰਨਾ

ਸਹੁਰੇ ਘਰ ਵੀਰ ਦੀ ਯੋਗ ਆਓ ਭਗਤ ਨਹੀਂ ਹੁੰਦੀ।

ਮੇਰਾ ਵੀਰ ਪਰਾਹੁਣਾ ਆਇਆ
ਹੱਟੀਆਂ ਦੀ ਖੰਡ ਮੁੱਕਗੀ

ਉਹ ਸੱਸ ਨੂੰ ਦੁਰਾਸੀਸ ਦਿੰਦੀ ਹੈ:

ਸੱਸੇ ਤੇਰੀ ਮਝ ਮਰਜੇ
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ

ਭੈਣ ਭਰਾ ਅੰਦਰ ਵੜਕੇ ਆਪਣੇ ਦੁੱਖ ਸੁੱਖ ਫੋਲਦੇ ਹਨ:

ਕੋਲੇ ਖੜ ਕੇ ਸੁਣ ਲੈ ਵੀਰਨਾ
ਕੀ ਬੋਲਦੀ ਅੰਦਰ ਸੱਸ ਮੇਰੀ

ਰੁੱਖੀ ਮਿੱਸੀ ਖਾ ਲੈ ਵੀਰਨਾ
ਥੰਦੇ ਮਿੱਠੇ ਦਾ ਜ਼ਿਕਰ ਨੀ ਕਰਨਾ

ਕੁੱਲੀਆਂ 'ਚ ਦਿਨ ਕੱਟਦੀ
ਕਾਹਨੂੰ ਆਇਐਂ ਵੇ ਸਰਵਣਾ ਵੀਰਾ

ਉਹ ਉਸ ਨੂੰ ਹੌਂਸਲਾ ਦੇਂਦਾ ਹੈ:

ਕਿਹੜੇ ਦੁੱਖ ਤੋਂ ਫੜੀ ਦਿਲਗੀਰੀ
ਭਾਈਆਂ ਦੀ ਭੈਣ ਬਣ ਕੇ

ਭੈਣ ਦੇ ਦੁੱਖ ਸੁਣਕੇ ਵੀਰ ਦਿਆਂ ਨੈਣਾਂ ਵਿਚੋਂ ਤ੍ਰਿਪ ਤ੍ਰਿਪ ਹੰਝੂ ਵਹਿ ਤੁਰਦੇ ਹਨ:

ਹੌਲੀ ਹੌਲੀ ਰੋ ਵੀਰਨਾ
ਤੇਰੇ ਹੰਝੂਆਂ ਦੇ ਹਾਰ ਪਰੋਵਾਂ

ਪ੍ਰਦੇਸੀਂ ਬੈਠੀ ਭੈਣ ਨੂੰ ਆਪਣੇ ਵੀਰੇ ਦੀ ਯਾਦ ਸਦਾ ਤੜਪਾਉਂਦੀ ਰਹਿੰਦੀ ਹੈ:

ਉੱਚੇ ਨੀਵੇਂ ਟਾਹਲੀਏਂ
ਵਿੱਚ ਗੁਜਰੀ ਦੀ ਪੀਂਘ ਵੇ ਮਾਹੀਆ
ਕੋਠੇ ਉੱਤੇ ਕੋਠੜੀ
ਹੇਠ ਵਸੇਂਦਾ ਸੁਨਿਆਰ ਮਾਹੀਆ
ਸੱਸੀ ਦੀਆਂ ਘੜਦੇ ਬਾਲੀਆਂ
ਮੇਰਾ ਘੜਦੇ ਹਾਰ ਮਾਹੀਆ
ਸੱਸੀ ਦੀਆਂ ਚਮਕਣ ਬਾਲੀਆਂ
ਮੇਰਾ ਚਮਕੇ ਹਾਰ ਮਾਹੀਆ
ਸੱਸੀ ਦੀਆਂ ਟੁਟ ਗਈਆਂ ਬਾਲੀਆਂ
ਮੇਰਾ ਟੁਟ ਗਿਆ ਹਾਰ ਮਾਹੀਆ
ਕੋਠੇ ਉੱਤੇ ਕੋਠੜੀ

ਹੇਠ ਤਪੇ ਤੰਦੂਰ ਮਾਹੀਆ
ਗਿਣ ਗਿਣ ਲਾਵਾਂ ਰੋਟੀਆਂ
ਭਰ ਭਰ ਲਾਹਾਂ ਪੂਰ ਮਾਹੀਆ
ਜਲ ਜਲ ਲਹਿੰਦੀਆਂ ਰੋਟੀਆਂ
ਸੁਕ ਸੁਕ ਲਹਿੰਦੇ ਪੂਰ ਮਾਹੀਆ
ਸੱਸੀ ਜਾਏ ਖਾ ਗਏ
ਕੋਈ ਅੰਮੀ ਜਾਏ ਦੂਰ ਮਾਹੀਆ

ਤੀਆਂ ਦੇ ਦਿਨਾਂ 'ਚ ਪ੍ਰਦੇਸੀਂ ਬੈਠੀ ਭੈਣ ਆਪਣੇ ਵੀਰ ਨੂੰ ਮਿਲਣ ਲਈ ਤਰਲਾ ਪਾਉਂਦੀ ਹੈ:

ਉੱਚੀ ਉੱਚੀ ਰੋੜੀ ਵੀਰਾ ਦਮ ਦਮ ਵੇ
ਕੰਗਣ ਰੁੜ੍ਹਿਆ ਜਾਏ
ਮੇਰਾ ਵੀਰ ਮਿਲਕੇ ਜਾਇਓ ਵੇ
ਕਿੱਕਣ ਮਿਲਾਂ ਨੀ ਭੈਣ ਮੇਰੀਏ
ਸਾਥੀ ਜਾਂਦੇ ਦੂਰ
ਮੇਰੀ ਭੈਣ ਫੇਰ ਮਿਲਾਂਗੀ ਨੀ
ਸਾਥੀਆਂ ਤੇਰਿਆਂ ਦੀ ਸੋਟੀ ਪਕੜਾਂ
ਤੇਰੀ ਪਕੜਾਂ ਬਾਂਹ
ਮੇਰਾ ਵੀਰ ਮਿਲ ਕੇ ਜਾਇਓ ਵੇ
ਸਾਥੀਆਂ ਤੇਰਿਆਂ ਨੂੰ ਮੂਹੜਾ ਪੀਹੜੀ
ਤੈਨੂੰ ਪਲੰਘ ਬਛੌਣਾ
ਮੇਰਾ ਵੀਰ ਮਿਲ ਕੇ ਜਾਇਓ ਵੇ
ਸਾਥੀ ਜਾਂਦੇ ਦੂਰ
ਮੇਰੀ ਭੈਣ ਫੇਰ ਮਿਲਾਂਗੇ ਨੀ
ਕਿੱਕਣ ਮਿਲਾਂ ਨੀ ਭੈਣ ਮੇਰੀਏ
ਹੈਨੀ ਕੋਲ ਰੁਪਏ
ਮੇਰੀ ਭੈਣ ਫੇਰ ਮਿਲਾਂਗੀ ਨੀ
ਖੋਹਲ ਸੰਦੂਕ ਵੀਰਾ ਕੱਢਾਂ ਰੁਪਈਆ
ਨਾਉਂ ਕਰੂੰਗੀ ਤੇਰਾ ਵੇ
ਮੇਰਾ ਵੀਰ ਮਿਲ ਕੇ ਜਾਇਓ ਵੇ

ਪੇਕਿਆਂ ਦਾ ਹੇਜ ਭੈਣ ਨੂੰ ਛਲਣੀ ਛਲਣੀ ਕਰਕੇ ਰਖ ਦਿੰਦਾ ਹੈ। ਉਹ

ਪੇਕੀਂ ਲਜਾਣ ਲਈ ਆਪਣੇ ਵੀਰ ਅੱਗੇ ਸੈਆਂ ਅਰਜੋਈਆਂ ਕਰਦੀ ਹੈ:

ਛੰਨਾ ਭਰਿਆ ਦੁੱਧ ਦਾ
ਵੀਰਾ ਭਰ ਘੁੱਟ
ਭਰ ਘੁੱਟ ਅੰਮਾ ਜਾਇਆ
ਚੰਦਾ ਭਰ ਘੁੱਟ
ਦਰ ਵਿੱਚ ਮੇਰੇ ਪਿੱਪਲੀ
ਵੀਰਾ ਬਹਿ ਝਟ
ਬਹਿ ਝਟ ਅੰਮਾ ਜਾਇਆ
ਵੀਰਾਂ ਬਹਿ ਝਟ
ਸੱਸ ਜੇ ਤੇਰੀ ਬੁਰੀ ਐ
ਬੀਬੀ ਚੱਕ ਧਰ
ਚੱਕ ਧਰ ਅੰਮਾ ਜਾਈਏ
ਲਾਡੋ ਚੱਕ ਧਰ
ਸੱਸੀ ਨੂੰ ਭੇਜਾਂ ਪੇਕੜੇ
ਵੀਰਾ ਲੈ ਚੱਲ
ਲੈ ਚੱਲ ਅੰਮਾ ਜਾਇਆ
ਚੰਦਾ ਲੈ ਚੱਲ
ਰਾਹ ਵਿੱਚ ਬੀਬੀ ਨਦੀਆਂ
ਬੀਬੀ ਰਹਿ ਘਰ
ਰਹਿ ਘਰ ਅੰਮਾ ਜਾਈਏ
ਲਾਡੋ ਰਹਿ ਘਰ
ਨਦੀਏਂ ਸਟਾਉਂਦੀ ਬੇੜੀਆਂ
ਵੀਰਾ ਲੈ ਚਲ
ਲੈ ਚੱਲ ਅੰਮਾ ਜਾਇਆ
ਚੰਦਾ ਲੈ ਚੱਲ
ਰਾਹ ਵਿੱਚ ਬੀਬੀ ਸ਼ੇਰ ਨੇ
ਬੀਬੀ ਰਹਿ ਘਰ
ਰਹਿ ਘਰ ਅੰਮਾ ਜਾਈਏ
ਲਾਡੋ ਰਹਿ ਘਰ
ਸ਼ੇਰਾਂ ਨੂੰ ਪਾਵਾਂ ਬੱਕਰੇ
ਵੀਰਾ ਲੈ ਚੱਲ
ਲੈ ਚੱਲ ਅੰਮਾ ਜਾਇਆ

ਚੰਦਾ ਲੈ ਚੱਲ
ਰਾਹ ਵਿੱਚ ਬੀਬੀ ਸੱਪ ਨੇ
ਬੀਬੀ ਰਹਿ ਘਰ
ਲਾਡੋ ਰਹਿ ਘਰ
ਸੱਪਾਂ ਨੂੰ ਪਾਵਾਂ ਦੁਧੂਆ
ਵੀਰਾ ਲੈ ਚੱਲ
ਲੈ ਚੱਲ ਅੰਮਾ ਜਾਇਆ
ਚੰਦਾ ਲੈ ਚੱਲ

ਸੱਸ ਵਲੋਂ ਸਤਾਈ ਹੋਈ ਇਕ ਭੈਣ ਕਾਂ ਹੱਥ ਆਪਣੇ ਵੀਰਨ ਨੂੰ ਸੁਨੇਹੜਾ ਦੇ ਕੇ ਸਦਵਾਉਂਦੀ ਹੈ। ਬੜੇ ਦਰਦ ਵਿੰਨ੍ਹੇ ਬੋਲਾਂ ਨਾਲ ਇਹ ਗੀਤ ਗਾਇਆ ਜਾਂਦਾ ਹੈ:

ਕਾਵਾਂ ਵੇ ਕਾਵਾਂ
ਤੈਨੂੰ ਚੂਰੀ ਕੁੱਟ ਪਾਵਾਂ
ਉਡ ਜਾਈਂ ਬਾਬਲ ਦੇਸ
ਵੇ ਮੈਂ ਬਾਰੀ
ਘਰ ਨਾ ਜਾਣਾ
ਬਾਰ ਨਾ ਜਾਣਾ
ਕਿੱਕਣ ਉਡ ਜਾਵਾਂ ਬੀਬੀ
ਬਾਬਲ ਤੇਰੇ ਦੇ ਦੇਸ ਮੈਂ ਬਾਰੀ
ਰੁੰਡਾ ਜਿਹਾ ਪਿੱਪਲ
ਮੂਹਰੇ ਪੱਕੀ ਜਿਹੀ ਖੂਹੀ ਵੇ
ਇਹੀ ਤਾਂ ਘਰ ਮੇਰੇ ਬਾਪ ਦਾ ਮੈਂ ਬਾਰੀ
ਮਿੱਸੀ ਜਹੀ ਰੋਟੀ ਉੱਤੇ ਤੌੜੀ ਦੀ ਪੁਰਚਣ ਵੇ
ਇਹੋ ਤਾਂ ਦਿੰਦੀ ਐ ਸੱਸ ਖਾਣ ਨੂੰ ਮੈਂ ਬਾਰੀ
ਇਹੀ ਤਾਂ ਗਲ ਮੇਰੇ ਪਿਓ ਕੋਲ ਨਾ ਦੱਸੀਂ ਵੇ
ਰੋਊਗਾ ਪੰਚੈਤ ਦੇ ਵਿੱਚ ਬੈਠਕੇ ਮੈਂ ਬਾਰੀ
ਇਹੀ ਤਾਂ ਗਲ ਮੇਰੀ ਭਾਬੋ ਕੋਲ ਨਾ ਦੱਸੀਂ ਵੇ
ਹੱਸੂਗੀ ਗਲੀਆਂ ਦੇ ਵਿੱਚ ਬੈਠਕੇ ਮੈਂ ਬਾਰੀ
ਇਹੀ ਤਾਂ ਗਲ ਮੇਰੀ ਭੈਣ ਕੋਲ ਨਾ ਦੱਸੀਂ ਵੇ
ਰੋਊਗੀ ਸ਼ਰੀਕੇ ਦੇ ਵਿੱਚ ਬੈਠ ਕੇ ਮੈਂ ਬਾਰੀ
ਇਹੀ ਤਾਂ ਗਲ ਮੇਰੇ ਵੀਰੇ ਕੋਲ ਦੱਸੀਂ ਵੇ

ਆ ਜਾਊਗਾ ਨੀਲਾ ਘੋੜਾ ਪੀੜ ਕੇ ਮੈਂ ਬਾਰੀ
ਮਾਸੀ ਨੀ ਮਾਸੀ ਤੈਨੂੰ ਲੈ ਜਾਣ ਮਰਾਸੀ ਨੀ
ਭੈਣ ਤੂੰ ਸਾਡੀ ਨੂੰ ਤੋਰ ਦੇ ਮੈਂ ਬਾਰੀ
ਪੁੱਤਾ ਵੇ ਪੁੱਤਾ ਮੇਰੇ ਪੁੱਤ ਦਿਆ ਸਾਲਿਆ
ਲੈ ਜਾਈਂ ਮਹੀਨੇ ਹਾੜ੍ਹ ਦੇ ਮੈਂ ਬਾਰੀ
ਭੈਣੇ ਨੀ ਭੈਣੇ ਤੂੰ ਹੋ ਜਾ ਤਿਆਰ ਨੀ
ਦੇਵਾਂਗਾ ਰੋਟੀ ਤੈਨੂੰ ਹਸਕੇ ਮੈਂ ਬਾਰੀ

ਇਸੇ ਭਾਵਨਾ ਦਾ ਇਕ ਹੋਰ ਗੀਤ ਪ੍ਰਚੱਲਤ ਹੈ:

ਉੱਡ ਜਾਵੀਂ ਕਾਵਾਂ, ਗਿਰਨੀ ਖਾਈਂ ਕਾਵਾਂ
ਜਾਈਂ ਵੀਰਨ ਦੇਸ ਵੇ ਮੈਂ ਬਾਰੀ
ਮਿੱਸੀ ਜਹੀ ਰੋਟੀ ਉੱਤੇ ਤੌੜੀ ਦੀ ਖੁਰਚਣ ਵੇ
ਇਹੋ ਤਾਂ ਦਿੰਦੀ ਐ ਸੱਸ ਖਾਣ ਨੂੰ ਮੈਂ ਬਾਰੀ
ਮੇਰੀ ਮਾਂ ਕੋਲ ਨਾ ਦੱਸੀਂ
ਉਹ ਤਾਂ ਰੋਊਗੀ ਵਿੱਚ ਬੁੜ੍ਹੀਆਂ ਦੇ ਬੈਠ ਕੇ ਮੈਂ ਬਾਰੀ
ਮੇਰੇ ਪਿਓ ਕੋਲ ਨਾ ਦੱਸੀਂ
ਉਹ ਤਾਂ ਰੋਊਗਾ ਵਿੱਚ ਪੰਚੈਤ ਦੇ ਬੈਠ ਕੇ ਮੈਂ ਬਾਰੀ
ਮੇਰੀ ਭੈਣ ਕੋਲ ਨਾ ਦੱਸੀਂ
ਉਹ ਤਾਂ ਹੱਸੂ ਵਿੱਚ ਤ੍ਰਿੰਜਣਾਂ ਦੇ ਬੈਠ ਕੇ ਮੈਂ ਬਾਰੀ
ਮੇਰੀ ਭਾਬੋ ਕੋਲ ਨਾ ਦੱਸੀਂ
ਉਹ ਤਾਂ ਹੱਸੂ ਵਿੱਚ ਬਹੂਆਂ ਦੇ ਬੈਠ ਕੇ ਮੈਂ ਬਾਰੀ
ਮੇਰੇ ਵੀਰ ਕੋਲ ਦੱਸੀਂ
ਆਊਗਾ ਨੀਲਾ ਘੋੜਾ ਪੀੜ ਕੇ ਮੈਂ ਬਾਰੀ

ਮਾਸੀ ਨੀ ਮਾਸੀ ਤੈਨੂੰ ਲੈ ਜਾਣ ਮਰਾਸੀ ਨੀ
ਭੈਣ ਮੇਰੀ ਨੂੰ ਤੋਰ ਦੇ ਮੈਂ ਬਾਰੀ
ਪੁੱਤਾ ਵੇ ਪੁੱਤ ਦਿਆ ਸਾਲਿਆ
ਤੂੰ ਲੱਗਿਆ ਮੇਰਾ ਮੋੜ ਦੇ ਮੈਂ ਬਾਰੀ
ਨੀ ਮਾਸੀ ਤੈਨੂੰ ਲੈ ਜਾਣ ਮਰਾਸੀ ਨੀ
ਭੈਣ ਮੇਰੀ ਨੂੰ ਤੋਰ ਦੇ ਮੈਂ ਬਾਰੀ

ਵੇ ਪੁੱਤਾ ਮੇਰੇ ਪੁੱਤ ਦਿਆ ਸਾਲਿਆ

ਬਰੀ ਮੇਰੀ ਮੋੜ ਦੇ ਮੈਂ ਬਾਰੀ
ਨੀ ਮਾਸੀ ਤੈਨੂੰ ਲੈ ਜਾਣ ਮਰਾਸੀ ਨੀ
ਚੜ੍ਹੀਆਂ ਕੜਾਹੀਆਂ ਪਕਦੀ ਸੀ ਮਠਿਆਈ
ਉਹੋ ਸਾਡੀ ਮੋੜ ਦੇ ਮੈਂ ਬਾਰੀ
ਪੁੱਤਾ ਮੇਰੇ ਪੁੱਤ ਦਿਆ ਸਾਲਿਆ
ਨੈਣ ਨੂੰ ਤਾਂ ਦਿੱਤਾ ਮੇਰਾ ਮੋੜ ਦੇ ਮੈਂ ਬਾਰੀ
ਨੀ ਮਾਸੀ ਤੈਨੂੰ ਲੈ ਜਾਣ ਮਰਾਸੀ
ਢੁਕਿਆ ਸੀ ਸ਼ਰੀਕਾ, ਮੰਨਿਆ ਸੀ ਸਾਰਾ ਮੈਂ ਬਾਰੀ
ਪੁੱਤਾ ਵੇ ਮੇਰੇ ਪੁੱਤ ਦਿਆ ਸਾਲਿਆ
ਢੋਈ ਸੀ ਸੱਗੀ ਉਹ ਸਾਡੀ ਮੋੜ ਦੇ ਮੈਂ ਬਾਰੀ
ਮਾਸੀ ਨੀ ਤੈਨੂੰ ਲੈ ਜਾਣ ਮਰਾਸੀ
ਦਿੱਤਾ ਸੀ ਸੰਦੂਕ ਭਰਿਆ, ਓਹੋ ਸਾਡਾ ਮੋੜ ਦੇ ਮੈਂ ਬਾਰੀ

ਵੇ ਪੁੱਤਾ! ਮੇਰੇ ਪੁੱਤ ਦਿਆ ਸਾਲਿਆ
ਧੀਓ ਤਾਂ ਮੇਰੀ ਮੈਂ ਕਿਵੇਂ ਤੋਰਦਾਂ ਮੈਂ ਬਾਰੀ

ਨੀ ਮਾਸੀ ਤੈਨੂੰ ਲੈ ਜਾਣ ਮਰਾਸੀ
ਭੈਣ ਮੇਰੀ ਨੂੰ ਦਿੰਨੀਂ ਐਂ ਖੁਰਚਣ
ਭੈਣ ਮੇਰੀ ਨੂੰ ਤੋਰਦੇ ਮੈਂ ਬਾਰੀ....

ਵਰ੍ਹਿਆਂ ਮਗਰੋਂ ਪ੍ਰਦੇਸੀਂ ਬੈਠੀ ਭੈਣ ਨੂੰ ਵੀਰ ਉਹਦੇ ਸਹੁਰੀਂ ਮਿਲਣ ਜਾਂਦਾ ਹੈ। ਉਹ ਉਸ ਨੂੰ ਕਿਧਰੇ ਨਜ਼ਰ ਨਹੀਂ ਆਉਂਦੀ। ਜ਼ਾਲਮ ਸੱਸ ਹੱਥੋਂ ਮਾਰੀ ਭੈਣ ਦੀ ਵਿਥਿਆ ਸਰੋਤਿਆਂ ਦੀ ਰੂਹ ਨੂੰ ਕੰਬਾ ਕੇ ਰੱਖ ਦੇਂਦੀ ਹੈ:

ਮਾਸੀ ਮੈਂ ਕਲ੍ਹ ਦਾ ਆਇਆ
ਨਜ਼ਰ ਨਾ ਆਈ ਮੇਰੀ ਭੈਣ
ਬੰਬੀਹਾ ਬੋਲੇ ਬਣ ਵਿੱਚ ਵੇ

ਗੋਹਾ ਸੁੱਟਣ ਉਹ ਗਈ
ਲੁੰਡਰ ਰਹੀ ਹੈ ਖੜੋ
ਬੰਬੀਹਾ ਬੋਲੇ ਬਣ ਵਿੱਚ ਵੇ

ਗੁਹਾਰੀਂ ਗੁਹਾਰੀਂ ਮੈਂ ਫਿਰਿਆ

ਕਿਤੇ ਨਜ਼ਰ ਨਾ ਆਵੇ ਅੰਮਾ ਜਾਈ
ਬੰਬੀਹਾ ਬੋਲੇ ਬਣ ਵਿੱਚ ਵੇ

ਪਾਣੀ ਭਰਨ ਉਹ ਗਈ
ਖੂਹੇ ਤੇ ਰਹੀ ਏ ਖੜੋ
ਬੰਬੀਹਾ ਬੋਲੇ ਬਣ ਵਿੱਚ ਵੇ

ਖੂਹੇ ਖੂਹੇ ਮੈਂ ਫਿਰਿਆ
ਕਿਤੇ ਨਜ਼ਰ ਨਾ ਆਵੇ ਅੰਮਾ ਜਾਈ
ਬੰਬੀਹਾ ਬੋਲੇ ਬਣ ਵਿੱਚ ਵੇ

ਅੰਦਰ ਵੜ ਕੇ ਦੇਖਦਾ
ਖਲ 'ਚ ਪਿੰਜਰ ਕੀਹਦਾ ਖੜਾ
ਬੰਬੀਹਾ ਬੋਲੇ ਬਣ ਵਿੱਚ ਵੇ

ਆਉਣਗੇ ਇਹਦੇ ਪਿਓਕੇ
ਕਿਹੜੇ ਦੇਵੇਂਗੀ ਜਵਾਬ
ਬੰਬੀਹਾ ਬੋਲੇ ਬਣ ਵਿੱਚ ਵੇ

ਹੱਥ 'ਕ ਕਢੂੰ ਘੁੰਗਰੜਾ
ਤਿਖੜੇ ਦੇਊਂਗੀ ਜਵਾਬ
ਬੰਬੀਹਾ ਬੋਲੇ ਬਣ ਵਿਚ ਵੇ

ਕਾਲੜੇ ਮੋਰ ਦਾ ਗੀਤ ਬਹੁਤ ਹੀ ਪਿਆਰਾ ਤੇ ਹਿਰਦੇਵੇਦਿਕ ਲੋਕ ਗੀਤ ਹੈ ਜਿਸ ਵਿੱਚ ਕਾਲੜੇ ਮੋਰ ਨੂੰ ਵੀਰ ਦੇ ਪ੍ਰਤੀਕ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਗੀਤ ਗਾਂਦਿਆਂ ਗਲਾ ਭਰ ਭਰ ਆਉਂਦਾ ਹੈ। ਅੱਖਾਂ ਸਿਮ ਸਿਮ ਜਾਂਦੀਆਂ ਹਨ:

ਚੜ੍ਹੀਆਂ ਤਾਂ ਫੌਜਾਂ ਰਾਜਾ
ਚੜ੍ਹੀਆਂ ਸ਼ਕਾਰ ਨੂੰ
ਸਭ ਕੁਝ ਮਾਰੀਂ ਰਾਜਾ
ਮਾਰੀਂ ਹਰਨਾਂ ਦੀ ਡਾਰ ਨੂੰ
ਇਕ ਨਾ ਮਾਰੀਂ ਰਾਜਾ
ਹੀਰੇ ਜੀ ਹਰਨ ਨੂੰ
ਰੰਡੀ ਹੋ ਜੂ ਹਰਨੀਆਂ ਦੀ ਡਾਰ ਜੀ

ਚੜ੍ਹੀਆਂ ਤਾਂ ਫੌਜਾ ਰਾਜਾ
ਚੜ੍ਹੀਆਂ ਸ਼ਕਾਰ ਨੂੰ
ਸਭ ਕੁਝ ਮਾਰੀਂ ਰਾਜਾ
ਸਭ ਕੁਝ ਮਾਰੀਂ ਵੇ
ਇਕ ਨਾ ਮਾਰੀਂ ਰਾਜਾ
ਕਾਲੜੇ ਮੋਰ ਨੂੰ
ਸੱਚ ਤਾਂ ਦੱਸੀਂ ਨੀ ਰਾਣੀ
ਝੂਠ ਨਾ ਬੋਲੀਂ ਨੀ
ਕੀ ਕੁਝ ਲਗਦਾ ਤੇਰਾ
ਕਾਲੜਾ ਮੋਰ ਨੀ
ਸੱਚ ਤਾਂ ਦਸਦੀ ਰਾਜਾ
ਝੂਠ ਨਾ ਬੋਲਦੀ
ਵੀਰਨ ਲਗਦਾ ਜੀ ਰਾਜਾ
ਕਾਲੜਾ ਮੋਰ ਜੀ
ਉੱਠੀਂ ਤਾਂ ਉੱਠੀਂ ਰਾਣੀ
ਕੁੰਡੜਾ ਖੋਹਲ ਨੀ
ਮਾਰ ਲਿਆਂਦਾ ਤੇਰਾ
ਕਾਲੜਾ ਮੋਰ ਨੀ
ਹੱਡ ਤਾਂ ਦੁਖਦੇ ਰਾਜਾ
ਢੂਹੀ ਨੂੰ ਪੀੜ ਜੀ
ਕੁੰਡੜਾ ਨਾ ਖੁਲ੍ਹਦਾ ਰਾਜਾ
ਬਾਹਾਂ ਨੂੰ ਪੀੜ ਜੀ
ਉੱਠੀ ਤਾਂ ਉੱਠੀਂ ਰਾਣੀ
ਚੁਲ੍ਹੇ ਵਲ ਹੋ ਨੀ
ਤੜਕਾ ਤਾਂ ਲਾਈਏ ਰਾਣੀ
ਕਾਲੜੇ ਮੋਰ ਨੂੰ
ਸਿਰ ਤਾਂ ਦੁਖਦਾ ਰਾਜਾ
ਮੱਥੇ ਨੂੰ ਪੀੜ ਜੀ
ਤੜਕਾ ਨਾ ਲਗਦਾ
ਕਾਲੜੇ ਮੋਰ ਨੂੰ

ਭੈਣਾਂ ਕੇਦੀ ਵੀ ਨਹੀਂ ਚਾਹੁੰਦੀਆਂ ਕਿ ਭਾਈਆਂ ਨਾਲੋਂ ਉਹਨਾਂ ਦਾ ਤੋੜ ਵਿਛੋੜਾ ਹੋ ਜਾਵੇ ਇਸ ਸਾਂਝ ਦਾ ਕੋਈ ਹੋਰ ਬਦਲ ਨਹੀਂ।

ਕੱਚੀਆਂ ਕਲੀਆਂ ਨਾ ਤੋੜ ਵੇ ਚੀਰੇ ਵਾਲਿਆ
ਇਨ੍ਹਾਂ ਕਲੀਆਂ ਦੀ ਬੜੀ ਵੇ ਬਹਾਰ
ਝੁਕ ਰਹੀਆਂ ਵੇ ਟਾਹਲੀਆਂ
ਭੈਣਾਂ ਨਾਲੋਂ ਭਾਈ ਨਾ ਤੋੜ
ਇਹਨਾਂ ਭਾਈਆਂ ਦੀ ਬੜੀ ਵੇ ਬਹਾਰ ਚੀਰੇ ਵਾਲਿਆ

ਚਾਚੇ ਤਾਏ ਕੋਲ ਦੀ ਲੰਘਗੇ
ਵੀਰ ਨਦੀਆਂ ਚੀਰਦੇ ਆਏ

ਚਾਚੇ ਤਾਏ ਮਤਲਬ ਦੇ
ਛੱਕਾਂ ਪੂਰਦੇ ਅੰਮਾਂ ਦੇ ਜਾਏ

ਭੈਣਾਂ ਸਦਾ ਵੀਰ ਦੀ ਸੁੱਖ ਲੋੜਦੀਆਂ ਹਨ। ਉਹ ਉਸ ਦੀ ਖ਼ੁਸ਼ਹਾਲੀ ਅਤੇ ਬੰਸ ਦੇ ਵਾਧੇ ਲਈ ਵਾਰ ਵਾਰ ਅਰਦਾਸ ਕਰਦੀਆਂ ਹਨ:

ਘਟਾ ਮੁੜਗੀ ਬਨੇਰੇ ਕੋਲ ਆ ਕੇ
ਵੀਰਾ ਕੁੱਛ ਪੁੰਨ ਕਰ ਲੈ

ਵੀਰਨ ਧਰਮੀ ਨੇ
ਸਣੇ ਬੈਲ ਗੱਡਾ ਪੁੰਨ ਕੀਤਾ

ਵੀਰਾ ਤੇਰੀ ਜੜ ਲਗ ਜੇ
ਵੇ ਮੈਂ ਨਿਤ ਬਰੁਮੇਂ ਜਲ ਪਾਵਾਂ

ਰੱਬਾ ਲਾ ਦੇ ਕੱਲਰ ਵਿੱਚ ਬੂਟਾ
ਵੀਰਨ ਧਰਮੀ ਦਾ

ਭੈਣ ਦੀ ਸੱਚੇ ਦਿਲੋਂ ਕੀਤੀ ਜੋਦੜੀ ਅਜਾਈਂ ਨਹੀਂ ਜਾਂਦੀ। ਵੀਰ ਦੇ ਘਰ ਪੁੱਤ ਦਾ ਜਨਮ ਭੈਣ ਲਈ ਖ਼ੁਸ਼ੀਆਂ ਦੇ ਢੋਏ ਲੈ ਕੇ ਆਉਂਦਾ ਹੈ :

ਚੰਦ ਚੜ੍ਹਿਆ ਬਾਪ ਦੇ ਵਿਹੜੇ
ਵੀਰ ਘਰ ਪੁੱਤ ਜਨਮਿਆ

ਵੇ ਮੈਂ ਚੱਕ ਕੇ ਭਤੀਜੇ ਨੂੰ
ਬਿੰਨ ਪੌੜੀ ਚੜ੍ਹ ਜਾਵਾਂ

ਵੀਰ ਘਰ ਪੁੱਤ ਜਰਮਿਆਂ
ਕੁੱਛ ਮੰਗ ਲੈਂ ਛੋਟੀਏ ਭੈਣੇਂ

ਮੈਂ ਨਾ ਵੇ ਕੁੱਛ ਲੈਣਾ ਵੀਰਨਾ
ਪੁੱਤ ਤੇਰਾ ਵੇ ਭਤੀਜਾ ਮੇਰਾ

ਪੁੱਤ ਤੇਰਾ ਵੇ ਭਤੀਜਾ ਮੇਰਾ
ਨਾਉਂ ਜੜ ਮਾਪਿਆਂ ਦੀ

ਵੀਰ ਵੀ ਖ਼ੁਸ਼ੀ ਵਿੱਚ ਖੀਵਾ ਹੋਇਆ ਭੈਣ ਨੂੰ ਮੱਝੀਆਂ ਦੇ ਸੰਗਲ ਫੜਾਉਂਦਾ ਹੈ:

ਵੀਰ ਮੱਝੀਆਂ ਦੇ ਸੰਗਲ ਫੜਾਵੇ
ਭਾਬੋ ਮੱਥੇ ਪਾਵੇ ਤਿਊੜੀਆਂ

ਭੈਣ ਨੂੰ ਕਿਸੇ ਵਿਸ਼ੇਸ਼ ਵਸਤੂ ਦੀ ਲੋੜ ਨਹੀਂ। ਉਹ ਤਾਂ ਉਹਦੀ ਖ਼ੁਸ਼ਹਾਲੀ ਦੀ ਕਾਮਨਾ ਕਰਦੀ ਹੈ :

ਸਰਦੈ ਤਾਂ ਦਈਂ ਵੀਰਨਾ
ਚਿੱਟੀ ਕੁੜਤੀ ਗੁਲਾਬੀ ਝੋਨਾ

ਵੀਰਾ ਵੇ ਨਰੰਜਣ ਸਿਆਂ
ਤੇਰੀ ਉਸਰੇ ਲਾਲ ਹਵੇਲੀ

ਉਹ ਤਾਂ ਵੀਰ ਦੇ ਪਿਆਰ ਦੀ ਭੁੱਖੀ ਹੈ '

ਸਰਵਣ ਵੀਰ ਬਿਨਾਂ
ਮੇਰੀ ਗੱਠੜੀ ਦਰਾਂ ਵਿੱਚ ਰੁਲਦੀ

ਟੁੱਟ ਕੇ ਨਾ ਬਹਿ ਜੀਂ ਵੀਰਨਾ
ਭੈਣਾਂ ਵਰਗਾ ਸਾਕ ਨਾ ਕੋਈ

ਵੀਰਾ ਵੇ ਬੁਲਾ ਸੁਹਣਿਆਂ
ਤੈਨੂੰ ਵੇਖ ਕੇ ਭੁੱਖੀ ਰੱਜ ਜਾਵਾਂ

# ਹੰਸਾ ਵੀਰ ਦਾ ਗੀਤ

ਪੰਜਾਬੀ ਸਮਾਜ ਵਿੱਚ ਭੈਣ ਭਰਾ ਦੇ ਰਿਸ਼ਤੇ ਦੀ ਵਿਲੱਖਣ ਥਾਂ ਹੈ। ਮਾਵਾਂ ਭੈਣਾਂ ਦੀ ਸਾਂਝ ਜਗ ਜਾਹਰ ਹੈ। ਮਾਂ ਤੋਂ ਬਾਅਦ ਭੈਣ ਆਪਣੇ ਭਰਾ ਨੂੰ ਸਭ ਤੋਂ ਵਧੇਰੇ ਆਦਰ ਮਾਣ ਤੇ ਪਿਆਰ ਦਿੰਦੀ ਹੈ! ਭਰਾ ਲਈ ਉਹ ਹਰ ਦੁੱਖ ਜਰਨ ਲਈ ਤਤਪਰ ਰਹਿੰਦੀ ਹੈ। ਉਸ ਲਈ ਸੈਆਂ ਸੁੱਖਾਂ ਸੁਖਦੀ ਹੈ। ਉਹ ਤਾਂ ਉਹਦਾ ਵਾਲ ਵਿੰਗਾ ਵੀ ਨਹੀਂ ਹੋਣ ਦੇਣਾ ਚਾਹੁੰਦੀ।

ਕੀ ਕੋਈ ਭੈਣ ਆਪਣੇ ਵੀਰ ਦਾ ਬੁਰਾ ਲੋਚ ਸਕਦੀ ਹੈ? ਕਈ ਵਾਰ ਪ੍ਰਸਥਿਤੀਆਂ ਹੀ ਅਜਿਹੀਆਂ ਵਾਪਰ ਜਾਂਦੀਆਂ ਹਨ ਕਿ ਭੈਣ ਨੂੰ ਅਜਿਹਾ ਕਾਰਜ ਕਰਨਾ ਪੈ ਜਾਂਦਾ ਹੈ ਜਿਸ ਬਾਰੇ ਕਦੀ ਸੋਚਿਆ ਵੀ ਨਹੀਂ ਜਾ ਸਕਦਾ। ਪੰਜਾਬ ਦੇ ਲੋਕ ਗੀਤ ਇਕੱਤਰ ਕਰਦਿਆਂ ਮੈਨੂੰ ਅਜਿਹੇ ਦੋ ਪੁਰਾਤਨ ਤੇ ਇਤਿਹਾਸਕ ਲੋਕ ਗੀਤ ਪ੍ਰਾਪਤ ਹੋਏ ਹਨ ਜਿਨ੍ਹਾਂ ਵਿੱਚ ਭੈਣ ਆਪਣੇ ਵੀਰ ਨੂੰ ਆਪਣੇ ਹੱਥੀਂ ਮਰਵਾਉਣ ਜਿਹਾ ਘਿਨਾਉਣਾ ਕਾਰਜ ਕਰਦੀ ਹੈ।

ਪਹਿਲਾ ਗੀਤ ਮੋਰਾਂ ਨਣਦ ਦਾ ਹੈ। ਇਸ ਗੀਤ ਵਿੱਚ ਭੈਣ ਦਾ ਹੰਸਾ ਵੀਰ ਉਸ ਨੂੰ ਮਿਲਣ ਲਈ ਉਹਦੇ ਸਹੁਰੀਂ ਆਉਂਦਾ ਹੈ। ਹੰਸਾ ਨੂੰ ਭੈਣ ਦੀ ਨਣਦ ਮੋਰਾਂ ਚੰਗੀ ਚੰਗੀ ਲਗਦੀ ਹੈ ਤੇ ਉਹ ਉਸ ਤੇ ਫਿਦਾ ਹੋ ਜਾਂਦਾ ਹੈ। ਉਹ ਉਸ ਲਈ ਪਿਆਰ ਨਿਸ਼ਾਨੀ ਵਜੋਂ ਨੌਂ ਲੜਾ ਹਾਰ ਲੈ ਕੇ ਆਉਂਦਾ ਹੈ। ਨਾਲੇ ਆਪਣੀ ਭੈਣ ਮੂਹਰੇ ਉਹਦੇ ਰੂਪ ਦੀਆਂ ਸਿਫ਼ਤਾਂ ਕਰਦਾ ਹੈ। ਪਰੰਤੂ ਭੈਣ ਨੂੰ ਇਹ ਗਲ ਸੁਖਾਂਦੀ ਨਹੀਂ। ਔਰਤਾਂ ਦੀ ਈਰਖਾਲੂ ਪ੍ਰਵਿਰਤੀ ਅਤੇ ਲੋਕ ਨੈਤਿਕਤਾ ਕਾਰਨ ਭੈਣ ਇਹ ਬਰਦਾਸ਼ਤ ਨਹੀਂ ਕਰ ਸਕਦੀ ਕਿ ਉਹਦਾ ਭਰਾ ਉਹਦੀ ਨਣਦ ਨੂੰ ਪਿਆਰ ਕਰੇ। ਨਾ ਹੀ ਸਾਡਾ ਸਮਾਜ ਅਜਿਹਾ ਕਰਨ ਦੀ ਆਗਿਆ ਦੇਂਦਾ ਹੈ। ਹੰਸਾ ਮੋਰਾਂ ਨੂੰ ਕਢ ਕੇ ਲੈ ਜਾਂਦਾ ਹੈ। ਭੈਣ ਆਪ ਕੋਠੇ ਤੇ ਚੜ੍ਹ ਕੇ ਰੌਲਾ ਪਾ ਦਿੰਦੀ ਹੈ ਕਿ ਉਹਦਾ ਹੰਸਾ ਵੀਰ ਉਹਦੀ ਨਣਦ ਨੂੰ ਕਢ ਕੇ ਲੈ ਗਿਆ ਹੈ। ਮੋਰਾਂ ਦੇ ਭਰਾ ਉਹਨੂੰ ਵੱਢ ਦੇਂਦੇ ਹਨ। ਇਸ ਖ਼ੁਸ਼ੀ ਵਿੱਚ ਉਹ ਲੱਡੂ ਵੰਡਦੀ ਹੈ। ਗੀਤ ਦੇ ਬੋਲ ਹਨ:

ਕੋਠੇ ਚੜ੍ਹਦੀ ਲੋਕੋ ਕਾਂ ਨੂੰ ਉਡਾਂਵਦੀ
ਕਿਤੇ ਆਂਵਦਾ ਲੋਕੋ ਹੰਸਾ ਵੀਰ ਵੇ
ਅਜ ਨਹੀਂ ਆਂਵਦਾ ਕਲ੍ਹ ਨਹੀਂ ਆਂਵਦਾ
ਪਰਸੋਂ ਨੀਂ ਆਂਵਦਾ ਕੁੜੀਏ ਹੰਸਾ ਵੀਰ

ਕਿਥੋਂ ਆਇਐਂ ਹੰਸਾ ਕਿੱਥੇ ਨੂੰ ਜਾਣਾ
ਕਿਥੇ ਪੈ ਗਈ ਹਨੇਰੀ ਰਾਤ
ਉੱਚੇ ਤੇ ਆਇਆ ਬੀਬੀ ਨੀਵੇਂ ਨੂੰ ਜਾਣਾ
ਓਥੇ ਪੈ ਗਈ ਕੁੜੀਏ ਹਨੇਰੀ ਰਾਤ
ਕਿੱਥੇ ਬੰਨ੍ਹਾਂ ਬੀਬੀ ਨੀਲਾ ਘੋੜਾ
ਕਿੱਥੇ ਟੰਗਦਾਂ ਬੀਬੀ ਤੀਰ ਕਮਾਨ
ਬਾਗੀਂ ਛੋਡਦੇ ਵੀਰਾ ਨੀਲਾ ਘੋੜਾ
ਕੀਲੇ ਟੰਗਦੇ ਵੀਰਾ ਤੀਰ ਕਮਾਨ ਵੇ
ਕੀ ਕੁਛ ਲਿਆਇਆ ਵੀਰਾ ਮੇਰੀ ਸੱਸ ਨੂੰ
ਕੀ ਕੁਛ ਲਿਆਇਆ ਮੋਰਾਂ ਨਣਦ ਨੂੰ
ਟੁੱਟੀ ਜਹੀ ਟੇਂਗਣੀ ਤੇਰੀ ਸੱਸ ਨੂੰ
ਨੌ ਲੜਾ ਹਾਰ ਕੁੜੀਏ ਮੋਰਾਂ ਨਣਦ ਨੂੰ
ਖੜੀਓ ਫੂਕ ਦਾਂ ਟੁਟੀ ਜਹੀ ਟੈਂਗੜੀ
ਨਦੀਓ ਹੜਾ ਦਵਾਂ ਵੀਰਾ ਨੌ ਲੜੇ ਹਾਰ ਨੂੰ
ਮੰਜਾ ਡਾਹ ਦਈਂ ਬੀਬੀ ਹਨੇਰੀ ਕੋਠੜੀ
ਗੱਲਾਂ ਕਰਨੀਆਂ ਬੀਬੀ ਭੈਣ ਭਰਾਈਆਂ
ਉਹ ਬੀਬੀ ਅਸੀਂ ਦੇਖਣੀ ਜਿਹੜੀ ਤੇਰੀ ਮੋਰਾਂ ਨਣਦ ਐ
ਉਹ ਦੇਖਣੀ ਅਸੀਂ ਬਰ ਜਰੂਰ ਐ
ਅੱਖਾਂ ਨੇ ਉਹਦੀਆਂ ਵੀਰਾ ਚੁੰਨ੍ਹਮ ਚੁੰਨ੍ਹੀਆਂ
ਮੂੰਹ ਹੈ ਉਹਦਾ ਵੀਰਾ ਖੱਖਰ ਖਾਧੜਾ
ਅੱਖਾਂ ਉਹਦੀਆਂ ਬੀਬੀ ਅੰਬਾਂ ਦੀਆਂ ਫਾੜੀਆਂ
ਮੂੰਹ ਹੈ ਉਹਦਾ ਬੀਬੀ ਗਲਗਲ ਵਰਗਾ
ਪੰਜ ਉਹਦੇ ਭਾਈ ਨੇ ਵੀਰਾ, ਸਤ ਉਹਦੇ ਭਤੀਜੜੇ
ਉਹ ਤੈਨੂੰ ਮਾਰਨਗੇ ਵੀਰਾ, ਬਰ ਜਰੂਰ ਵੇ
ਪੰਜਾਂ ਨੂੰ ਵਢ ਦੂੰ ਸੱਤਾਂ ਨੂੰ ਟੁੱਕਦੂੰ
ਮੈਂ ਲੈ ਜਾਊਂ ਬੀਬੀ ਮੋਰਾਂ ਨੂੰ ਨਾਲੇ
ਕੋਠੇ ਚੜ੍ਹਦੀ ਲੋਕੋ ਡੰਡ ਪਾਂਵਦੀ ਲੋਕੋ
ਹੰਸਾ ਲੈ ਗਿਆ ਲੋਕੋ ਮੋਰਾਂ ਨਣਦ ਨੂੰ
ਕੋਠੇ ਚੜ੍ਹਦੀ ਲੋਕੋ ਲੱਡੂ ਵੰਡਦੀ
ਹੰਸਾ ਵਢਿਆ ਲੋਕੋ ਵਿੱਚ ਮੈਦਾਨ ਦੇ
ਕੋਠੇ ਚੜ੍ਹਦੀ ਲੋਕੋ ਕਾਂ ਉਡਾਂਵਦੀ
ਹੰਸਾ ਵਢਿਆ ਲੋਕੋ ਮੋਰਾਂ ਨਣਦ ਨੇ

ਦੂਜਾ ਗੀਤ ਮੈਨੂੰ ਇਕ ਬਾਜ਼ੀਗਰਨੀ ਪਾਸੋਂ ਪ੍ਰਾਪਤ ਹੋਇਆ ਸੀ। ਇਸ

ਗੀਤ ਵਿੱਚ ਭੈਣ ਲਾਲਚ ਵਿੱਚ ਆ ਕੇ ਆਪਣੇ ਵੀਰ ਦਾ ਕਤਲ ਕਰਵਾਉਂਦੀ ਹੈ। ਵੀਰ ਪ੍ਰਦੇਸਾਂ 'ਚੋਂ ਖੱਟੀ ਕਰਕੇ ਘਰ ਆਉਂਦਾ ਹੈ। ਉਹ ਭੈਣ ਦੇ ਸਹੁਰੀਂ ਉਹਨੂੰ ਮਿਲਣ ਜਾਂਦਾ ਹੈ। ਗੱਲਾਂ ਗੱਲਾਂ 'ਚ ਭੈਣ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦੇ ਪਾਸ ਪੰਜ ਸੌ ਰੁਪਏ ਹਨ। ਪੁਰਾਤਨ ਸਮਿਆਂ 'ਚ ਪੰਜ ਸੌ ਰੁਪਏ ਅਜ ਦੇ ਹਜ਼ਾਰਾਂ ਬਰਾਬਰ ਸਨ। ਲਾਲਚ ਵਸ ਉਹ ਆਪਣੇ ਸਹੁਰੇ, ਪਤੀ ਅਤੇ ਪੁੱਤਰ ਨੂੰ ਆਖਦੀ ਹੈ ਕਿ ਉਹ ਉਸ ਦੇ ਸੁੱਤੇ ਪਏ ਭਰਾ ਨੂੰ ਵਢ ਦੇਣ ਤਾਂ ਜੋ ਮਾਇਆ ਉਹਨਾਂ ਦੇ ਕੋਲ ਰਹਿ ਜਾਵੇ ਪਰੰਤੂ ਉਹ ਅਜਿਹਾ ਅਨੈਤਕ ਕੰਮ ਨਹੀਂ ਕਰਦੇ ਬਲਕਿ ਉਸ ਨੂੰ ਫਿਟਲਾਹਣਤਾਂ ਪਾਉਂਦੇ ਹਨ। ਆਖਰ ਉਹ ਆਪਣੇ ਦਿਉਰ ਪਾਸੋਂ ਆਪਣੇ ਭਰਾ ਦੇ ਟੁਕੜੇ ਟੁਕੜੇ ਕਰਵਾ ਕੇ ਉਸ ਦੀ ਲਾਸ਼ ਨੂੰ ਭੜੋਲੇ ਵਿੱਚ ਬੰਦ ਕਰ ਦਿੰਦੀ ਹੈ। ਵੀਰ ਦਾ ਭੌਰ ਉਡ ਕੇ ਮਾਂ ਪਾਸ ਜਾਂਦਾ ਹੈ। ਮਾਂ ਪੁੱਤ ਦੇ ਵਿਯੋਗ ਵਿੱਚ ਧਾਹਾਂ ਮਾਰਦੀ ਹੋਈ ਧੀ ਦੇ ਸਹੁਰੀਂ ਆਉਂਦੀ ਹੈ। ਕੁਦਰਤ ਦਾ ਕ੍ਰਿਸ਼ਮਾ ਦੇਖੋ। ਪੁਰੇ ਦੀ ਵਾ ਵਗਦੀ ਹੈ ਤੇ ਭੜੋਲਾ ਫਿਸ ਜਾਂਦਾ ਹੈ। ਧੀ ਨੂੰ ਅਤੇ ਉਸ ਦੇ ਦਿਓਰ ਨੂੰ ਫਾਹੇ ਲਾ ਦਿੱਤਾ ਜਾਂਦਾ ਹੈ।

ਇਕ ਭੈਣ ਦਾ ਭਾਈ
ਓਹੀ ਪ੍ਰਦੇਸ ਨੀ ਗਿਆ
ਕੁੱਟਿਆ ਚੂਰੀ ਦਾ ਛੰਨਾ
ਵੀਰੇ ਦਾ ਭੇਤ ਨੀ ਲਿਆ
ਕੈ ਸੌ ਵੀਰਾ ਤੇਰੇ ਪੱਲੇ
ਕੈ ਸੌ ਘਰ ਵੇ ਪਿਆ
ਪੰਜ ਸੌ ਬੀਬੀ ਮੇਰੇ ਪੱਲੇ
ਢਾਈ ਸੌ ਘਰ ਨੀ ਪਿਆ
ਭੱਜੀ ਭੱਜੀ ਜਾਂਦੀ ਐ ਸਹੁਰੇ ਦੇ ਕੋਲ
ਉਠੀਂ ਸਹੁਰਿਆ ਸੁੱਤਿਆ
ਨੂੰਹ ਅੱਗੋਂ ਅਰਜ਼ ਕਰੇ
ਵੀਰ ਮੇਰੇ ਨੂੰ ਵੱਢ
ਮਾਇਆ ਘਰੇ ਰਹੇ
ਬੈਠ ਨੂੰਹੇ ਕਮਜ਼ਾਤੇ
ਕਣਮੇਟਾ ਮੇਰਾ ਕੌਣ ਨੀ ਬਣੂੰਗਾ
ਭੱਜੀ ਭੱਜੀ ਕੰਤ ਕੋਲ ਜਾਂਦੀ ਐ
ਉੱਠੀਂ ਕੰਤਾ ਸੁਤਿਆ
ਵੀਰ ਮੇਰੇ ਨੂੰ ਵੱਢ
ਮਾਇਆ ਘਰੇ ਰਹੇ
ਨੀ ਬੈਠ ਕੁੱਤੀਏ ਕਮਜ਼ਾਤੇ

ਸਾਲੇ ਦੋ ਤੇ ਨਾ ਚਾਰ
ਸੋਟੀ ਕੌਣ ਧਰਾਊਗਾ
ਭੱਜੀ ਭੱਜੀ ਪੁੱਤ ਕੋਲ ਜਾਂਦੀ ਐ
ਉੱਠੀਂ ਪੁੱਤਾ ਸੁੱਤਿਆ
ਮਾਮੇ ਆਪਣੇ ਨੂੰ ਵੱਢ
ਮਾਇਆ ਘਰੇ ਰਹੇ
ਬੈਠ ਮਾਏਂ ਕੁੱਤੀਏ ਕਮਜ਼ਾਤੇ
ਮਾਮਾ ਮੇਰਾ ਕੌਣ ਨੀ ਬਣੂੰਗਾ
ਭੱਜੀ ਭੱਜੀ ਦਿਓਰ ਕੋਲ ਜਾਂਦੀ ਐ
ਉਠੀਂ ਦਿਓਰਾ ਸੁੱਤਿਆ
ਭਾਬੋ ਅਰਜ਼ ਕਰੇ
ਵੀਰ ਮੇਰੇ ਨੂੰ ਵੱਢ
ਮਾਇਆ ਘਰੇ ਰਹੇ
ਦਿਓਰ ਨੇ ਖਿੱਚੀ ਤਲਵਾਰ
ਟੋਟੇ ਚਾਰ ਨੀ ਕਰੇ
ਚੁੱਕਿਆ ਭੜੋਲੇ ਵਿੱਚ ਛੁਪਾ ਨੀ ਦਿੱਤਾ

ਉਡਿਆ ਭੌਰ ਨਮਾਣਾ
ਮਾਂ ਦੇ ਖੱਖ ਨੇ ਗਿਆ
ਉਠੀਂ ਨੀ ਮਾਏਂ ਸੁੱਤੀਏ
ਪੁੱਤ ਤੇਰਾ ਮਰ ਨੀ ਗਿਆ

ਭੱਜੀ ਭੱਜੀ ਮਾਂ ਧੀ ਕੋਲ ਆਈ ਐ
ਏਥੇ ਤੇਰਾ ਵੀਰ ਨੀ ਆਇਆ
ਵਗੀ ਪੁਰੇ ਦੀ ਵਾਲ
ਭੜੋਲਾ ਫਿਸ ਨੀ ਗਿਆ
ਲੋਕੋ ਮੇਰੀ ਧੀ ਕੰਜਰੀ
ਵੀਰਨ ਆਇਆ ਵਢਾ ਨੀ ਲਿਆ
ਧੀ ਨੂੰ ਦਿੱਤਾ ਫਾਹੇ
ਦਿਓਰ ਨੂੰ ਸੂਲੀ ਟੰਗ ਨੀ ਲਿਆ

ਗੀਤ ਸਮਾਪਤ ਹੁੰਦਾ ਹੈ। ਵਾਤਾਵਰਣ ਵਿੱਚ ਸੋਗ ਦੀ ਲਹਿਰ ਦੌੜ ਜਾਂਦੀ ਹੈ। ਕੋਈ ਆਵਾਜ਼ ਉਭਰਦੀ ਹੈ। ਹਾਏ! ਹਾਏ! ਨੀ ਲੋਹੜਾ ਮਾਰਤਾ ਖ਼ੂਨਣ ਭੈਣ ਨੇ। ਨਰਕਾਂ 'ਚ ਵੀ ਢੋਈ ਨੀ ਮਿਲਣੀ ਖ਼ੂਨਣ ਨੂੰ।

# ਗੋਰੀ ਦਾ ਗੱਭਰੂ

**ਪੰਜਾਬ** ਦੀ ਬੇਟੀ ਦੇ ਮੁਟਿਆਰ ਹੁੰਦਿਆਂ ਸਾਰ ਹੀ ਮਾਪਿਆਂ ਲਈ ਵਰ ਟੋਲਣ ਦੀ ਸੋਚ ਖੜੀ ਹੋ ਜਾਂਦੀ ਹੈ। ਧੀ ਤੋਂ ਚੋਰੀ ਮਾਂ ਬਾਪ ਆਪਣੀ ਪਿਆਰੀ ਲਾਡੋ ਲਈ ਪਿਆਰਾ ਸਾਥ ਲੱਭਣ ਦੇ ਉਪਰਾਲੇ ਕਰਦੇ ਹਨ। ਜੇ ਚੰਗਾ ਹਾਣ ਪਰਵਾਨ ਮਿਲ ਗਿਆ ਤਾਂ ਵਾਹ ਵਾਹ ਨਹੀਂ ਸੰਜੋਗਾਂ ਦਾ ਮੇਲ ਆਖ ਆਪਣੇ ਸਿਰੋਂ ਭਾਰ ਲਾਹ ਲਿਆ ਜਾਂਦਾ ਹੈ। ਧੀ ਦੀ ਕੋਈ ਰਾਏ ਤਕ ਨਹੀਂ ਲੈਂਦਾ।

ਗੋਰੀ ਦੇ ਕੰਨੀਂ ਵੀ ਏਸ ਢੂੰਡ ਦੀ ਭਿਣਕ ਪੈ ਜਾਂਦੀ ਹੈ, ਤਦ ਉਹ ਆਪਣੇ ਹੁਸੀਨ ਸਾਥ ਬਾਰੇ ਕਈ ਇਕ ਰਾਂਗਲੇ ਸੁਪਨੇ ਉਣਦੀ ਹੈ, ਲੋਕ ਗੀਤਾਂ ਦੇ ਬੋਲਾਂ ਦਾ ਸਹਾਰਾ ਲੈ ਆਪਣੇ ਮਨੋ-ਭਾਵਾਂ ਦਾ ਪ੍ਰਗਟਾ ਕਰਦੀ ਹੈ: -

ਵਰ' ਜੁ ਟੋਲਣ ਚਲਿਆ ਪਿਓ ਮੇਰਿਆ
ਰਾਜੇ ਬਨਸੀਆ
ਪੱਲੇ ਬੰਨ੍ਹ ਲੈ ਬਾਬਲਾ ਦੰਮ ਵੇ
ਚੌਂਪੜ ਖੇਲਦੇ ਦੋ ਜਣੇ
ਪਿਓ ਮੇਰਿਆ ਰਾਜੇ ਬੰਸੀਆ ਵੇ
ਇਕੋ ਜੇਹੀੜੇ ਛੈਲ ਵੇ
ਇਕ ਦੇ ਹੱਥ ਬੰਸਰੀ
ਦੂਜੇ ਹੱਥ ਮੋਰ ਵੇ
ਬੱਜਣ ਲੱਗੀ ਬੰਸਰੀ
ਕੂਕਣ ਲੱਗੇ ਮੋਰ ਵੇ
ਗੋਰਾ ਗੋਰਾ ਮੈਂ ਵਰਾਂ
ਕਾਲੇ ਜੇਹੀੜੇ ਕੋਈ ਹੋਰ ਵੇ

ਜੇ ਸਾਥੀ ਕਾਲਾ ਟੱਕਰ ਜਾਵੇ ਤਾਂ ਉਹ ਉਹਨੂੰ ਅਪਣਾ ਸੀਰੀ ਦਸਦੀ ਹੈ। ਅਪਣੇ ਗੋਰੇ ਸਾਥੀ ਨੂੰ ਬੜੇ ਮਾਣ ਨਾਲ਼ ਪਟਵਾਰੀ ਆਖਦੀ ਹੈ। ਕਾਲਾ ਘਰ ਵਿੱਚ ਹਨੇਰਾ ਕਰ ਦੇਂਦਾ ਏ ਤੇ ਗੋਰਾ ਹਾਣ ਚਾਨਣ ਦਾ ਢੌਆ ਦੇਂਦਾ ਹੈ: -

ਕੁੜਤੀ ਨੀ ਗੀਲ ਦੀਏ
ਕਾਲੇ ਨੂੰ ਮੈਂ ਮੰਗੀ
ਨੀ ਗੀਲ ਦੀਏ
ਕਾਲਾ ਵਿਆਹੁਣ ਆਇਆ ਨੀ
ਨੀ ਗੀਲ ਦੀਏ
ਕੁੜਤੀ ਨੀ ਗੀਲ ਦੀਏ
ਕਾਲਾ ਅੰਦਰ ਬੜਿਆ ਨੀ
ਨੀ ਗੀਲ ਦੀਏ
ਅੰਦਰ ਹਨੇਰਾ ਹੋਇਆ ਨੀ
ਨੀ ਗੀਲ ਦੀਏ
ਅੰਦਰ ਹਨੇਰਾ ਹੋਇਆ ਨੀ
ਨੀ ਗੀਲ ਦੀਏ
ਕਾਲਾ ਲੈ ਕੇ ਤੁਰਿਆ ਨੀ
ਨੀ ਗੀਲ ਦੀਏ
ਹਾਲੀ ਪਾਲੀ ਪੁੱਛਣ ਲੱਗੇ
ਇਹ ਤੇਰਾ ਕੀ ਲੱਗਦਾ ਨੀ
ਨੀ ਗੀਲ ਦੀਏ
ਰੋਂਦੀ ਕੁਰਲਾਂਦੀ ਦੱਸਣ ਲੱਗੀ
ਇਹ ਮੇਰਾ ਸੀਰੀ ਨੀ
ਨੀ ਗੀਲ ਦੀਏ
ਕੁੜਤੀ ਨੀ ਗੀਲ ਦੀਏ
ਗੋਰੇ ਨੂੰ ਮੈਂ ਮੰਗੀ
ਨੀ ਗੀਲ ਦੀਏ
ਗੋਰਾ ਵਿਆਹੁਣ ਆਇਆ ਨੀ
ਨੀ ਗੀਲ ਦੀਏ
ਅੰਦਰ ਚਾਨਣ ਹੋਇਆ ਨੀ
ਨੀ ਗੀਲ ਦੀਏ
ਗੋਰਾ ਲੈ ਕੇ ਤੁਰਿਆ ਨੀ
ਨੀ ਗੀਲ ਦੀਏ
ਰਾਹੀ ਪਾਹੀ ਪੁਛਦੇ ਮੈਨੂੰ
ਇਹ ਤੇਰਾ ਕੀ ਲੱਗਦਾ ਨੀ
ਨੀ ਗੀਲ ਦੀਏ

ਹਸਦੀ ਤੁਸਦੀ ਦੱਸਣ ਲੱਗੀ
ਇਹ ਮੇਰਾ ਪਟਵਾਰੀ ਨੀ
ਨੀ ਗੀਲ ਦੀਏ
ਕੁੜਤੀ ਨੀ ਗੀਲ ਦੀਏ
ਨੀ ਅੱਜ ਘਰ ਬਾਰਨ ਹੋਈ ਨੀ
ਕੁੜਤੀ ਨੀ ਗੀਲ ਦੀਏ

ਕਾਲਾ ਭੂੰਡ ਸਹੇੜਨ ਤੋਂ ਵੀ ਡਰਦੀ ਹੈ : -

ਕਾਲਾ ਭੂੰਡ ਨਾ ਸਹੇੜੀਂ ਮੇਰੇ ਬਾਬਲਾ
ਘਰ ਦਾ ਮਾਲ ਡਰੂ

ਕਾਲਾ ਵਰ ਲੱਭਾ ਮਾਪਿਆਂ
ਉਹਨੂੰ ਸੁਰਮਾ ਬਣਾ ਕੇ ਪਾਵਾਂ

ਗੋਰੀ ਦੀ ਮਨ ਪਸੰਦ ਤਾਂ ਹੈ: -

ਸੁੱਤੀ ਪਈ ਨੂੰ ਪੱਖੇ ਦੀ ਝੱਲ ਮਾਰੇ
ਉਹ ਵਰ ਟੋਲੀਂ ਬਾਬਲਾ

ਗੋਰੀ ਗੱਭਰੂ ਵਰ ਪਾਕੇ ਹੁਸੀਨ ਹੋ ਜਾਂਦੀ ਹੈ। ਗੀਤ ਦੇ ਬੋਲ ਹਨ: -

ਮੇਰਾ ਸਾਕ ਲਜਾਈਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਨਾਭੇ ਸ਼ਹਿਰ ਮੇਰਾ ਮੰਗਣਾ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਕਾਲਾ ਵਰ ਨਾ ਟੋਲੀਂ
ਜੈ ਕੁਰੇ ਨੀ ਨੈਣੇ
ਕੋਠੇ ਚੜ੍ਹਕੇ ਦੇਖਣ ਲੱਗੀ
ਸਾਵਣ ਦੀ ਘਟ ਆਵੇ

ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਹੁਣ ਕੀ ਲਾਜ ਬਣਾਵਾਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ।
ਛਮਕਾਂ ਦੀ ਮਾਰ ਬਰਸਾਵਾਂ
ਜੈ ਕੁਰੇ ਨੀ ਨੈਣੇ

ਨਾਭੇ ਸ਼ਹਿਰ ਮੇਰਾ ਮੰਗਣਾ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਲੰਬਾ ਵਰ ਨਾ ਟੋਲੀਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਕੋਠੇ ਚੜ੍ਹਕੇ ਦੇਖਣ ਲੱਗੀ
ਬ੍ਰਿਛ ਝੂਲਦਾ ਆਵੇ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਹੁਣ ਕੀ ਲਾਜ ਬਣਾਵਾਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਛਮਕਾਂ ਦੀ ਮਾਰ ਬਰਸਾਵਾਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ

ਮੇਰਾ ਸਾਕ ਲਜਾਈਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਨਾਭੇ ਸ਼ਹਿਰ ਮੇਰਾ ਮੰਗਣਾ
ਜੈ ਕੁਰੇ ਨੀ ਨੈਣੇ
ਮਧਰਾ ਵ਼ਰ ਨਾ ਟੋਲੀਂ
ਜੈ ਕੁਰੇ ਨੀ ਨੈਣੇ

ਸ਼ਾਵਾ ਜੈ ਕੁਰੇ ਨੀ ਨੈਣੇ
ਕੋਠੇ ਚੜ੍ਹਕੇ ਦੇਖਣ ਲੱਗੀ
ਰਿਹੜਾ ਰੁੜਿਆ ਆਵੇ
ਜੈ ਕੁਰੇ ਨੀ ਨੈਣੇ
ਹੁਣ ਕੀ ਲਾਜ ਬਣਾਵਾਂ
ਜੈ ਕੁਰੇ ਨੀ ਨੈਣੇ
ਛਮਕਾਂ ਦੀ ਮਾਰ ਬਰਸਾਵਾਂ
ਜੈ ਕੁਰੇ ਨੀ ਨੈਣੇ

ਸ਼ਾਵਾ ਜੈ ਕੁਰੇ ਨੀ ਨੈਣੇ
ਮੇਰਾ ਸਾਕ ਲਜਾਵੀਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਨਾਭੇ ਸ਼ਹਿਰ ਮੇਰਾ ਮੰਗਣਾ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਨਿਕੜਾ ਵਰ ਨਾ ਟੋਲੀਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਕੋਠੇ ਚੜ੍ਹਕੇ ਦੇਖਣ ਲੱਗੀ
ਗੱਡੀ ਵਿੱਚ ਰੋਂਦਾ ਆਵੇ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਹੁਣ ਕੀ ਬਣਤ ਬਣਾਵਾਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਛਮਕਾਂ ਦੀ ਮਾਰ ਬਰਸਾਵਾਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ

ਮੇਰਾ ਸਾਕ ਲਜਾਈਂ
ਜੈ ਕੁਰੇ ਨੀ ਨੈਣੇਂ

ਨਾਭੇ ਸ਼ਹਿਰ ਮੇਰਾ ਮੰਗਣਾਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਗੱਭਰੂ ਵਰ ਤੂੰ ਟੋਲੀਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਕੋਠੇ ਚੜ੍ਹਕੇ ਦੇਖਣ ਲੱਗੀ
ਗੱਡੀ ਵਿੱਚ ਹੱਸਦਾ ਆਵੇ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਹੁਣ ਕੀ ਕਾਜ ਰਚਾਵਾਂ
ਜੈ ਕੁਰੇ ਨੀ ਨੈਣੇ
ਸ਼ਾਵਾ ਜੈ ਕੁਰੇ ਨੀ ਨੈਣੇ
ਫੁੱਲਾਂ ਦੀ ਸੇਜ ਬਛਾਵਾਂ
ਜੈ ਕੁਰੇ ਨੀ ਨੈਣੇ

ਲੰਬੇ ਅਤੇ ਮਧਰੇ ਬਾਰੇ ਇਕ ਹੋਰ ਬੋਲੀ ਹੈ: -

ਮਧਰਿਆ ਵੇ ਤੈਨੂੰ ਕਬਰ ਪੁਟ ਦਿਆਂ
ਲੰਬਿਆ ਵੇ ਤੈਨੂੰ ਖਾਤਾ
ਨੀਵੀਂ ਹੋ ਕੇ ਝਾਕਣ ਲੱਗੀ
ਛਾਤੀ ਪਿਆ ਜੜਾਕਾ
ਸੁਹਣੀ ਸੂਰਤ ਦਾ -
ਵਿੱਚ ਕੱਲਰਾਂ ਦੇ ਜ਼ਾਸਾ

ਪਰ ਗੋਰੀ ਦੀ ਮੰਨ ਪਸੰਦ ਪੂਰੀ ਨਹੀਂ ਹੁੰਦੀ । ਰਾਂਗਲੇ ਸੁਪਨੇ ਸੁਪਨੇ ਹੀ ਰਹਿ ਜਾਂਦੇ ਹਨ ਜਦੋਂ ਨਿੱਕੜੇ ਜਹੇ ਢੋਲ ਦਾ ਲੜ ਫੜਨਾ ਪੈ ਜਾਂਦਾ ਹੈ: -

ਸੜਕੇ ਸੜਕ ਮੇਰਾ ਡੋਲਾ ਜਾਵੇ
ਰੱਥ ਦੀ ਟੁਟ ਗਈ ਫੱਟੀ
ਗੁਲਾਬ ਸਿੰਘ ਨਿੱਕਾ ਜਿਹਾ
ਮੈਂ ਮਾਝੇ ਦੀ ਜੱਟੀ
ਗੁਲਾਬ ਸਿੰਘ ਨਿੱਕਾ ਜਿਹਾ
ਅਤੇ
ਘਰ ਨੀ ਟੋਲਦੀਆਂ
ਵਰ ਨੀ ਟੋਲਦੀਆਂ

ਬਦਲੇ ਖੋਰੀਆਂ ਮਾਵਾਂ
ਨਿੱਕੇ ਜਿਹੇ ਮੁੰਡੇ ਨਾਲ਼ ਵਿਆਹ ਕਰ ਦਿੰਦੀਆਂ
ਦੇ ਕੇ ਚਾਰ ਕੁ ਲਾਵਾਂ -
ਏਸ ਜੁਆਨੀ ਨੂੰ -
ਕਿਹੜੇ ਖੂਹ ਵਿੱਚ ਪਾਵਾਂ

ਨਿਆਣੇ ਕੰਤ ਦੀ ਨਾਰ ਉਮਰ ਕੈਦ ਦਾ ਝੋਰਾ ਮਹਿਸੂਸ ਕਰਦੀ ਹੈ:-

ਰਾਹ ਵਿੱਚ ਤੇਰੀ ਭੱਠੀ ਮਹਿਰੀਏ
ਠੱਗੀ ਦੇ ਤੰਬੂ ਤਾਣੇ
ਮਗਰੋਂ ਆਇਆਂ ਦੇ ਮੂਹਰੇ ਭੁੰਨਦੀ
ਕਰਦੀ ਦਿਲ ਦੇ ਭਾਣੇ
ਕਿਸੇ ਦੀ ਮੱਕੀ ਕਿਸੇ ਦੇ ਛੋਲੇ
ਸਾਡੇ ਮੋਠ ਪੁਰਾਣੇ
ਲੱਤ ਮਾਰ ਤੇਰੀ ਭੱਠੀ ਢਾਹ ਦਿਆਂ
ਰੇਤ ਰਲਾ ਦਿਆਂ ਦਾਣੇ
ਕੈਦਾਂ ਉਮਰ ਦੀਆਂ -
ਕੰਤ ਜਿਨ੍ਹਾਂ ਦੇ ਨਿਆਣੇ

ਅੱਗੋਂ ਨਣਦ ਦੇ ਸੈਆਂ ਤਾਹਨੇ ਗੋਰੀ ਲਈ ਆਫ਼ਤਾਂ ਖੜੀਆਂ ਕਰ ਦੇਂਦੇ ਹਨ: -

ਜੀ ਮੇਰਿਆ ਨਿਆਣਿਆਂ ਢੋਲਿਆ
ਜੀ ਮਾਂ ਨੂੰ ਖਾਣਿਆਂ ਢੋਲਿਆ
ਜੀ ਤੇਰੀ ਕੀ ਮੱਤ ਮਾਰੀ
ਜੇ ਮੈਂ ਜਾਣਾ ਨੀ ਸਈਓ
ਢੋਲਾ ਨਿਆਣਾ ਨੀ ਸਈਓ
ਪਿਓਕੀਂ ਰਹਿੰਦੀ ਨੀ ਕੁਆਰੀ
ਨੀ ਸਹੁਰੀਂ ਦਬਕੇ ਨੇ ਮਾਰੀ
ਕੰਨ ਕਰ ਲਈਂ ਜੀ ਢੋਲਿਆ
ਸਾਨੂੰ ਨਣਦੀ ਟਿਕਣ ਨਾ ਦੇਵੇ
ਜੀ ਨਣਦੀ ਮਾਰਦੀ ਐ ਤਾਹਨੇ
ਅਸੀਂ ਗਏ ਸੱਸੀ ਦੇ ਕੋਲ

ਜੀ ਸੱਸੀ ਨੇ ਇਕ ਨਾ ਮੰਨੀ
ਮਾਂ ਤੇਰੀ ਨੇ ਆਖਿਆ
ਦੇਵਾਂ ਨੀ ਤੈਨੂੰ ਧੜੀ ਨੀ ਪੀਹਣ
ਦੁਸੇਰ ਦਵਾਂ ਪੂਣੀਆਂ
ਤੈਂ ਮੇਰੇ ਪੁੱਤ ਧੀ ਪਾਇਆ ਨੀ ਬਖੇੜਾ

ਕਈ ਵਾਰੀ ਮਾਪੇ ਲਾਲਚ ਕਰਕੇ ਜਾਂ ਘਰੇਲੂ ਆਰਥਕ ਤੰਗੀਆਂ ਦੇ ਕਾਰਨ ਆਪਣੀ ਮਲੂਕ ਜਹੀ ਧੀ ਨੂੰ ਕਿਸੇ ਬੁਢੜੇ ਨਾਲ਼ ਵਿਹਾਹੁਣ ਲੱਗੇ ਦਰੇਗ ਨਹੀਂ ਕਰਦੇ। ਇਕ ਕੂੰਜ ਆਪਣੀ ਦਾਸਤਾਨ ਇਸ ਤਰ੍ਹਾਂ ਬਿਆਨਦੀ ਹੈ: –

ਸੋਲਾਂ ਵਰਸ ਦੀ ਹੋ ਗਈ ਜਦ ਮੈਂ
ਚੜ੍ਹੀ ਜਵਾਨੀ ਘੁੰਮ ਘੁਮਾ ਕੇ
ਬਾਬਲ ਮੇਰੇ ਸੋਚਾਂ ਹੋਈਆਂ
ਨਾਨਕਿਆਂ ਘਰ ਬੈਠਾ ਜਾ ਕੇ
ਦੋਵੇਂ ਲੋਭੀ ਹੋ ਗਏ ਇਕੱਠੇ
ਟੋਲਿਆ ਬੁਢੜਾ ਜਾ ਕੇ
ਇਕ ਦਲਾਲ ਤੇ ਦੂਜਾ ਮਾਲਕ
ਲੈ ਗਏ ਦੰਮ ਟੁਣਕਾ ਕੇ
ਬੁਢੜਾ ਤੋਤਾ ਲੋੜੇ ਮਰਨ ਨੂੰ
ਰੱਖੇ ਮੂੰਹ ਚਮਕਾ ਕੇ
ਬਾਬੇ ਮੇਰੇ ਦਾ ਹਾਣੀ ਜਾਪੇ
ਬੈਠਾ ਉਮਰ ਗੰਵਾ ਕੇ
ਬੁਢੜਾ ਤੇ ਇਕ ਅੱਖੋਂ ਕਾਣਾ
ਤੁਰਦਾ ਪੈਰ ਘਸਾ ਕੇ
ਡਰਨ, ਆਉਂਦਾ ਦੇਖ ਨਿਆਣੇ
ਨਸਦੇ ਜੁੱਤੀਆ ਚਾ ਕੇ
ਬੁੱਢੀਆਂ ਨੱਢੀਆਂ ਦੇਖ ਬੁੱਢੇ ਨੂੰ
ਪਰੇ ਹੋਣ ਸ਼ਰਮਾ ਕੇ
ਮਾਪਿਆਂ ਮੇਰਿਆਂ ਨੇ
ਦੁਖੜੇ ਪਾਤੇ ਵਿਆਹ ਕੇ

ਜਦੋਂ ਗੋਰੀ ਸੁਣਦੀ ਹੈ ਕਿ ਉਹਨੂੰ ਬੁਢੜੇ ਦੇ ਲੜ ਲਾਉਣ ਲੱਗੇ ਹਨ ਤਦ ਉਹਨੂੰ ਕੁਝ ਭਾਉਂਦਾ ਨਹੀਂ, ਹਾਰ ਸ਼ਿੰਗਾਰ ਭੁਲ ਜਾਂਦੇ ਹਨ: –

ਕੁੜਤੀ ਨੀ ਗੋਲ ਦੀਏ

ਨੀ ਤੈਨੂੰ ਕਿਹੜੇ ਬਹਾਨੇ ਪਾਵਾਂ
ਕੁੜਤੀ ਨੀ ਗੀਲ ਦੀਏ
ਮੁੰਡਾ ਸੁਣੀਂਦਾ ਬੁਢੜਾ ਨੀ
ਕੁੜਤੀ ਨੀ ਗੀਲ ਦੀਏ
ਤੈਨੂੰ ਕਿਹੜੇ ਬਹਾਨੇ ਪਾਵਾਂ

ਬੁਢੇ ਨੂੰ ਗੋਰੀ ਵੇਚਨ ਲਈ ਤੁਰ ਪੈਂਦੀ ਹੈ, ਪਰ ਉਸ ਨੂੰ ਕੋਈ ਉਧਾਰਾ ਲੈ ਕੇ ਵੀ ਰਾਜੀ ਨਹੀਂ:-

ਕੋਠੇ ਉਤੇ ਕੋਠੜੀ
ਉਤੇ ਬੁੜ੍ਹੇ ਦੀ ਅਟਾਰੀ
ਕੋਠੇ ਚੜ੍ਹਕੇ ਦੇਖਦੀ
ਬੁੜ੍ਹਾ ਪਿਆ ਚਾਦਰ ਤਾਣੀ
ਪੱਲਾ ਚੱਕ ਕੇ ਦੇਖਦੀ
ਮੇਰੇ ਬਾਬੇ ਦਾ ਹਾਣੀ
ਪਟਿਆਰੀ ਚੱਕ ਕੇ ਤੁਰ ਪਈ
ਕੋਈ ਬੁੜ੍ਹੇ ਦਾ ਵਪਾਰੀ
ਬਾਜਾਰ 'ਚ ਹੋਕੇ ਦੇਂਵਦੀ
ਕੋਈ ਲਵੇ ਨਾ ਉਧਾਰਾ

ਗੋਰੀ ਬਗ਼ਾਵਤ ਕਰਨ ਦੇ ਵੀ ਉਪਰਾਲੇ ਕਰਦੀ ਹੈ: -

ਵੱਢ ਲਈਆਂ ਕਣਕਾਂ
ਚੱਕ ਲਏ ਦਾਣੇ
ਮੈਂ ਨੀ ਬਾਪੂ ਜਾਣਾ
ਉਹ ਤਾਂ ਪਿਓ ਪੁੱਤ ਕਾਣੇ

ਪਰ ਗੋਰੀ ਨੂੰ ਕਾਣੇ ਦੇ ਵਸਣਾ ਹੀ ਪੈਂਦਾ ਹੈ। ਇਕ ਸਬਰ ਦਾ ਘੁਟ ਭਰ ਕੇ ਗੋਰੀ ਬੈਠ ਜਾਂਦੀ ਹੈ: -

ਕੱਚੀ ਕੈਲ ਨੀ ਲਚਕ ਟੁਟ ਜਾਵਾਂ
ਪੱਲੇ ਪੈਗੀ ਸੂਰਦਾਸ ਦੇ

ਸ਼ਾਇਦ ਇਸੇ ਕਰਕੇ ਕਾਣੇ ਨੂੰ ਗਾਲਾਂ ਮਿਲਦੀਆਂ ਹਨ:

ਆਪੇ ਕਾਣੇ ਨੇ ਸੱਗੀ ਕਰਾਈ

ਆਪੇ ਚੜ੍ਹਾ ਲਿਆ ਥਾਣਾ
ਕਾਣਾ ਬੜਾ ਟੁਟ ਜਾਣਾ
ਨੀ ਨਣਦੀਏ
ਕਾਣਾ ਬੜਾ ਟੁਟ ਜਾਣਾ

ਜੇ ਕਿਸੇ ਦੇ ਮੂਰਖ ਪੱਲੇ ਪੈ ਜਾਵੇ ਤਾਂ ਰੱਬ ਹੀ ਰਾਖਾ। ਲਾਲਾਂ ਦੀਆਂ ਲਾਲੜੀਆਂ ਮੂਰਖ ਦੇ ਹਥ ਰੁਲ ਜਾਂਦੀਆਂ ਹਨ।

ਸੈਣੇ ਸੈਧੇ ਮੇਰੀ ਆਰਸੀ
ਸ਼ੀਸ਼ਾ ਜੜਿਆ ਗੁਜਰਾਤ
ਮੂਰਖ ਪੱਲੇ ਪੈ ਗਿਆ
ਲਾਵਾਂ ਵਾਲੀ ਰਾਤ
ਅਤੇ
ਲਾਲਾਂ ਦੀ ਮੈਂ ਲਾਲੜੀ
ਮੇਰੇ ਲਾਲ ਪੱਲੇ ਪਏ
ਮੂਰਖ ਦੇ ਲੜ ਲਗਕੇ
ਮੇਰੇ ਉਹ ਵੀ ਢੁਲ੍ਹ ਗਏ

ਗੋਰੀ ਆਪਣੇ ਬੁਲ੍ਹੜ ਹਾਣੀ ਦਾ ਮਖੌਲ ਉਡਾਣ ਤੇ ਮਜਬੂਰ ਹੈ: –

ਲੋਕਾਂ ਭਾਣੇ ਬਿੱਲਾ ਕੁੱਟਿਆ
ਬੁਲੜ੍ਹ ਕੁੱਟਿਆ ਸੰਦੂਕਾਂ ਓਹਲੇ
ਸਿਰ ਬੰਨ੍ਹਕੇ ਸੁਨਹਿਰੀ ਸਾਫਾ
ਮੰਜੇ ਉਤੇ ਬਹਿਜਾ ਬੁੱਲੜ੍ਹਾ
ਤੈਨੂੰ ਦੇਖਣ ਸਈਆਂ ਨੇ ਆਉਣਾ
ਮੰਜੇ ਉਤੇ ਬਹਿਜਾ ਬੁਲ੍ਹੜਾ
ਮਾਏ ਨੀ ਕਰਾਦੇ ਸਗਲੇ
ਮੈਂ ਨਾਲ਼ ਬੁਲ੍ਹੜ ਦੇ ਜਾਣਾ
ਮਾਏਂ ਨੀਂ ਕਰਾਦੇ ਸਗਲੇ
ਮੂਹਰੇ ਮੂਹਰੇ ਤੁਰ ਬੁਲ੍ਹੜਾ
ਤੇਰੇ ਮਗਰ ਛਣਕਦੀ ਆਵਾਂ
ਮੂਹਰੇ ਮੂਹਰੇ ਤੁਰ ਬੁਲ੍ਹੜਾ

ਇੰਜ ਗੋਰੀ ਨੂੰ ਆਪਣੀ ਮਰਜ਼ੀ ਦਾ ਹਾਣੀ ਨਹੀਂ ਮਿਲਦਾ ਉਹਦੀਆਂ ਕੁਆਰੀਆਂ ਸਧਰਾਂ ਮਸਲ ਦਿੱਤੀਆਂ ਜਾਂਦੀਆਂ ਹਨ। ਗੋਰੀ ਲੋਕ ਕਚਹਿਰੀ ਵਿੱਚ ਲਲਕਾਰ ਉਠਦੀ ਹੈ: –

ਤੂੰ ਨੀ ਮੇਰੀ ਮਰਜ਼ੀ ਦਾ
ਤੈਨੂੰ ਵੇਚ ਆਵਾਂ ਬਰ੍ਹਮੇ ਦੇਸ
ਤੂੰ ਨੀ ਮੇਰੀ ਮਰਜ਼ੀ ਦਾ
ਤੇਰਾ ਵਟ ਲਾਂ ਪੰਜ ਹਜ਼ਾਰ
ਤੂੰ ਨੀ ਮੇਰੀ ਮਰਜ਼ੀ ਦਾ
ਤੇਰਾ ਕਰਾ ਲਾਂ ਗਲ਼ ਨੂੰ ਹਾਰ
ਤੂੰ ਨੀ ਮੇਰੀ ਮਰਜ਼ੀ ਦਾ
ਤੇਰਾ ਕੱਤਕੇ ਕਰਾਂਵਾਂ ਡੱਬਾ ਖੇਸ
ਤੂੰ ਨੀ ਮੇਰੀ ਮਰਜ਼ੀ ਦਾ

ਕਦੋਂ ਤੀਕਰ ਪੰਜਾਬ ਦੀ ਗੋਰੀ ਨਾਲ਼ ਇਸ ਤਰ੍ਹਾਂ ਅਨਿਆ ਹੁੰਦੇ ਰਹਿਣਗੇ? ਨਹੀਂ ਇੰਜ ਨਹੀਂ ਹੋ ਸਕਦਾ। ਧੀਆਂ ਹੁਣ ਗਊਆਂ ਨਹੀਂ ਸਮਝੀਆਂ ਜਾ ਸਕਣਗੀਆਂ। ਲੋਕ ਕਚਹਿਰੀ ਧੀਆਂ ਦਾ ਸਦਾ ਪੱਖ ਪੂਰੇਗੀ। ਅਸਾਂ ਤੇ ਕੱਲਰਾਈ ਧਰਤੀ ਤੇ ਸੂਹੇ ਗੁਲਾਬ ਖੜ੍ਹਾਣੇ ਹਨ। ਇਹ ਸਭ ਤਦ ਹੀ ਹੋ ਸਕੇਗਾ ਜਦੋਂ ਹੁਸੀਨ ਹਾਣੀ ਆਪਣਾ ਹੁਸੀਨ ਹਾਣ ਮਾਨਣਗੇ। ਉਦੋਂ ਇਹ ਧਰਤੀ ਸਵਰਗ ਬਣ ਜਾਏਗੀ, ਗੋਰੀ ਮੁਸਕਾਨਾਂ ਵਖੇਰੇ ਗੀ: -

ਵੇ ਮੈਂ ਤੇਰੀ ਆਂ ਨਣਦ ਦਿਆ ਵੀਰਾ
ਜੁੱਤੀ ਉਤੋਂ ਜਗ ਵਾਰਿਆ

# ਨੂੰਹ ਸੱਸ ਦਾ ਰਿਸ਼ਤਾ

ਆਖਣ ਨੂੰ ਤਾਂ ਭਾਵੇਂ ਸੱਸ ਨੂੰਹ ਦਾ ਰਿਸ਼ਤੇਦਾਰੀ ਦਾ ਰੂਪ ਮਾਵਾਂ ਧੀਆਂ ਵਾਲਾ ਹੈ ਪਰੰਤੂ ਭਾਰਤੀ ਸਮਾਜ ਦੇ ਝਰੋਖੇ ਵਿਚੋਂ ਸਾਨੂੰ ਇਹ ਰਿਸ਼ਤਾ ਨਜ਼ਰ ਨਹੀਂ ਆਇਆ। ਲੋਕ ਗੀਤ ਕਿਸੇ ਵੀ ਸਮਾਜ ਦਾ ਦਰਪਨ ਹੋਇਆ ਕਰਦੇ ਹਨ। ਸਮਾਜ ਦੇ ਜਨ ਸਮੂਹ ਦੀਆਂ ਭਾਵਨਾਵਾਂ, ਦੁੱਖਾਂ ਦਰਦਾਂ ਤੇ ਇੱਛਾਵਾਂ ਦਾ ਪ੍ਰਗਟਾਵਾ ਇਹਨਾਂ ਗੀਤਾਂ ਰਾਹੀਂ ਹੁੰਦਾ ਹੈ। ਸਾਡੇ ਪੁਰਾਤਨ ਸਮਾਜ ਤੇ ਸਭਿਆਚਾਰ ਦੇ ਅੰਸ਼ ਇਹਨਾਂ ਨੇ ਸਾਂਭੇ ਹੋਏ ਹਨ।

ਪੰਜਾਬੀ ਵਿੱਚ ਮਿਲਦੇ ਲੋਕ ਗੀਤ ਸੱਸ ਨੂੰਹ ਦੇ ਰਿਸ਼ਤੇ ਦੀ ਬੜੀ ਦੁਖ ਭਰੀ ਤਸਵੀਰ ਸਾਡੇ ਸਾਹਮਣੇ ਪੇਸ਼ ਕਰਦੇ ਹਨ। ਇਹਨਾਂ ਗੀਤਾਂ ਵਿੱਚ ਸੱਸ ਵੱਲੋਂ ਨੂੰਹ ਉਤੇ ਢਾਏ ਜਾਂਦੇ ਜ਼ੁਲਮਾਂ ਦਾ ਜ਼ਿਕਰ ਵਾਰ ਵਾਰ ਆਉਂਦਾ ਹੈ।

ਕਈ ਗੀਤ ਸੁਣ ਕੇ ਅੱਖਾਂ ਸੇਜਲ ਹੋ ਜਾਂਦੀਆਂ ਹਨ। ਇੱਕ ਜ਼ਾਲਮ ਸੱਸ ਬਾਰੇ ਗੀਤ ਹੈ: –

ਨੌਕਰ ਵੀ ਜਾਣਾ ਮਾਏਂ
ਛੋਕਰ ਵੀ ਜਾਣਾ ਨੀ
ਅੱਛੋਂ ਰੱਖੀਂ ਸਜਨ ਬੇਟੀ ਨੂੰ

ਨੌਕਰ ਵੀ ਜਾਈਂ ਪੁੱਤਾ
ਛੋਕਰ ਵੀ ਜਾਈਂ ਵੇ
ਅੱਛੋਂ ਰੱਖੂੰ ਸਜਨ ਬੇਟੀ ਨੂੰ

ਅੱਗੇ ਤਾਂ ਦਿੰਦੀ ਮਾਏਂ
ਪਾਣੀ ਦਾ ਛੰਨਾ ਨੀ
ਹੁਣ ਕਿਉਂ ਦਿੰਦੀ ਦੁਧ ਕਟੋਰੇ ਨੀ
ਅੱਗੇ ਤਾਂ ਲੱਗੇਂ ਨੂੰਹੇਂ ਅੱਕੋਂ ਵੀ ਕੌੜੀ ਨੀ

ਹੁਣ ਤਾਂ ਲੱਗੇਂ ਪੁੱਤੋਂ ਪਿਆਰੀ ਨੀ

ਅੱਗੇ ਤਾਂ ਦਿੰਦੀ ਸੱਸੇ
ਪਾਟੇ ਜੇਹੇ ਕਪੜੇ ਨੀ
ਹੁਣ ਕਿਉਂ ਦਿੰਦੀ ਸੱਸੇ
ਛੀਟਾਂ ਦਰੇਸਾਂ ਨੀ

ਅੱਗੇ ਤਾਂ ਲੱਗੇ ਨੂੰਹੇਂ ਅੱਕੋਂ ਵੀ ਕੌੜੀ ਨੀ
ਹੁਣ ਤਾਂ ਤੂੰ ਲੱਗੇ ਨੂੰਹੇ ਪੁੱਤੋਂ ਪਿਆਰੀ ਨੀ

ਅੱਗੇ ਤਾਂ ਦਿੰਦੀ ਸੱਸੇ
ਟੁੱਟੀ ਜਿਹੀ ਗੰਦੋਲੀ ਨੀ
ਹੁਣ ਕਿਉਂ ਦੇਵੇਂ
ਲਾਲ ਵਛੌਣੇ ਨੀ
ਅੱਗੇ ਤਾਂ ਲੱਗੇ ਨੂੰਹੇਂ, ਅੱਕੋਂ ਵੀ ਕੌੜੀ ਨੀ
ਹੁਣ ਤਾਂ ਤੂੰ ਲੱਗੇਂ ਨੂੰਹੇਂ
ਪੁੱਤੋਂ ਪਿਆਰੀ ਨੀ

ਅੱਗੇ ਤਾਂ ਦਿੰਦੀ ਸੱਸੇ
ਸੂਹੜੀ ਦੀ ਰੋਟੀ ਨੀ
ਹੁਣ ਕਿਉਂ ਦੇਵੇਂ
ਦਾਲ ਪਰੋਸਾ ਨੀ
ਅੱਗੇ ਤਾਂ ਲੱਗੇਂ ਨੂੰਹੇ
ਅੱਕੋਂ ਵੀ ਕੌੜੀ ਨੀ
ਹੁਣ ਤਾਂ ਤੂੰ ਲੱਗੇਂ ਨੂੰਹੇਂ
ਪੁੱਤੋਂ ਪਿਆਰੀ ਨੀ

ਅੱਗੇ ਤਾਂ ਦਿੰਦੀ ਸੱਸੇ
ਮੋਠਾਂ ਦਾ ਛੰਨਾ ਨੀ
ਹੁਣ ਕਿਉਂ ਦੇਵੇਂ ਸੱਸੇ
ਚੂਰੀ ਦਾ ਛੰਨਾ ਨੀ

ਸਿਰ ਵੀ ਦੁਖਦਾ ਸੱਸੇ
ਮੱਥੇ ਵੀ ਪੀੜ ਨੀ
ਕਿਥੇ ਡਾਹਾਂ ਟੁੱਟੀ ਜਿਹੀ ਮੰਜੀ ਨੀ
ਸਿਰ ਵੀ ਦੁਖਦਾ ਨੂੰਹੇਂ
ਮੱਥੇ ਵੀ ਪੀੜ ਨੀ
ਉਚੇ ਵੀ ਡਾਹ ਲੈ ਨੂੰਹੇਂ
ਲਾਲ ਪੰਘੂੜਾ ਨੀ

ਅੱਗੇ ਤਾਂ ਦਿੰਦੀ ਸੱਸੇ
ਟੁੱਟੀ ਜਿਹੀ ਮੰਜੀ ਨੀ
ਹੁਣ ਕਿਉਂ ਦੇਵੇਂ
ਲਾਲ ਪੰਘੂੜਾ ਨੀ।

ਅੱਗੇ ਤਾਂ ਲੱਗੋਂ ਨੂੰਹੇਂ
ਅੱਕੋਂ ਵੀ ਕੌੜੀ ਨੀ
ਹੁਣ ਤਾਂ ਲੱਗੋਂ ਨੂੰਹੇਂ
ਪੁਤੋਂ ਪਿਆਰੀ ਨੀ

ਨੌਕਰ ਵੀ ਆਇਆ ਮਾਏਂ
ਛੋਕਰ ਵੀ ਆਇਆ ਨੀ
ਨਜ਼ਰੇ ਨਾ ਆਉਂਦੀ ਮਾਏਂ
ਸਜਨ ਬੇਟੀ ਨੀ।

ਨੌਕਰ ਵੀ ਆਈਂ ਪੁੱਤਾ
ਛੋਕਰ ਵੀ ਆਈਂ ਵੇ
ਉਚੇ ਪਈ ਸਜਨ ਬੇਟੀ ਵੇ ।

ਕੋਠੇ ਵੀ ਚੜ੍ਹ ਮਾਏਂ
ਹਾਕਾਂ ਵੀ ਮਾਰਾਂ ਨੀ
ਮੁੱਖੋਂ ਨਾ ਬੋਲੇ ਸਜਨ ਬੇਟੀ ਨੀ

ਬਾਗੀਂ ਵੀ ਜਾਵਾਂ ਮਾਏਂ
ਛਮਕੀ ਵੀ ਲਿਆਵਾਂ ਨੀ
ਛਮਕੀ ਮਾਰ ਜਗਾਵਾਂ
ਸਜਨ ਬੇਟੀ ਨੀ

ਇਕ ਛਮਕੀ ਮਾਰੀ ਮਾਏਂ
ਦੂਜੀ ਵੀ ਮਾਰੀ ਨੀ
ਸੀ ਨਾ ਕਹੇ ਸਜਨ ਬੇਟੀ ਨੀ

ਪੱਲਾ ਵੀ ਚੱਕਾਂ ਮਾਏਂ
ਸਜਨ ਬੇਟੀ ਮਰੀਓ ਪਈ ਨੀ
ਹਾਏ! ਮਾਏਂ ਤੇਰਾ ਭਲਾ ਨਾ ਹੋਵੇ
ਤੈਂ ਸਾਡੀ ਜੋੜੀ ਗੰਵਾਈ ਨੀ ।

ਪੂਰਬ ਵੀ ਜਾਊਂ ਪੁੱਤਾ
ਪੱਛਮ ਵੀ ਜਾਊਂ ਵੇ
ਇਕ ਤੇ ਵੀ ਲਿਆਊਂ ਪੁੱਤਾ ਚਾਰ ਵੇ
ਦਿਲ ਤੇ ਨਾ ਲਿਆਈਂ ਸਜਨ ਬੇਟੀ ਵੇ ।

ਪੂਰਬ ਵੀ ਜਾਈਂ ਮਾਏਂ
ਪੱਛਮ ਵੀ ਜਾਈਂ ਨੀ
ਦਿਲ ਤੋਂ ਨਾ ਜਾਏ
ਸਜਨ ਬੇਟੀ ਨੀ ।
ਬਾਜ਼ਾਰ ਵੀ ਜਾਵਾਂ ਮਾਏਂ
ਲੱਠਾ ਵੀ ਲਿਆਵਾਂ ਨੀ
ਅਪਣੇ ਹੱਥੀਂ ਮਾਏਂ
ਦਾਗ਼ ਲਾ ਜਾਵਾਂ ਨੀ

ਗੋਰੀਆਂ ਵੀ ਲਿਆਊਂ ਪੁੱਤਾ
ਕਾਲੀਆਂ ਵੀ ਲਿਆਊਂ ਵੇ
ਦਿਲ ਤੋਂ ਭੁਲਾ ਦੇ ਸਜਨ ਬੇਟੀ ਵੇ ।

ਗੋਰੀਆਂ ਵੀ ਲਿਆਈਂ ਮਾਏਂ
ਕਾਲੀਆਂ ਵੀ ਲਿਆਈਂ ਨੀ
ਦਿਲ ਤੋਂ ਨਾ ਜਾਵੇ ਸਜਨ ਬੇਟੀ ਨੀ

ਸਾਧ ਵੀ ਬਣਜੂੰ ਮਾਏਂ
ਫਕੀਰ ਵੀ ਬਣਜੂੰ ਨੀ
ਏਸ ਦੇਸ ਵਿੱਚ ਨਾ ਆਊਂ
ਮੁੜਕੇ ਫੇਰ ਨੀ

ਹਾਏ! ਮਾਏਂ ਤੇਰਾ ਭਲਾ ਨਾ ਹੋਵੇ
ਜੀਹਨੇ ਸਾਡੀ ਜੋੜੀ ਗੰਵਾਈ ਨੀ ।

ਸੱਸ ਵਲੋਂ ਮਾਰੇ ਬੋਲ ਨੂੰਹ ਨੂੰ ਛਾਨਣੀ ਛਾਨਣੀ ਕਰਕੇ ਰੱਖ ਦਿੰਦੇ ਹਨ। ਤਾਹਨਿਆਂ, ਮਿਹਣਿਆਂ ਨਾਲ ਨੂੰਹ ਦੀ ਆਤਮਾ ਲੀਰੋ ਲੀਰ ਹੋ ਜਾਂਦੀ ਹੈ। ਉਹ ਗੀਤ ਦੇ ਬੋਲਾਂ ਦਾ ਆਸਰਾ ਲੈ ਆਪਣਾ ਮਨ ਹੌਲਾ ਕਰਦੀ ਹੈ: –

ਘਿਓ ਵਿੱਚ ਮੈਦਾ ਥੋੜ੍ਹਾ ਪਿਆ
ਸੱਸ ਮੈਨੂੰ ਗਾਲੀਆਂ ਦੇ, ਹੋ
ਨਾ ਦੇ ਸੱਸੇ ਗਾਲੀਆਂ
ਏਥੇ ਮੇਰਾ ਕੌਣ ਸੁਣੇ, ਹੋ
ਪਿਪਲੀ ਉਹਲੇ ਮੇਰੀ ਮਾਤ ਖੜੀ
ਰੋ ਰੋ ਨੈਣ ਪਰੋਵੇ
ਨਾ ਰੋ ਮਾਤਾ ਮੇਰੀਏ
ਧੀਆਂ ਜੰਮੀਆ ਦੇ ਦਰਦ ਬੁਰੇ ਹੋ

ਨੂੰਹ ਆਪਣੇ ਸਰੀਰ ਤੇ ਸੈਆਂ ਦਰਦ ਝਲ ਸਕਦੀ ਹੈ ਪਰ ਉਹ ਆਪਣੇ ਭਰਾਵਾਂ ਨੂੰ ਦਿੱਤੀਆਂ ਗਾਲ਼ਾਂ ਸਹਾਰ ਨਹੀਂ ਸਕਦੀ। ਉਹ ਆਪਣੀ ਸੱਸ ਨੂੰ ਕਈ ਵਾਰ ਖਰੀਆਂ ਖਰੀਆਂ ਸੁਣਾਉਣ ਲਈ ਮਜਬੂਰ ਹੋ ਜਾਂਦੀ ਹੈ:

ਇੱਕ ਨਾ ਬੀਜੀਂ ਸਿੰਘਾ ਬਾਜਰਾ
ਮਾਂ ਦਿਆ ਕਾਨ੍ਹ ਚੰਨਾ
ਇੱਕ ਨਾ ਬੀਜੀਂ ਜਵਾਰ

ਖ਼ੂਨੀ ਨੈਣ ਜਲ ਭਰੇ

ਚਿੜੀਆਂ ਤਾਂ ਚੁੱਗਿਆ ਤੇਰਾ ਬਾਜਰਾ
ਕਾਵਾਂ ਨੇ ਖਾਲੀ ਜੀ ਜਵਾਰ
ਖ਼ੂਨੀ ਨੈਣ ਜਲ ਭਰੇ

ਇੱਕ ਨਾ ਦਈਂ ਸੱਸੇ ਪੀਸਣਾ
ਇੱਕ ਨਾ ਦਈਂ ਭਾਈਏਂ ਗਾਲ਼
ਖ਼ੂਨੀ ਨੈਣ ਜਲ ਭਰੇ।

ਪਿਓਕਿਆਂ ਤੋਂ ਲਿਆਈਂ ਨੂੰਹੇ ਗੋਲੀਆਂ
ਕਦੇ ਨਾ ਦੇਵਾਂ ਭਾਈਏਂ ਗਾਲ਼
ਖ਼ੂਨੀ ਲੈਣ ਜਲ ਭਰੇ ।

ਧੀਆਂ ਨੂੰ ਦਈਂ ਸੱਸੇ ਗੋਲੀਆਂ
ਸੱਸੇ ਮੇਰੀਏ ਸਾਡੇ ਮਾਪੇ ਤਾਂ ਗਰੀਬ ਨੀ
ਖ਼ੂਨੀ ਨੈਣ ਜਲ ਭਰੇ

ਮੁਟਿਆਰ ਨੂੰਹ ਨੂੰ ਹਾਰ ਸ਼ਿੰਗਾਰ ਕਰਨ ਦਾ ਚਾਅ ਹੁੰਦਾ ਹੈ ਪਰ ਉਹਦਾ ਹਾਰ ਸ਼ਿੰਗਾਰ ਕਰਨਾ ਸੱਸ ਨੂੰ ਸੁਖਾਂਦਾ ਨਹੀਂ । ਜੇਕਰ ਉਹ ਕਿਧਰੇ ਵੰਗਾਂ ਚੜ੍ਹਾ ਵੀ ਲੱਵੇ ਤਾਂ ਉਹ ਸੜ ਕੇ ਕੋਲਾ ਹੋ ਜਾਂਦੀ ਹੈ: -

ਸਿਖਰ ਦੁਪਹਿਰੇ ਵੰਗਾਂ ਵਾਲ਼ਾ ਆਇਆ
ਹੋਕਾ ਦਿੰਦਾ ਸੁਣਾ, ਸ਼ਾਵਾ
ਸੱਸ ਨੂੰ ਵੀ ਆਖਦੀ
ਨਨਾਣ ਨੂੰ ਵੀ ਆਖਦੀ
ਵੰਗਾ ਦਿਓ ਜੀ ਚੜ੍ਹਾ, ਸ਼ਾਵਾ
ਸੱਸ ਵੀ ਨਾ ਬੋਲਦੀ
ਨਨਾਣ ਵੀ ਨਾ ਬੋਲਦੀ
ਆਪੇ ਲਈਆਂ ਮੈਂ ਚੜ੍ਹਾ, ਸ਼ਾਵਾ
ਢਲੇ ਪਰਛਾਵੇ ਚਰਖੜਾ ਡਾਹਿਆ
ਕੱਤਦੀ ਮੈਂ ਵੰਗਾਂ ਦੇ ਚਾਅ, ਸ਼ਾਵਾ

ਸਹੁਰੀਂ ਬੈਠੀ ਭੈਣ ਨੂੰ ਵੀਰ ਲੈਣ ਆ ਜਾਂਦਾ ਹੈ। ਉਹ ਪੇਕੀਂ ਜਾਣ ਦੀ ਆਗਿਆ ਲੈਣ ਲਈ ਸੱਸ ਪਾਸ ਜਾਂਦੀ ਹੈ, ਅੱਗੋਂ ਟਾਲ਼ਾ ਲਾਉਣ ਲਈ ਸਹੁਰੇ ਪਾਸ ਭੇਜ ਦਿੰਦੀ ਹੈ, ਸਹੁਰਾ ਘਰ ਦੇ ਬਾਕੀ ਜੀਆਂ ਪਾਸ । ਨਣਦ ਘਰ ਦੇ ਸਾਰੇ ਕਰਨ ਵਾਲ਼ੇ ਕੰਮ ਗਿਣਾ ਦਿੰਦੀ ਹੈ ਤੇ ਵਿਚਾਰੀ ਦਾ ਭਰਾ ਸਖਣਾ ਘਰ ਪਰਤ ਜਾਂਦਾ ਹੈ: -

ਸੱਸੇ ਅਟੇਰਨ ਟੇਰਦੀ ਏ
ਨੀ ਅਜ ਘਰ ਆਈਦਾ ਵੀਰ
ਸੋਨੇ ਦਾ ਤੀਰ
ਕੰਨ੍ਹੇ ਤਲਵਾਰ, ਘੋੜੇ ਅਸਵਾਰ
ਮੈਂ ਜਾਨੀਆਂ ਜੀ ਪਿਓਕੇ

ਮੇਰਾ ਕੀ ਪੁਛਣਾ ਨੂੰਹੇ ਨੀ
ਸਹੁਰੇ ਨੂੰ ਪੁੱਛ ਕੇ ਜਾਈਂ
ਪੁਛਾ ਕੇ ਜਾਈਂ
ਤੈਂ ਫੇਰ ਨਾ ਆਉਣਾ ਨੀ

ਸੱਸ ਤੋਂ ਸਤੀ ਹੋਈ ਨੂੰਹ ਆਖਰ ਉਸ਼ ਦੇ ਵਿਰੁੱਧ ਬਗ਼ਾਵਤ ਕਰਨ ਲਈ ਮਜਬੂਰ ਹੋ ਜਾਂਦੀ ਹੈ। ਉਹ ਆਪਣੀ ਕੁਪੱਤੀ ਸੱਸ ਦਾ ਗਿੱਧੇ ਦੇ ਪਿੜ ਵਿੱਚ ਮਖੌਲ ਉਡਾਉਂਦੀ ਹੈ। ਮਖੌਲ ਉਡਾ ਕੇ ਉਹ ਆਪਣੇ ਦਿਲ ਦੇ ਗੁਭ ਗੁਬਾੜ ਕੱਢਦੀ ਹੈ:-

ਸੱਸ ਸੁਪੱਤੜੀ ਨੇ ਭੈਣੇ ਠੋਲ੍ਹਾ ਮਾਰਿਆ
ਓਹੀ ਠੋਲ੍ਹਾ ਭੈਣੇ ਚਾਦਰ ਪੁਰ ਡਿਗ ਪਿਆ
ਓਹੀ ਚਾਦਰ ਭੈਣੇਂ ਮੈਂ ਧੋਬੀ ਮੂਹਰੇ ਸੁੱਟੀ
ਧੋਬੀ ਸਪੁੱਤੜੇ ਨੇ ਲੀਰ ਲੀਰ ਕਰਤੀ
ਓਹੀ ਲੀਰ ਮੈਂ ਦਰਜੀ ਮੂਹਰੇ ਸਿੱਟੀ
ਦਰਜੀ ਸਪੁੱਤੜੇ ਦੀ ਸੂਈ ਟੁਟ ਗਈ
ਓਹੀ ਸੂਈ ਮੇਰੀ ਅੱਡੀ ਵਿੱਚ ਲੱਗੀ
ਓਹੀ ਅੱਡੀ ਦਾ ਮੇਲ਼ਾ ਕਢਾਇਆ
ਭੈਣੇ ਮੇਲ਼ਾ ਕਢਾਇਆ
ਓਹੀ ਮੇਲ਼ੇ ਦੀਆਂ ਸਫਾ ਬਛਾਈਆਂ

ਭੈਣੇ ਸਫਾਂ ਬਛਾਈਆਂ
ਓਹੀ ਸਫ ਉਤੇ ਸੱਸ ਲਟਾਈ
ਭੈਣੇ ਸੱਸ ਲਟਾਈ
ਸੱਸ ਸਪੁੱਤੜੀ ਦੀ ਚਮੜੀ ਉਧੜ ਗਈ
ਭੈਣੇ ਚਮੜੀ ਉੱਧੜ ਗਈ
ਉਹੀ ਚਮੜੀ ਭੈਣੇ ਚਮਾਰ ਮੂਹਰੇ ਸੁੱਟੀ
ਭੈਣੇ ਚਮਾਰ ਮੂਹਰੇ ਸੁੱਟੀ
ਉਸੇ ਚਮੜੀ ਦੀ ਜੁੱਤੀ ਬਣਾਈ
ਭੈਣੇ ਜੁੱਤੀ ਬਣਾਈ
ਓਹੀ ਜੁੱਤੀ ਮੈਂ ਪੈਰਾਂ ਵਿੱਚ ਪਾਈ

ਹੁਣ ਉਹ ਸੱਸ ਦੀ ਕਦੋਂ ਪਰਵਾਹ ਕਰਦੀ ਹੈ: -

ਇੱਕ ਸਾਡੀ ਸੱਸ ਜੀ ਬੁਰੀ
ਸਾਥੋਂ ਬੇਬੇ ਜੀ ਕਹਾਵੇ
ਸਾਥੋਂ ਬੇਬੇ ਆਖਿਆ ਨਾ ਜਾਵੇ
ਸਾਥੋਂ ਬੁੜ੍ਹੀਏ ਨਿਕਲ ਜਾਵੇ
ਪਟਿਆਂ ਨੂੰ ਤੇਲ ਕਿਥੋਂ ਲਾਇਆ ਲਾਲ ਵੇ

ਸੱਸ ਦੇ ਸਤਾਰਾਂ ਕੁੜੀਆਂ
ਮੱਥਾ ਟੇਕਦੀ ਨੂੰ ਬਾਰਾਂ ਬਜ ਜਾਂਦੇ

ਨਿਮ ਦਾ ਕਰਾਦੇ ਘੋਟਣਾ
ਸੱਸ ਕੁੱਟਣੀ ਸੰਦੂਕਾਂ ਓਹਲੇ

ਜੇ ਮੈਂ ਜਾਣਦੀ ਸੱਸੇ ਨੀ ਚੱਜ ਤੇਰੇ
ਤੇਰੀ ਦਿਹਲੀ ਨਾ ਬੜਦੀ

ਮਾਪਿਆਂ ਨੇ ਰੱਖੀ ਲਾਡਲੀ
ਅੱਗੋਂ ਸੱਸ ਬਗਿਆੜੀ ਟੱਕਰੀ

ਸੱਸੇ ਤੇਰੀ ਮਹਿੰ ਮਰ ਜੇ

ਮੇਰੇ ਵੀਰ ਨੂੰ ਸੁੱਕੀ ਖੰਡ ਪਾਈ

ਜਿੱਥੇ ਮੇਰੀ ਸੱਸ ਵਰਤੇ
ਓਥੇ ਮੈਂ ਵਰਤੋਂ ਨੀ ਪਾਉਣੀ

ਸੱਸ ਮਰੀ ਦੀ ਮਗਰ ਨੀ ਜਾਣਾ
ਸਹੁਰੇ ਦਾ ਬਬਾਨ ਕਢਣਾ

ਤੈਨੂੰ ਸੱਸ ਦੇ ਮਰੇ ਤੋਂ ਪਾਵਾਂ
ਸੁਥਣੇ ਸੂਫ ਦੀਏ

ਆਖਰ ਨੂੰਹ ਆਪਣੀ ਸੱਸ ਨਾਲੋਂ ਅੱਡ ਹੋ ਕੇ ਰਹਿਣ ਲਈ ਕਾਮਯਾਬ ਹੋ ਜਾਂਦੀ ਹੈ - ਉਸ ਨੂੰ ਸੁਖ ਦਾ ਸਾਹ ਆਉਂਦਾ ਹੈ: -

ਸੱਗੀ ਕਰਾ ਕੇ ਦੇ ਗਿਆ
ਸਾਨੂੰ ਫੁੱਲਾਂ ਦਾ ਦੇ ਜਾਣਾ ਸੱਚ
ਸਾਡੀ ਬੁਰੀਓ ਸੁਣੀਦੀ ਸੱਸ
ਜੀ ਸਾਡੀ ਜੁਦੀਓ ਹਵੇਲੀ ਛੱਤ
ਜੀ ਸਾਨੂੰ ਲੈ ਜਾਣਾ ਨਾਲ਼ੇ
ਸਾਨੂੰ ਮਪਿਆਂ ਦੇ ਲਾਡਲੀ ਰੱਖ
ਜੰਮੂ ਦਿਆ ਵੇ ਨੌਕਰਾ

ਸਮੇਂ ਦੇ ਗੇੜ ਨਾਲ਼ ਘਰਾਂ ਵਿੱਚ ਨੂੰਹਾਂ ਦੀ ਸਰਦਾਰੀ ਆ ਜਾਂਦੀ ਹੈ। ਉਹ ਆਪਣੀਆਂ ਸੱਸਾਂ ਤੋਂ ਗਿਣ ਗਿਣ ਕੇ ਬਦਲੇ ਲੈਂਦੀਆਂ ਹਨ: -

ਨਿੱਕਲ ਸੱਸੜੀਏ ਘਰ ਮੇਰਾ
ਤੈਂ ਬਣਜ ਲਿਆ ਬਥੇਰਾ
ਤੇਰਾ ਰੂੜੀ ਉਤੇ ਡੇਰਾ
ਨੀ ਹੁਣ ਫਿਰਕਾ ਹੋ ਗਿਆ ਮੇਰਾ

ਹੁਣ ਮਸ਼ੀਨੀ ਸਭਿਅਤਾ ਦੇ ਵਿਕਾਸ ਦੇ ਪਰਭਾਵ ਕਾਰਨ ਪੰਜਾਬ ਦੇ ਸਮਾਜਿਕ ਤੇ ਆਰਥਿਕ ਢਾਂਚੇ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਵਾਪਰ ਗਈਆਂ ਹਨ। ਪਿੰਡਾਂ ਵਿੱਚ ਹੁਣ ਪੜ੍ਹੀਆਂ ਲਿਖੀਆਂ ਕੁੜੀਆਂ ਦੀ ਗਿਣਤੀ ਵਧ ਰਹੀ ਹੈ। ਉਹ ਹੁਣ ਨੌਕਰੀਆਂ ਕਰਦੀਆਂ ਹਨ, ਆਪਣੇ ਪਤੀਆਂ ਦੇ ਨਾਲ਼

ਕਮਾਈ ਕਰਕੇ ਆਪਣੇ ਪਰਿਵਾਰ ਨੂੰ ਸੁਖੀ ਬਨਾਉਣ ਵਿੱਚ ਮੋਢੇ ਨਾਲ਼ ਮੋਢਾ ਜੋੜ ਕੇ ਕੰਮ ਕਰਦੀਆਂ ਹਨ। ਅਜ ਦੇ ਸਮਾਜ ਵਿੱਚ ਦਾਜ ਦੀ ਭੁੱਖ ਸੱਸ ਅਤੇ ਨੂੰਹ ਦੇ ਰਿਸ਼ਤੇ ਵਿੱਚ ਬਿਗਾੜ ਦਾ ਕਾਰਨ ਬਣ ਰਹੀ ਹੈ। ਬਹੁਤ ਸਾਰੀਆਂ ਸੱਸਾਂ ਆਪਣੀਆਂ ਨੂੰਹਾਂ ਨਾਲ਼ ਕੇਵਲ ਇਸ ਕਰਕੇ ਭੈੜਾ ਸਲੂਕ ਕਰਦੀਆਂ ਹਨ ਕਿਉਂਕਿ ਉਹ ਉਹਨਾਂ ਦੀ ਇੱਛਿਆ ਅਨੁਸਾਰ ਦਾਜ ਨਹੀਂ ਲਿਆ ਸਕੀਆਂ ਹੁੰਦੀਆਂ। ਇਹੋ ਕਾਰਨ ਸੱਸ ਨੂੰਹ ਦੇ ਰਿਸ਼ਤੇ ਨੂੰ ਸੁਖਾਵਾਂ ਨਹੀਂ ਹੋਣ ਦਿੰਦਾ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਸੱਸ ਨੂੰਹ ਦਾ ਰਿਸ਼ਤਾ ਵਿੱਦਿਆ ਅਤੇ ਜਾਗਰਤੀ ਕਾਰਨ ਭਾਵੇਂ ਅੱਗੇ ਨਾਲੋਂ ਵਧੇਰੇ ਸੁਖਾਵਾਂ ਹੋ ਰਿਹਾ ਹੈ ਪਰ ਪੁਰਾਣੇ ਸਮੇਂ ਵਾਲੀ ਕੁੜੱਤਣਤਾ ਅਜੇ ਪੂਰਨ ਰੂਪ ਵਿੱਚ ਅਲੋਪ ਨਹੀਂ ਹੋ ਸਕੀ।

# ਜੇਠ-ਜਠਾਣੀ

ਪੰਜਾਬ ਦੀ ਗੋਰੀ ਨੇ ਆਪਣੇ ਗੀਤਾਂ ਵਿੱਚ ਜੇਠ ਜਠਾਣੀ ਨੂੰ ਉਹ ਥਾਂ ਨਹੀਂ ਦਿੱਤੀ ਜਿਹੜੀ ਕਿ ਪਰਿਵਾਰ ਦੇ ਕੁਝ ਦੂਜੇ ਪਾਤਰ ਲੈ ਗਏ ਹਨ। ਉਹ ਆਪਣੇ ਮਾਹੀ ਨੂੰ ਸੁਹਾਗ ਦਾ ਰੰਗ ਕਹਿੰਦੀ ਹੈ, ਦਿਓਰ ਨੂੰ ਭਾਬੀਆਂ ਦਾ ਗਹਿਣਾ ਆਖਦੀ ਹੈ ਅਤੇ ਆਪਣੇ ਬਾਬਲ ਨੂੰ ਕਸਤੂਰੀ ਦਾ ਨਾਂ ਦਿੰਦੀ ਹੈ। ਵੀਰਾਂ ਨੂੰ ਉਹ ਸਲਾਹੁੰਦੀ ਨਹੀਂ ਥਕਦੀ, ਮਾਂ ਪਿਆਰੀ ਨੂੰ ਯਾਦ ਕਰਦੀ ਨਹੀਂ ਅਕਦੀ।

ਪਰ ਸੱਸ, ਜੇਠ-ਜਠਾਣੀ ਲਈ ਉਸ ਕੋਲ ਬੋਲ ਕਬੋਲ ਹੀ ਹਨ, ਤਾਹਨੇ ਮਿਹਣੇ ਹੀ ਦਿੱਤੇ ਹਨ। ਕਾਰਨ? ਏਸ ਦਾ ਸ਼ਾਇਦ ਸਮਾਜਿਕ ਨਾ-ਬਰਾਬਰੀ ਹੀ ਹੈ। ਪਰਿਵਾਰ ਵਿੱਚ ਉਸ ਦੀ ਪੁਗਦੀ ਨਹੀਂ; ਉਨ੍ਹਾਂ ਦੀ ਕੋਈ ਸਲਾਹ ਤਕ ਨਹੀਂ ਲੈਂਦਾ:

> ਰਾਂਝਾ ਰੁਲਦੂ ਬਕਰੀਆਂ ਚਾਰੇ
> ਘਰ ਮੇਰੇ ਜੇਠ ਦੀ ਪੁੱਗੇ

ਵਿਆਹ ਗਈ ਨੂੰ ਪਤਾ ਲਗ ਜਾਂਦਾ ਹੈ ਕਿ ਪਰਿਵਾਰ ਵਿੱਚ ਜੇਠ ਦੇ ਨਾਲ਼ ਜਠਾਣੀ ਦੀ ਵੀ ਪੁਗਦੀ ਹੈ। ਮੁਕਲਾਵੇ ਜਾਣ ਲਈ ਉਸ ਦਾ ਮਨ ਮੰਨਦਾ ਨਹੀਂ:-

> ਪੁਗਦੀ ਜਠਾਣੀ ਦੀ
> ਮਨਾਂ ਕਾਹਨੂੰ ਚੱਲਿਐਂ ਮੁਕਲਾਵੇ।

ਗੋਰੀ ਮੁਕਲਾਵੇ ਚਲੀ ਗਈ, ਅਗਲਿਆਂ ਜਾਂਦੀ ਹੀ ਕੰਮ ਕਰਨ ਲਾ ਲਈ। ਜੇਠ ਦਾ ਚੁਬਾਰਾ ਬਣ ਰਿਹਾ ਸੀ, ਜੇਠ-ਜਠਾਣੀ ਪਾਣੀ ਢੋ ਰਹੇ ਸਨ, ਓਸ ਨੂੰ ਮੁਸ਼ਕਲ ਕੰਮ, ਗਾਰਾ ਢੋਣ ਲਈ ਲਾ ਦਿੱਤਾ, ਹੁਣ ਉਹ ਬਦ-ਅਸੀਸਾਂ ਨਾ ਦੇਵੇ ਤਾਂ ਕੀ ਕਰੇ:-

> ਜੇਠ-ਜਠਾਣੀ ਪਾਣੀ ਢੋਂਦੇ
> ਮੈਂ ਢੋਂਦੀ ਆਂ ਗਾਰਾ
> ਮੇਰੀ ਹਾ ਪੈ ਜਾਏ
> ਸਿਖਰੋਂ ਗਿਰੇ ਚੁਬਾਰਾ।

ਏਸ ਤਰ੍ਹਾਂ ਗੋਰੀ ਤੇ ਉਹਦਾ ਰਾਂਝਾ ਰੁਲਦੂ ਕੰਮ ਕਰਦੇ ਰਹਿੰਦੇ ਹਨ। ਜੇਠ ਘਰ ਦਾ ਮੁਖੀਆ ਹੋਣ ਦੇ ਕਾਰਨ ਬਾਹਰ ਫਿਰ ਤੁਰ ਛਡਦਾ ਹੈ। ਵੇਚ ਵਟਕ ਉਹ ਆਪ ਕਰਦਾ ਹੈ। ਸਾਰੀ ਕਮਾਈ ਜਠਾਣੀ ਸਾਂਭਦੀ ਹੈ। ਰਾਂਝੇ ਰੁਲਦੂ ਅਤੇ ਉਹਦੀ ਗੋਰੀ ਦੇ ਹੱਥਾਂ ਤੇ ਦੋ ਛਿਲੜ ਨਹੀਂ ਰੱਖੇ ਜਾਂਦੇ। ਕਪੜੇ ਉਹ ਆਪਣੇ ਹੱਥੀਂ ਆਪ ਨਹੀਂ ਖ਼ਰੀਦ ਸਕਦੇ। ਜੇਠ ਆਪਣੀ ਮਰਜ਼ੀ ਦੇ ਖ਼ਰੀਦ ਕੇ ਦੇਂਦਾ ਹੈ, ਜਠਾਣੀ ਆਪਣੀ ਮਰਜ਼ੀ ਨਾਲ਼ ਸਭ ਕੁਝ ਕਰਦੀ ਹੈ। ਦੁਧ ਦਹੀਂ ਉਹ ਆਪ ਸਾਂਭਦੀ ਹੈ, ਗੋਹਾ ਕੂੜਾ ਦਰਾਣੀ ਚੁਕਦੀ ਹੈ। ਗਲ ਗਲ ਵਿੱਚ ਵਿਤਕਰਾ ਹੁੰਦਾ ਹੈ। ਅੰਤ ਜਠਾਣੀ ਦਰਾਣੀ ਦੀ ਗਲ ਗਲ ਤੇ ਲੜਾਈ ਸ਼ੁਰੂ ਹੋ ਜਾਂਦੀ ਹੈ। ਤੇ ਉਹ ਅਖੀਰ ਵਿੱਚ ਵਖਰੇ ਵਖਰੇ ਹੋ ਜਾਂਦੇ ਹਨ।

ਗੋਰੀ ਹੁਣ ਜੇਠ ਨਾਲ਼ੋਂ ਵਖਰੀ ਹੋ ਗਈ, ਹੁਣ ਉਹ ਉਸ ਨੂੰ ਖਰੀਆਂ ਖਰੀਆਂ ਸੁਨਾਉਣੋਂ ਨਹੀਂ ਹਟਦੀ: -

ਜਿਊਂਦੀ ਮੈਂ ਮਰ ਗਈ
ਮੈਨੂੰ ਕਢੀਆਂ ਜੇਠ ਨੇ ਗਾਲ਼ਾਂ

ਪੌੜੀ ਵਿੱਚ ਅੱਧ ਮੇਰਾ
ਅਸੀਂ ਜੇਠ ਚੜ੍ਹਣ ਨਹੀਂ ਦੇਣਾ

ਅਤੇ

ਜੇਠ ਨੂੰ ਲੱਸੀ ਨਹੀਂ ਦੇਣੀ
ਦਿਓਰ ਭਾਵੇਂ ਦੁਧ ਪੀ ਲਵੇ

ਏਥੇ ਹੀ ਬਸ ਨਹੀਂ, ਉਹ ਤਾਂ ਜੇਠ ਦੇ ਚੌਂਕੇ ਉਤੇ ਆ ਚੜ੍ਹਣ ਤੇ ਆਟੇ ਵਾਲ਼ੀ ਪਰਾਤ ਉਹਦੇ ਮੂੰਹ ਤੇ ਵੀ ਮਾਰ ਦੇਂਦੀ ਹੈ: -

ਚਾਰ ਟਕੇ ਦੇ ਮੈਂ ਬੈਂਗਣ ਸੀ ਲਿਆਈ
ਆਈਆਂ ਸੀ ਚਾਰ ਛਟਾਂਕਾਂ
ਨੀ ਸੁਣ ਛੋਟੀਏ ਨਣਦੇ
ਜਦ ਮੈਂ ਬੈਂਗਣ ਚੀਰਨ ਲੱਗੀ
ਸੱਸੀ ਨੇ ਫਾੜੀ ਚੁਰਾਈ
ਨੀ ਸੁਣ ਛੋਟੀਏ ਨਣਦੇ
ਜਦ ਮੈਂ ਬੈਂਗਣ ਤੜਕਣ ਲੱਗੀ
ਜੇਠ ਸ਼ੈਤਾਨ ਚੌਂਕੇ ਚੜ੍ਹਿਆ
ਮੈਨੂੰ ਕੀ ਜੀ ਫੁਰੀ

ਸਣੇ ਪਰਾਤ ਚੱਕਲਾ ਮਾਰਿਆ
ਭੱਜਿਆ ਭੱਜਿਆ ਬਾਹਰ ਨੂੰ ਗਿਆ
ਸੁਣ ਮੈਥੋਂ ਛੋਟਿਆ
ਤੇਰੀ ਨਾਰੀ ਨੇ ਮੈਨੂੰ ਮਾਰਿਆ
ਭਜਿਆ ਭਜਿਆ ਘਰ ਨੂੰ ਆਇਆ
ਸੁਣ ਮੈਥੋਂ ਸੋਹਣੀਏਂ
ਤੈਂ ਮੇਰਾ ਵੀਰ ਕਿਉਂ ਮਾਰਿਆ
ਦੋ ਟਕੇ ਦੇ ਮੈਂ ਬੈਂਗਣ ਸੀ ਲਏ
ਸੁਣ ਮੈਥੋਂ ਸੋਹਣਿਆਂ
ਆਈਆਂ ਸੀ ਚਾਰ ਛਟਾਂਕਾਂ
ਜਦ ਮੈਂ ਬੈਂਗਣ ਚੀਰਨ ਸੀ ਲੱਗੀ
ਸੱਸੀ ਨੇ ਫਾੜੀ ਚੁਰਾਈ
ਜਦ ਮੈਂ ਬੈਂਗਣ ਤੜਕਣ ਲੱਗੀ
ਸੁਣ ਮੈਥੋਂ ਸੁਹਣਿਆਂ
ਜੇਠ ਸ਼ੈਤਾਨ ਚੌਂਕੇ ਚੜ੍ਹਿਆ
ਮੈਨੂੰ ਕੀ ਜੀ ਫੁਰੀ
ਸਣੇ ਪਰਾਤ ਚੱਕਲਾ ਮਾਰਿਆ
ਭੱਜਿਆ ਭੱਜਿਆ ਬਾਹਰ ਨੂੰ ਗਿਆ
ਸੁਣ ਮੈਥੋਂ ਬੜਿਆ
ਤੇਰਾ ਕਸੂਰ ਹੈਗਾ ਸਾਰਾ

ਹੁਣ ਉਹਨੂੰ ਜੇਠ ਦੀ ਕੀ ਪਰਵਾਹ। ਕਿਤੇ ਉਹਨੂੰ ਉਹ ਬੱਕਰਾ ਆਖਦੀ ਹੈ, ਕਿਤੇ ਚੰਦਰਾ ਸਦਦੀ ਹੈ, ਕਿਤੇ ਟੁਟ ਜਾਣੇ ਦੀ ਗਾਲ਼ ਦੇਂਦੀ ਹੈ: –

ਮੇਰੇ ਚੰਦਰੇ ਜੇਠ ਦੇ ਛੋਲੇ
ਕਦੇ ਨਾ ਲਿਆਈ ਸਾਗ ਤੋੜਕੇ

ਜਾਂ

ਚੀਰਾ ਬਨ੍ਹਕੇ ਸਾਹਮਣੇ ਬਹਿੰਦਾ
ਟੁਟ ਜਾਣੇ ਜੇਠ ਦਾ ਮੁੰਡਾ

ਅਤੇ

ਰੋਟੀ ਲੈ ਕੇ ਦਿਓਰ ਦੀ ਚੱਲੀ
ਅੱਗੇ ਜੇਠ ਬੱਕਰਾ ਹਲ ਵਾਹੇ

ਹੋਰ

ਮੇਰਾ ਜੇਠ ਬੜਾ ਟੁਟ ਪੈਣਾ
ਹਸਦੀ ਦੇ ਦੰਦ ਗਿਣਦਾ

ਕਈ ਵਾਰੀ ਜੇਠ ਦਾ ਮੁੰਡਾ ਉਹਨੂੰ ਮਖੌਲ ਵਜੋਂ ਆਖ ਦਿੰਦਾ ਹੈ: -

ਹਾਕਾਂ ਮਾਰੇ ਜੇਠ ਦਾ ਮੁੰਡਾ
ਚਲ ਚਾਚੀ ਨੀ ਚਰ੍ਹੀ ਨੂੰ ਚੱਲੀਏ

ਪਰ ਉਹ ਕਦੋਂ ਸਹਾਰ ਸਕਦੀ ਹੈ ਜੇਠ ਦੇ ਮੁੰਡੇ ਤੋਂ ਇਹ ਮਖੌਲ: -

ਵੇ ਮੈਂ ਲਗਦੀ ਔਤਦਿਆਂ ਚਾਚੀ
ਕਰਦੈਂ ਮਸ਼ਕਰੀਆਂ

ਜੇਠ ਦਾ ਟੱਪ (ਛਪਰ) ਡਿਗ ਜਾਣ ਤੇ ਉਹਨੂੰ ਖ਼ੁਸ਼ੀਆਂ ਚੜ੍ਹ ਜਾਂਦੀਆਂ ਹਨ: -

ਜੇਠ ਦਾ ਟੱਪ ਢੈ ਗਿਆ
ਮੇਰਾ ਹਾਸਾ ਨਿਕਲਦਾ ਜਾਵੇ

ਥਾਲ਼ ਪਾਉਂਦੀ ਵੀ ਉਹ ਆਪਣੇ ਜੇਠ ਦਾ ਹੀ ਮਖੌਲ ਉਡਾਂਵਦੀ ਹੈ: -

ਸਵਾ ਸੇਰ ਦਾ ਮੰਨ ਪਕਾਵਾਂ
ਰੱਖਾਂ ਗੋਡੇ ਹੇਠ
ਭਾਈਆਂ ਪਿੱਟੀ ਖਾਂਦੀ ਨੀ
ਖਾ ਗਿਆ ਦਰਵੇਸ਼
ਟੁੰਡਾ ਪਿਪਲ ਢੈ ਗਿਆ
ਮੇਰੀ ਮਛਲੀ ਆ ਗਈ ਹੇਠ
ਮਛਲੀ ਦੇ ਦੋ ਮਾਮੇ ਆਏ
ਤੀਆ ਆਇਆ ਜੇਠ
ਜੇਠ ਦੀ ਮੈਂ ਟਿੱਕੀ ਪਕਾਵਾਂ
ਉੱਤੇ ਪਾਵਾਂ ਤੋਰੀਆਂ
ਚਾਰੇ ਭੈਣਾਂ ਗੋਰੀਆਂ
ਚੌਹਾਂ ਦੇ ਮੁਕਾਬਲੇ ਆਏ
ਲਦ ਲਿਆਏ ਬੋਰੀਆਂ
ਆਲ਼ ਮਾਲ਼ ਪੂਰਾ ਹੋਇਆ ਥਾਲ਼

ਇਕ ਗੀਤ ਵਿੱਚ ਗੋਰੀ ਆਪਣੇ ਅਫਸਰ ਜੇਠ ਨੂੰ ਆਪਣੇ ਘਰ ਕੋਲ਼ ਆਉਣ ਤੋਂ ਰੋਕਦੀ ਹੈ: -

ਸੁਣੇਓਂ ਤਾਂ ਸੁਣੇਓਂ ਜੀ
ਸਾਡੇ ਅਫ਼ਸਰ ਜੇਠ
ਘੋੜਾ ਨਾ ਲਿਆਇਓ ਸਾਡੇ

ਮਹਿਲਾਂ ਦੇ ਹੇਠ
ਬੜੀਓ ਜਠਾਣੀ ਸਾਡੀ
ਕਰੇ ਜੀ ਕਲੇਸ਼
ਛੋਟਾ ਵੀਰਾ ਥੋੜਾ
ਗਿਆ ਜੀ ਪ੍ਰਦੇਸ਼

ਤੇ ਉਹ ਆਪ ਵੀ ਜੇਠ ਦੇ ਕੋਠੇ ਉਪਰ ਬੈਠੇ ਹੋਣ ਤੇ ਉਪਰ ਨਹੀਂ ਚੜ੍ਹਦੀ:-

ਹਰੀ ਫਲਾਹੀ ਬੈਠਿਆ ਤੋਤਿਆ
ਮੈਨਾਂ ਬੈਠੀ ਹੇਠ
ਕੋਠੇ ਡਰਦੀ ਨਾ ਚੜ੍ਹਾਂ
ਉੱਤੇ ਬੈਠਾ ਜੇਠ

ਪਰ ਇਕ ਬੋਲੀ ਵਿੱਚ ਗੋਰੀ ਆਪਣੀ ਮਾਂ ਨਾਲ਼ ਲੜਕੇ ਆਪਣੇ ਜੇਠ ਨੂੰ ਕਰਨ ਲਈ ਵੀ ਤਿਆਰ ਹੋ ਜਾਂਦੀ ਹੈ: -

ਅੱਡੀ ਤਾਂ ਮੇਰੀ ਉਠਣੋਂ ਰਹਿਗੀ
ਗੂਠੇ ਤੇ ਬਰਨਾਵਾਂ
ਮਾਂ ਨਾਲ ਧੀ ਲੜਪੀ
ਹੁਣ ਕੀ ਲਾਜ ਬਣਾਵਾਂ
ਮਰਜੂੰ ਓਧਰੇ ਕਰਲੂੰ ਜੇਠ ਨੂੰ
ਬੈਣ  ਕਦੇ ਨਾ ਪਾਵਾਂ--
ਕਿਸ਼ਨੋ ਦੇ ਮਹਿਲਾਂ ਤੇ
ਸਪ ਬਣਕੇ ਫਿਰ ਆਵਾਂ

ਇਕ ਟੱਪਾ ਹੋਰ ਜੇਠ ਦੇ ਪਖ ਵਿੱਚ ਜਾਂਦਾ ਹੈ: -

ਕਿਹੜੇ ਜੇਠ ਦੇ ਬਾਗ ਚੋਂ ਲਿਆਵਾਂ
ਮੁੰਡਾ ਰੋਵੇ ਅੰਬੀਆਂ ਨੂੰ

ਜਠਾਣੀ ਬਾਰੇ ਵੀ ਗੋਰੀ ਸਦ ਭਾਵਨਾ ਨਹੀਂ ਰਖਦੀ। ਦੋਨੋਂ ਹਰ ਵੇਲੇ ਝਗੜਦੀਆਂ ਰਹਿੰਦੀਆਂ ਹਨ, ਮਿਹਣੇ ਦਿੰਦੀਆਂ ਰਹਿੰਦੀਆਂ ਹਨ, ਬੋਲੀਆਂ ਮਾਰਦੀਆਂ ਰਹਿੰਦੀਆਂ ਹਨ ।

ਜਠਾਣੀ ਵਲੋਂ ਮਾਰੀਆਂ ਬੋਲੀਆਂ ਦੀ ਸ਼ਕੈਤ ਗੋਰੀ ਆਪਣੇ ਮਾਹੀ ਕੋਲ ਕਰਦੀ ਹੈ ਤੇ ਮਾਹੀ ਅਗੋਂ ਗੋਰੀ ਨੂੰ ਮਾਰੀਆਂ ਬੋਲੀਆਂ ਦਾ ਪਰਤਵਾਂ ਜਵਾਬ ਦੇਣ ਲਈ ਆਖਦਾ ਹੈ: -

ਇਕ ਖਰਬੂਜਾ ਬਾਰਾਂ ਫਾੜੀਆਂ ਬੀਬਾ
ਸਾਨੂੰ ਦੂਰਾਂ ਤੋਂ ਆਈਆਂ

ਇਕ ਫਾੜੀ ਉਹਨੂੰ ਰੱਖੀ ਬੀਬਾ
ਜਿਹੜਾ ਅਤੀ ਪਿਆਰਾ
ਸੱਸ ਜੋ ਮੇਰੀ ਮਾਤਾ ਥੋਡੀ ਬੀਬਾ
ਸਾਨੂੰ ਬੋਲੀਆਂ ਮਾਰੇ ਵੇ
ਨਿੱਕਾ ਪੀਸੀਏ ਝੋਲ ਪਕਾਈਏ ਗੋਰੀ
ਮਾਂ ਨੂੰ ਪੀਹੜੇ ਬਹਾਈਏ ਨੀ
ਨਣਦ ਸਾਡੀ ਭੈਣ ਜੋ ਥੋਡੀ
ਸਾਨੂੰ ਬੋਲੀਆਂ ਮਾਰੇ ਵੇ
ਨਿੱਕਾ ਕਤੀਏ ਠੋਕ ਬਣਾਈਏ ਗੋਰੀ
ਨਣਦ ਨੂੰ ਸੌਹਰੀਂ ਪੁਚਾਈਏ ਨੀ
ਜਠਾਣੀ ਮੇਰੀ ਭਾਬੋ ਥੋਡੀ ਬੀਬਾ
ਸਾਨੂੰ ਬੋਲੀਆਂ ਮਾਰੇ ਵੇ
ਦੋ ਚਾਰ ਸੁਣਾਈਏ ਗੋਰੀ
ਸਾਹਮਣੇ ਪੀਹੜੀ ਡਾਹੀਏ ਨੀ

ਕਈ ਵਾਰੀ ਦੋਨਾਂ ਦਾ ਵੈਰ ਵਧੇਰੇ ਵਧ ਜਾਂਦਾ ਹੈ: -

ਨਿੱਕੇ ਹੁੰਦਿਆਂ ਦੀ ਦੋਸਤੀ
ਮਾਰੀ ਪੈਰ ਕਹੀ
ਹਾਏ ਵੇ ਰੱਬਾ
ਜਠਾਣੀ ਕਿਉਂ ਵੈਰ ਪਈ

ਜਠਾਣੀ ਆਪਣੇ ਘਰ ਦੀ ਮੁਖਤਿਆਰੀ ਵਿੱਚ ਦਰਾਣੀ ਤੋਂ ਕੰਮ ਕਰਵਾ ਕਰਵਾ ਰੜਕਾਂ ਕਢਦੀ ਹੈ । ਗੋਰੀ ਦੀ ਚੰਦਨ ਵਰਗੀ ਦੇਹੀ ਸੁਕ ਜਾਂਦੀ ਹੈ ਤੇ ਉਹਦਾ ਸਬਰ ਜਠਾਣੀ ਤੇ ਪੈ ਜਾਂਦਾ ਹੈ: -

ਮੇਰਾ ਰੰਗ ਸੀ ਸਰਹੋਂ ਦੇ ਫੁੱਲ ਵਰਗਾ
ਡੁਲ੍ਹ ਗਿਆ ਜਠਾਣੀ ਤੇ

# *ਭਾਬੀਆਂ ਦਾ ਗਹਿਣਾ*

ਪੰਜਾਬ ਦੇ ਲੋਕ-ਜੀਵਨ ਵਿੱਚ ਦਿਓਰ ਭਰਜਾਈ ਦਾ ਨਾਤਾ ਬੜਾ ਪਿਆਰਾ ਨਾਤਾ ਏ । ਪੰਜਾਬ ਦੀ ਗੋਰੀ ਆਪਣੇ ਜੇਠ ਅਤੇ ਸਹੁਰੇ ਤੋਂ ਸੈਆਂ ਓਹਲੇ ਰਖਦੀ ਏ, ਆਪਣੇ ਆਪ ਨੂੰ ਸਾਂਭ ਸਾਂਭ ਰਖਦੀ ਏ, ਲਕੋ ਲਕੋ ਰਖਦੀ ਏ, ਆਪਣੇ ਮਾਖਿਓਂ ਮਿਠੇ ਬੋਲ ਵੀ ਉਹਨਾਂ ਨਾਲ਼ ਸਾਂਝੇ ਕਰਨੋਂ ਝਿਜਕਦੀ ਏ, ਸ਼ਰਮ ਮਹਿਸੂਸ ਕਰਦੀ ਏ । ਪਰ ਦਿਓਰ ਲਈ ਉਸ ਪਾਸ ਕੋਈ ਝਿਜਕ ਨਹੀਂ, ਸੰਗਾਅ ਨਹੀਂ। ਦੋਨਾਂ ਦਿਆਂ ਹਾਸਿਆਂ ਮਖੌਲਾਂ ਨੂੰ ਕੋਈ ਮੈਲ਼ੀ ਅਖ ਨਾਲ਼ ਨਹੀਂ ਵੇਖਦਾ, ਕਿਸੇ ਸਮਾਜੀ ਬੰਧਸ਼ ਨਾਲ ਨਹੀਂ ਜਕੜਦਾ । ਭਾਬੀਆਂ ਦਿਓਰਾਂ ਦੇ ਪਿਆਰਾਂ ਨਾਲ਼ ਭਰੇ ਹਾਸੇ ਮਖੌਲ ਪੰਜਾਬ ਦੇ ਲੋਕ ਜੀਵਨ ਵਿੱਚ ਹਰ ਵੇਲੇ ਸੁਗੰਧੀ ਬਖੇਰਦੇ ਰਹਿੰਦੇ ਹਨ। ਕੀ ਜਵਾਨ ਕੀ ਬੁਢਾ ਆਪਣੀ ਭਰਜਾਈ ਨਾਲ਼ ਟਿਕਚਰ ਬਾਜ਼ੀ ਕਰਕੇ, ਹਰ ਥਕੇਵੇਂ ਅਤੇ ਗ਼ਮ ਨੂੰ ਭੁਲ, ਨਸ਼ਿਆ ਜਾਂਦਾ ਹੈ।

ਜੇ ਭਰਜਾਈ ਦਾ ਦੇਵਰ ਛੋਟੀ ਉਮਰ ਦਾ ਹੋਵੇ ਤਾਂ ਉਹ ਉਸ ਨੂੰ ਹਰ ਵੇਲੇ ਰਝਾਉਣ ਵਿੱਚ ਮਸਤ ਰਹਿੰਦੀ ਹੈ: –

ਸੌਣ ਮਹੀਨੇ ਦਾ ਵਰ੍ਹਿਆ ਮੇਘਲਾ
ਮੋਰਾਂ ਨੇ ਪੈਲਾਂ ਪਾ ਲਈਆਂ
ਭਾਬੀ ਦਾ ਦੇਵਰ ਖਰਾ ਹੀ ਨਿਆਣਾ ਵੇ
ਖੇਲਣੇ ਨੂੰ ਮੰਗਦਾ ਚੀਚੀ ਦਾ ਛੱਲਾ
ਚੀਚੀ ਦਾ ਛੱਲਾ ਲੋਕੋ ਦੇ ਰਹੀ ਵੇ
ਦੇਵਰ ਰੁਸਿਆ ਜਾਂਵਦਾ
ਭਾਬੀ ਦਾ ਦੇਵਰ ਖਰਾ ਹੀ ਨਿਆਣਾ ਵੇ
ਖਾਣੇ ਨੂੰ ਮੰਗਦਾ ਲੈਚੀ ਦਾ ਦਾਣਾ
ਲੈਚੀ ਦਾ ਦਾਣਾ ਲੋਕੋ ਦੇ ਰਹੀ ਵੇ
ਦੇਵਰ ਰੁਸਿਆ ਜਾਂਵਦਾ
ਭਾਬੀ ਦਾ ਦੇਵਰ ਖਰਾ ਹੀ ਨਿਆਣਾ ਵੇ
ਖੇਲਣੇ ਨੂੰ ਮੰਗਦਾ ਲੱਕੜੀ ਦਾ ਗਡੀਹਰਾ
ਲੱਕੜੀ ਦਾ ਗਡੀਹਰਾ ਲੋਕੋ ਦੇ ਰਹੀ ਵੇ

ਦੇਵਰ ਰੁਸਿਆ ਜਾਂਵਦਾ

ਛੋਟੇ ਦੇਵਰ ਨੂੰ ਭਾਬੀ ਹਰ ਤਰ੍ਹਾਂ ਨਾਲ਼ ਖ਼ੁਸ਼ ਰਖਦੀ ਹੈ, ਉਹਦੀ ਹਰ ਸੱਧਰ ਪੂਰੀ ਕਰਦੀ ਹੈ ਤੇ ਕਿਸੇ ਗਹਿਣੇ ਵਾਂਗ ਉਹਨੂੰ ਸਾਂਭ ਸਾਂਭ ਰਖਦੀ ਹੈ: -

ਛੋਟਾ ਦਿਓਰ ਭਾਬੀਆਂ ਦਾ ਗਹਿਣਾ
ਪੱਟਾਂ ਵਿੱਚ ਖੇਲਦਾ ਫਿਰੇ

ਜੇਕਰ ਦੇਵਰ ਭਾਬੀ ਦੇ ਹਾਣ ਪਰਵਾਨ ਦਾ ਹੋਵੇ ਤਾਂ ਉਹ ਬਣ ਸੰਵਰ ਕੇ ਉਸ ਨੂੰ ਰੋਟੀ (ਭੱਤਾ) ਲੈਕੇ ਜਾਂਦੀ ਹੈ: -

ਲੈ ਡੋਹੀਆ ਗੰਢੇ ਦੇ ਪੱਤ ਵਰਗਾ
ਰੋਟੀ ਲੈ ਕੇ ਦਿਓਰ ਦੀ ਚੱਲੀ

ਪਰ ਅਗੋਂ ਜੇ ਦੇਵਰ ਦੀ ਥਾਂ ਜੇਠ ਹਲ਼ ਵਾਹੁੰਦਾ ਹੋਵੇ ਤਾਂ ਓਸ ਨੂੰ ਕਿੰਨੀ ਨਿਰਾਸਤਾ ਹੁੰਦੀ ਏ :

ਰੋਟੀ ਲੈਕੇ ਦਿਓਰ ਦੀ ਚੱਲੀ
ਅਗੇ ਜੇਠ ਬੱਕਰਾ ਹਲ਼ ਵਾਹੇ

ਸ਼ਾਇਦ ਇਸੇ ਕਰਕੇ ਹੀ ਜੇਠ ਨੂੰ ਲੱਸੀ ਦੇਕੇ ਵੀ ਉਹ ਰਾਜ਼ੀ ਨਹੀਂ:-

ਅਸੀਂ ਜੇਠ ਨੂੰ ਲੱਸੀ ਨਹੀਂ ਦੇਣੀ
ਦਿਓਰ ਭਾਵੇਂ ਦੁਧ ਪੀ ਲਵੇ

ਅਜੇਹੇ ਕਾਮੇ ਦਿਓਰ ਦੀ ਬਾਹਰੋਂ ਕੰਮ ਤੋਂ ਵਾਪਸ ਘਰ ਆਉਣ ਤੇ ਭਾਬੀ ਪੂਰੀ ਸੇਵਾ ਕਰਦੀ ਹੈ ਤੇ ਉਹਦਾ ਸਾਰਾ ਥਕੇਵਾਂ ਕਿਧਰੇ ਉਡ ਪੁਡ ਜਾਂਦਾ ਹੈ: -

ਬਾਹਰੋਂ ਆਈਆ ਕੱਸੀ ਲਾਕੇ
ਠੰਢਾ ਤੱਤਾ ਤੈਨੂੰ ਪਾਣੀ ਲਿਆ ਦਿਆਂ
ਵਿੱਚ ਬੱਠਲ ਦੇ ਪਾਕੇ
ਵਿੱਚ ਵਿਹੜੇ ਦੇ ਡਾਹ ਦਿਆਂ ਪਟੜਾ
ਝਾਵਾਂ ਕੋਲ ਰਖਾਕੇ
ਵਿੱਚ ਦਰਵਾਜ਼ੇ ਡਾਹ ਦਿਆਂ ਮੰਜੀ
ਉਤੇ ਦਰੀ ਬਛਾਕੇ
ਮੈਂ ਤਾਂ ਤੈਨੂੰ ਲਿਆਵਾਂ ਰੋਟੀਆਂ
ਖੰਡ ਘਿਓ ਖ਼ੂਬ ਰਲਾਕੇ
ਹਸਦਾ ਭਾਬੋ ਨੂੰ -
ਦਾਲ ਤੜਕਵੀਂ ਖਾਕੇ

ਜੇਕਰ ਅਜਿਹੀ ਭਾਬੋ ਢਿੱਲੀ ਹੋ ਜਾਵੇ ਤਾਂ ਦਿਓਰ ਵੀ ਫ਼ਿਕਰਮੰਦ ਹੋ ਜਾਂਦਾ ਹੈ:-

ਪੁਛਦਾ ਦਿਓਰ ਖੜਾ
ਤੇਰਾ ਕੀ ਦੁਖਦਾ ਭਰਜਾਈਏ

ਤੇ ਅਗੋਂ ਭਰਜਾਈ ਆਪਣੇ ਦੁਖ ਦਾ ਇਲਾਜ ਵੀ ਦਸ ਦੇਂਦੀ ਏ:-

ਸਹੁਰਿਆ ਵੇ ਅਰਜ ਕਰੇਨੀ ਆਂ
ਦਰ ਵਿੱਚ ਖੂਹਾ ਲਵਾ
ਮੈਂ ਦੂਰ ਪਾਣੀ ਜਾਨੀ ਆਂ
ਜੇਠਾ ਵੇ ਅਰਜ ਕਰੇਨੀ ਆਂ
ਤ੍ਰਿੰਜਣਾ 'ਚ ਬੋਲੀਆਂ ਨਾ ਮਾਰ
ਮੈਂ ਪੇਕੇ ਉਠ ਜਾਨੀ ਆਂ
ਸੱਸੇ ਨੀ ਇਕ ਅਰਜ ਕਰੇਨੀ ਆਂ
ਭਾਈਏਂ ਗਾਲ ਨਾ ਦੇ
ਮੈਂ ਹੁਣ ਮਰ ਜਾਨੀ ਆਂ
ਦਿਓਰਾ ਵੇ ਇਕ ਅਰਜ ਕਰੇਨੀ ਆਂ
ਮਿੱਠੀ ਮਿੱਠੀ ਢੋਲਕੀ ਵਜਾ
ਮੈਂ ਹੁਣ ਖਿੜ ਜਾਨੀ ਆਂ

ਇਕ ਗੀਤ ਵਿੱਚ ਦਿਓਰ ਦੇ ਲਿਆਂਦੇ ਹੋਏ ਕਰੇਲੇ ਘਰ ਵਿੱਚ ਫਸਾਦ ਖੜਾ ਕਰ ਦੇਂਦੇ ਹਨ। ਨਣਦ ਭਾਬੋ ਨੂੰ ਘਰੋਂ ਬਾਹਰ ਕਢਵਾ ਦੇਂਦੀ ਹੈ, ਪਰ ਦਿਓਰ ਉਸ ਨੂੰ ਮੁੜ ਘਰ ਲੈ ਆਉਂਦਾ ਹੈ: -

ਮੇਰਾ ਦਿਓਰ ਕਰੇਲੇ ਲਿਆਇਆ ਨੀ
ਲੈ ਛਾਬੇ ਮੈਂ ਪਾਏ ਨੀ
ਮੈਂ ਘਿਓ ਦਾ ਤੜਕਾ ਲਾਇਆ ਨੀ
ਮੈਂ ਰਤੀ ਰਤੀ ਵਰਤਾਏ ਨੀ
ਨਣਦੀ ਨੂੰ ਰਹਿ ਗਏ ਥੋਹੜੇ ਨੀ
ਨਣਦੀ ਨੇ ਸਹੁਰੇ ਕੋਲ ਲਾਈਆਂ ਨੀ
ਸਹੁਰੇ ਨੇ ਸੱਸ ਕੋਲ ਲਾਈਆਂ ਨੀ
ਸੱਸ ਨੇ ਜੇਠ ਕੋਲ ਲਾਈਆਂ ਨੀ
ਜੇਠ ਨੇ ਵੀਰ ਕੋਲ ਲਾਈਆਂ ਨੀ
ਕੰਤਾਂ ਨੇ ਬਾਹਰ ਕਢਾਈਆਂ ਨੀ
ਦਿਓਰਾ ਨੇ ਮੋੜ ਵਸਾਈਆਂ ਨੀ

ਸੋਹਣੇ ਜਿਹੇ ਦਿਓਰ ਨੂੰ ਧੁਪ ਵਿੱਚ ਖੜਿਆਂ ਵੇਖਕੇ, ਕਿਸੇ ਸੁਹਲ ਜਹੀ ਭਾਬੀ ਦਾ ਕਾਲਜਾ ਮੱਚਣ ਲੱਗ ਜਾਂਦਾ ਹੈ। ਕਿੰਨੀ ਨਾਜ਼ਕ ਖ਼ਿਆਲੀ ਹੈ ਇਨ੍ਹਾਂ ਬੋਲਾਂ ਵਿੱਚ : -

ਦਿਓਰਾ ਤੈਨੂੰ ਧੁਪ ਲਗਦੀ
ਮੱਚੇ ਕਾਲਜਾ ਮੇਰਾ

ਭਾਬੀ ਲਈ ਦਿਓਰ ਦਾ ਵਿਛੋੜਾ ਸਹਿਣਾ ਕਠਿਨ ਹੋ ਜਾਂਦਾ ਹੈ, ਉਹ ਉਹਦੇ ਬਿਨਾਂ ਫੁੱਲ ਵਾਂਗੂੰ ਕੁਮਲਾ ਜਾਂਦੀ ਹੈ: -

ਧਾਵੇ ਧਾਵੇ ਧਾਵੇ
ਡੰਡੀਆਂ ਕਰਾ ਮਿੱਤਰਾ
ਜੀਹਦੇ ਵਿੱਚ ਦੀਂ ਮੁਲਕ ਲੰਘ ਜਾਵੇ
ਸੋਨੇ ਦਾ ਭਾਅ ਸੁਣ ਕੇ
ਮੁੰਡਾ ਪੱਲਾ ਝਾੜਦਾ ਆਵੇ
ਜੰਨ ਘੁਮਿਆਰਾਂ ਦੀ
ਵਿੱਚ ਗਧਾ ਹਿਣਕਦਾ ਆਵੇ
ਗਧੇ ਤੋਂ ਘੁਮਾਰੀ ਡਿਗਪੀ
ਮੇਰਾ ਹਾਸਾ ਨਿਕਲਦਾ ਜਾਵੇ
ਭਾਬੀ ਦਿਓਰ ਬਿਨਾਂ -
ਫੁੱਲ ਵਾਂਗੂੰ ਕੁਮਲਾਵੇ

ਦਿਓਰ ਭਾਬੀ ਨੂੰ ਨਾਲ਼ ਮੇਲੇ ਤੇ ਲਜਾਣ ਲਈ ਉਹਦੇ ਮੁੰਡੇ ਨੂੰ ਸਾਰੇ ਰਸਤੇ ਗੋਦੀ ਚੁਕਕੇ ਲਜਾਣ ਦੀ ਪੇਸ਼ਕਸ਼ ਵੀ ਕਰਦਾ ਹੈ: -

ਚਲ ਚੱਲੀਏ ਜਰਗ ਦੇ ਮੇਲੇ
ਮੁੰਡਾ ਤੇਰਾ ਮੈਂ ਚਕਲੂੰ

ਭਾਬੀ ਨੂੰ ਹੋਰ ਕੀ ਚਾਹੀਦਾ ਹੈ - ਇਕ ਹੁਸੀਨ ਸਾਥ

ਪਿੰਡ ਲੰਘ ਕੇ ਕੰਘਲੀਆਂ ਪਾਈਆਂ
ਦਿਓਰ ਭਾਬੀ ਮੇਲੇ ਚੱਲੇ

ਭਾਬੀ ਅਗੋਂ ਮੇਲੇ ਉਪਰੋਂ ਆਪਣੀਆਂ ਪੱਟੀਆਂ ਵੇਖਣ ਲਈ ਸ਼ੀਸ਼ਾ ਖ਼ਰੀਦ ਲੈਂਦੀ ਹੈ ਤੇ ਦਿਓਰ ਨੂੰ ਸਾਵਧਾਨੀ ਨਾਲ਼ ਲਿਆਉਣ ਲਈ ਚਤਾਵਨੀ ਕਰਦੀ ਹੈ: -

ਦੇਖੀਂ ਦਿਉਰਾ ਭੰਨ ਨਾ ਦੇਈਂ
ਮੇਰਾ ਪੱਟੀਆਂ ਦੇਖਣ ਦਾ ਸ਼ੀਸ਼ਾ

ਭਾਬੀ ਦੇ ਇਹ ਬੋਲ ਦਿਓਰ ਨੂੰ ਕਤਲ ਕਰ ਜਾਂਦੇ ਹਨ: -

ਘੁੰਡ ਕਢਕੇ ਸਲਾਮੀ ਪਾਵਾਂ
ਵਿਆਹ ਕਰਵਾ ਦਿਓਰਾ

ਤੇ ਕਈ ਵਾਰੀ ਭਾਬੀਆਂ ਆਪਣੇ ਦਿਓਰਾਂ ਨੂੰ ਵਿਆਹ ਦਾ ਲਾਲਚ ਦੇ ਆਪਣੇ ਘਰ ਦੇ ਕੰਮ ਵੀ ਕਰਵਾਉਂਦੀਆਂ ਰਹਿੰਦੀਆਂ ਹਨ: -

ਮੇਰੀ ਬੱਕਰੀ ਚਾਰ ਲਿਆ ਦਿਓਰਾ

ਮੈਂ ਨਾ ਤੇਰਾ ਹੱਕ ਰੱਖਦੀ

ਜਦੋਂ ਸੋਹਣੇ ਜਿਹੇ ਦਿਓਰ ਦੀ ਜੰਨ ਚੜ੍ਹ ਰਹੀ ਹੋਵੇ ਤਾਂ ਭਾਬੀ ਸੁਰਮੇ ਦੀ ਸਲਾਈ ਪਾਉਂਦੀ ਹੋਈ ਹੇਰਾ ਲਾਉਂਦੀ ਏ:-

ਪਹਿਲੀ ਸਲਾਈ ਦਿਓਰਾ ਰਸ ਭਰੀ
ਦੂਜੀ ਗੁਲ ਅਨਾਰ
ਤੀਜੀ ਸਲਾਈ ਤਾਂ ਪਾਵਾਂ
ਜੇ ਮੋਹਰਾਂ ਦੇਵੇਂ ਚਾਰ

ਤੇ ਫਿਰ ਨਵੇਂ ਤੋਂ ਨਵਾਂ ਹੇਰਾ ਉਗਮਦਾ ਹੈ: -

ਦਿਓਰਜ ਦਿਓਰਜ ਕਰੇ ਰਹੀ
ਤੂੰ ਮੇਰੇ ਬੁਲਾਇਆਂ ਬੋਲ
ਮੈਂ ਤੇਰੇ ਤੇ ਐਂ ਘੁਮਾਂ
ਜਿਉਂ ਲਾਟੂ ਤੇ ਘੁਮੇਂ ਡੋਰ

ਏਥੇ ਹੀ ਬਸ ਨਹੀਂ:-

ਤੇਰਾ ਵੀ ਬੋਲਿਆ ਦਿਓਰਾ ਲਿਖ ਧਰਾਂ
ਕੋਈ ਸੱਜੇ ਕੌਲ਼ੇ ਦੇ ਨਾਲ਼
ਆਉਂਦੀ ਜਾਂਦੀ ਰਹਾਂ ਵਾਚਦੀ
ਮੈਂ ਤਾਂ ਗੂੜ੍ਹੇ ਨੈਣਾਂ ਦੇ ਨਾਲ਼।

ਅਤੇ

ਤੇਰਾ ਵੀ ਮੇਰਾ ਦਿਓਰਾ ਇਕ ਮੰਨ
ਕੋਈ ਲੋਕਾਂ ਭਾਵੇਂ ਦੋ
ਕੰਡਾ ਧਰਕੇ ਤੋਲ ਲੈ
ਕੋਈ ਹਵਾ ਬਰਾਬਰ ਹੋ।

ਇਕ ਗੀਤ ਵਿੱਚ ਗੋਰੀ ਦਾ ਪਤੀ ਬਾਰਾਂ ਵਰ੍ਹਿਆਂ ਮਗਰੋਂ ਘਰ ਵਾਪਸ ਪਰਤਦਾ ਹੈ। ਉਸ ਦੇ ਵਿਛੋੜੇ ਵਿੱਚ ਉਹਦਾ ਰੰਗ ਪੀਲਾ ਪੈ ਜਾਂਦਾ ਹੈ। ਘਰ ਆ ਉਹ ਏਸ ਦਾ ਕਾਰਨ ਪੁਛਦਾ ਹੈ। ਉਹ ਆਪਣੇ ਪਤੀ ਦਾ ਪਰਤਾਵਾ ਲੈਣ ਲਈ ਆਖ ਦੇਂਦੀ ਹੈ ਕਿ ਓਸਦੇ ਛੋਟੇ ਭਰਾ ਨੇ ਉਹਦੇ ਰੂਪ ਨੂੰ ਖਰਾਬ ਕਰ ਦਿੱਤਾ ਹੈ। ਇਹ ਸੁਣ ਉਹ ਉਸ ਨੂੰ ਮਾਰਨ ਲਈ ਨਸਦਾ ਹੈ। ਪਰ ਉਹ ਰੋਕ ਲੈਂਦੀ ਹੈ। ਗੀਤ ਦੇ ਬੋਲ ਇਸ ਪ੍ਰਕਾਰ ਹਨ: -

ਬਾਹਰੀਂ ਬਰਸੀਂ ਆਇਆ

ਕਿ ਲੱਥ ਅੰਬਾਂ ਤਲੇ
ਛੋਟੀ ਭੈਣਣ ਦੇ ਮਨ ਚਾ
"ਵੀਰਨ ਮੇਰੇ ਆਓ ਘਰੇ"
"ਚਲ ਬੀਬੀ ਮੈਂ ਆਇਆ
ਭਾਬੋ ਜੀ ਨੂੰ ਖ਼ਬਰ ਕਰੋ
ਨਾਜੋ ਜੀ ਨੂੰ ਖ਼ਬਰ ਕਰੋ
ਲਾ ਲਵੇ ਹਾਰ ਸ਼ੰਗਾਰ
ਮਹਿਲੀਂ ਦੀਵਾ ਬਾਲ ਧਰੇ"

... ...

"ਕਿਥੇ ਛੋਡਾਂ ਘੋੜਾ
ਕਿਥੇ ਹਥਿਆਰ ਮੇਰੇ
ਕਿਥੇ ਉਤਰਾਂ ਆਪ
ਕਿਥੇ ਪਹਿਰੇਦਾਰ ਮੇਰੇ"
"ਬਾਗੀਂ ਛਡੋ ਘੋੜਾ
ਕੀਲੇ ਹਥਿਆਰ ਤੇਰੇ
ਮਹਿਲੀਂ ਉਤਰੋ ਆਪ
ਡਿਓੜੀ ਪਹਿਰੇਦਾਰ ਤੇਰੇ"
"ਮੈਂ ਤੈਨੂੰ ਪੁਛਾਂ ਗੋਰੀਏ
ਰੰਗ ਤੇਰਾ ਪੀਲਾ ਹੋਇਆ
ਕੀਹਨੇ ਤੇਰੀ ਪਕੜੀ ਐ ਬਾਂਹ
ਕੀਹਨੇ ਤੇਰਾ ਅੰਤ ਲਿਆ"
"ਮੈਂ ਤੈਨੂੰ ਦਸਦੀ ਨੌਕਰਾ
ਹਰਨੀ ਨੂੰ ਹਰਨ ਪਿਆ
ਤੁਹਾਡਾ ਛੋਟਾ ਵੀਰਾ ਚੈਂਚਲ
ਉਹਨੇ ਮੇਰਾ ਅੰਤ ਲਿਆ"
"ਪੰਜੇ ਲਿਆਵੋ ਕਪੜੇ
ਪੰਜੇ ਹਥਿਆਰ ਮੇਰੇ
ਕੋਈ ਲਿਆਵੋ ਛੋਟਾ ਵੀਰ
ਉਹਨੂੰ ਅਸੀਂ ਮਾਰ ਦਈਏ"
"ਛੋਟਾ ਵੀਰ ਨਾ ਮਾਰੀਏ
ਭਾਈਆਂ ਦੀ ਬਾਂਹ ਭੱਜ ਜਾ
ਮਾਰੀਏ ਘਰ ਦੀ ਨਾਰ

ਵਿਆਹ ਹੋਰ ਕਰਵਾ ਵੇ ਲਈਏ"
"ਸ਼ਾਵਾ ਸ਼ੇ ਭਾਬੋ ਮੇਰੀਏ
ਤੈਂ ਸਾਨੂੰ ਰਖ ਲਿਆ
ਸ਼ਾਵਾ ਸ਼ੇ ਵਡਿਆ ਭਾਈਆ
ਜੀਹਨੇ ਕਹਿਣਾ ਮੰਨ ਲਿਆ"

ਇਸੇ ਪਰਕਾਰ ਦਾ ਇਕ ਹੋਰ ਲੋਕ-ਗੀਤ ਮਿਲਦਾ ਹੈ। ਨੌਕਰ ਗਿਆ ਹੋਇਆ ਪਤੀ ਆਪਣੇ ਛੋਟੇ ਵੀਰ ਨੂੰ ਨਾਲ਼ ਲੈ ਆਪਣੀ ਪਤਨੀ ਦਾ ਪਰਤਾਵਾ ਲੈਣ ਲਈ ਭੇਸ ਵਟਾਕੇ ਉਸ ਪਾਸ ਆਉਂਦਾ ਹੈ ਪਰ ਪੰਜਾਬ ਦੀ ਗੋਰੀ ਆਪਣੇ ਪਤੀ ਵਰਤਾ ਧਰਮ ਤੋਂ ਡੋਲਦੀ ਨਹੀਂ। ਗੀਤ ਇੰਜ ਟੁਰਦਾ ਹੈ: -

ਦੋ ਰਾਜੇ ਦੇ ਨੌਕਰ ਵੀ ਆਏ
ਮਹਿਲੀਂ ਮੰਗਦੇ ਨੇ ਡੇਰਾ
"ਡੇਰਾ ਤੁਹਾਨੂੰ ਨਾ ਜੀ ਦੇਵਾਂ
ਸ਼ਿਆਮ ਨਹੀਂ ਘਰ ਮੇਰਾ"
ਸ਼ਿਆਮ ਤੇਰੇ ਦਾ ਲੱਗਾਂ ਛੋਟਾ ਭਾਈ
ਤੇਰਾ ਮੈਂ ਲਗਦਾ ਨੀ ਦੇਵਰ"
"ਚੱਕਾਂ ਚਰਖਾ ਮਾਂਜਾਂ ਭਾਂਡੇ
ਰੋਸ਼ਨ ਕਰਾਂ ਜੀ ਰਸੋਈ"
"ਰੋਟੀ ਅਸੀਂ ਰਾਜੇ ਦੇ ਖਾਈਏ
ਆਣ ਸੌਂਈਏਂ ਘਰ ਤੇਰੇ
ਰੰਗਲਾ ਮਿੰਜੜਾ ਚਿੱਟੜਾ ਵਿਛੌਣਾ
ਡਾਹ ਨੀ ਧਰੀਂ ਵਿਚ ਵਿਹੜੇ"
"ਟੁਟੜੀ ਮੰਜੜੀ ਬਾਣ ਪੁਰਾਣਾ
ਡਾਹ ਜੀ ਧਰਾਂ ਪਛਵਾੜੇ"
"ਹਥੀਂ ਸਾਡੇ ਸੋਨੇ ਦੀਆਂ ਛਾਪਾਂ
ਲਾਹ ਨੀ ਪਾਈਏ ਹਥ ਤੇਰੇ"
"ਛਾਪਾਂ ਤੁਹਾਡੀਆਂ ਨਾ ਜੀ ਪਾਵਾਂ
ਸ਼ਿਆਮ ਨਹੀਂ ਘਰ ਮੇਰੇ।"

ਇਹ ਜ਼ਰੂਰੀ ਨਹੀਂ ਸਾਰੀਆਂ ਭਾਬੀਆਂ ਹੀ ਆਪਣੇ ਦਿਓਰਾਂ ਨੂੰ ਚੰਗਾ ਸਮਝਣ। ਤ੍ਰਿੰਜਣ ਦੇ ਇਕ ਗੀਤ ਵਿੱਚ ਗੋਰੀ ਆਪਣੇ ਛੋਟੇ ਦਿਓਰ ਨੂੰ ਇਕ ਸ਼ਰੀਕ ਦੇ ਸਮਾਨ ਸਮਝਦੀ ਹੈ: -

ਰਿਨ੍ਹੀ ਸੀ ਮਸਰਾਂ ਦੀ ਦਾਲ ਨੀ ਮਾਏਂ
ਜੇ ਕੋਈ ਪ੍ਰਾਹੁਣਾ ਨੀ ਆਵੇ

"ਹੋਰਨਾਂ ਦੇ ਆਗੇ ਨੇ ਲਾਲ ਨੀ ਮਾਏਂ
ਮੇਰਾ ਕਿਉਂ ਆਇਆ ਨੀ ਦੇਵਰ
ਦੇਵਰ ਨਾਲ਼ ਨਾ ਤੋਰ ਨੀ ਮਾਏਂ
ਦੇਵਰ ਦੀਆਂ ਅੱਖੀਆਂ ਨੀ ਗਹਿਰੀਆਂ।"

"ਐਡੇ ਬੋਲ ਨਾ ਬੋਲ ਨੀ ਧੀਏ
ਘਰ ਆਏ ਸੱਜਣ ਨਾ ਮੋੜ ਨੀ ਧੀਏ
ਨਾਲ਼ ਘੱਲੂੰ ਛੋਟੇ ਵੀਰ ਨੂੰ
ਲੰਘ ਚਲੀਂ ਬਾਬਲ ਦੇਸ਼ ਨੀ ਧੀਏ"

ਵੀਰ ਨੇ ਘੋੜਾ ਨੀ ਮੋੜਿਆ
"ਨਿੱਕੀ ਨਿੱਕੀ ਕਣੀ ਦਾ ਮੀਂਹ ਪਵੇ ਨੀ ਮਾਏਂ
ਦੇਵਰ ਤਾਂ ਤੰਬੂ ਨੀ ਤਾਣਦਾ।"
"ਤੰਬੂਆਂ ਦੇ ਅੰਦਰ ਆ ਨੀ ਭਾਬੋ
ਤੇਰੇ ਭਿਜਗੇ ਸੂਹੇ ਨੀ ਸੋਸਨੀ"
"ਤੰਬੂਆਂ ਦੇ ਅੰਦਰ ਨਾ ਆਵਾਂ ਵੇ ਦਿਓਰਾ
ਭ਼ਾਵੇਂ ਭਿਜ ਜਾਣ ਕੰਨਾਂ ਦੀਆਂ ਵੇ ਬਾਲੀਆਂ"
"ਕੈ ਲਖ ਦਾ ਤੇਰਾ ਹਾਰ ਨੀ ਭਾਬੋ
ਕੈ ਲਖ ਦੀਆਂ ਨੀ ਬਾਲੀਆਂ"
"ਦਸ ਲਖ ਦਾ ਮੇਰਾ ਹਾਰ ਵੇ ਦਿਓਰਾ
ਦਸ ਲਖ ਦੀਆਂ ਵੇ ਬਾਲੀਆਂ"
"ਜਦ ਜਾ ਰਹੀ ਸਹੁਰੇ ਦੇਸ਼ ਨੀ ਮਾਏਂ
ਰਾਂਝਾ ਮੱਝੀਆਂ ਸੀ ਚਾਰਦਾ"
"ਕੀ ਤੈਨੂੰ ਚੜ੍ਹਿਆ ਸੀ ਤਾਪ ਵੇ ਕੰਤਾ
ਕੀ ਤੈਨੂੰ ਲੜਿਆ ਸੀ ਨਾਗ ਵੇ ਕੰਤਾ
ਛੋਟਾ ਵੀਰ ਕਿਉਂ ਸੀ ਤੋਰਿਆ"
"ਨਾ ਮੈਨੂੰ ਚੜ੍ਹਿਆ ਸੀ ਤਾਪ ਨੀ ਨਾਜੋ
ਨਾ ਮੇਰੇ ਲੜਿਆ ਸੀ ਨਾਗ ਨੀ ਨਾਜੋ
ਛੋਟਾ ਵੀਰ ਨੀ ਲਾਡਲਾ"
"ਲਾਡ ਕਰੇ ਮਾਵਾਂ ਨਾਲ਼ ਵੇ ਕੰਤਾ
ਲਾਡ ਕਰੇ ਭੈਣਾਂ ਨਾਲ਼ ਵੇ ਕੰਤਾ
ਸਾਡਾ ਜਾਣੇ ਜੀ ਖੋਸੜਾ
ਸਾਡਾ ਲੱਗੇ ਜੀ ਸ਼ਰੀਕ।"

# ਰਿਸ਼ਤਾ ਨਣਦ-ਭਰਜਾਈ ਦਾ

"ਉਹ ਘਰ ਨਹੀਂ ਵਸਦੇ, ਜਿਥੇ ਨਣਦਾਂ ਦੀ ਸਰਦਾਰੀ" ਕਿਸੇ ਸਾਧਾਰਨ ਘਟਨਾ ਤੋਂ ਉਪਜਿਆ ਗੀਤ ਨਹੀਂ। ਇਸ ਗੀਤ ਦੇ ਪਛੋਕੜ ਵਿੱਚ ਅਨੇਕਾਂ ਲੋਕ-ਗੀਤ ਨਣਦ ਭਰਜਾਈ ਦੀ ਖਿਚੋਤਾਣ ਨੂੰ ਉਲੀਕਦੇ, ਲੋਕ-ਦਿਲਾਂ ਦੀਆਂ ਧੜਕਦੀਆਂ ਹੋਈਆਂ ਹਿਕੜੀਆਂ ਦੇ ਅਰਮਾਨਾਂ ਦੀ ਤਰਜਮਾਨੀ ਕਰਦੇ ਆ ਰਹੇ ਹਨ। ਸੱਸ ਨੂੰਹ ਵਾਂਗ ਨਣਦ-ਭਰਜਾਈ ਦੇ ਗੀਤਾਂ 'ਚ ਬਹੁਗਿਣਤੀ ਲੜਾਈ ਝਗੜਿਆਂ ਦੀ ਹੀ ਹੈ। ਜੇਕਰ ਨਣਦ ਦਾ ਛੋਟਾ ਵੀਰਾ ਵਿਆਹਿਆ ਹੋਵੇ ਜਾਂ ਕਈ ਭਰਾਵਾਂ ਦੀ ਇਕੋ ਇਕ ਵੱਡੀ ਜਾਂ ਜਵਾਨ ਭੈਣ ਹੋਵੇ ਤਾਂ ਉਹਦੀ ਘਰ ਵਿੱਚ ਮੁਖ਼ਤਿਆਰੀ ਚਲਦੀ ਹੈ। ਸੱਸ ਸਦਾ ਆਪਣੀ ਧੀ ਦਾ ਪੱਖ ਪੂਰ ਕੇ ਉਹਦਾ ਮਾਣ ਵਧਾਉਂਦੀ ਹੈ। ਦੋਨੋਂ ਬਗਾਨੀ ਧੀ ਨੂੰ ਇਕ ਕਾਮੀ ਸਮਝਦੀਆਂ ਹਨ, ਜਿਸ ਦੇ ਸਦਕਾ ਹਰ ਗਲ ਤੇ ਝਗੜਾ ਸ਼ੁਰੂ ਹੋ ਜਾਂਦਾ ਹੈ।

ਲੜਾਈ ਝਗੜਿਆਂ ਦੀ ਨੌਬਤ ਇਕ ਦਮ ਨਹੀਂ ਆ ਜਾਂਦੀ। ਨਾਲ਼ੇ ਸਾਰੀਆਂ ਨਣਦਾਂ ਲੜਾਕੀਆਂ ਹੀ ਨਹੀਂ ਹੁੰਦੀਆਂ। ਨਣਦਾਂ ਸੁੱਖਾਂ ਸੁਖ ਕੇ ਵੀਰੇ ਦਾ ਵਿਆਹ ਰਚਾਉਂਦੀਆਂ ਹਨ ਅਤੇ ਸਤਿਕਾਰ ਨਾਲ਼ ਭਾਬੋ ਨੂੰ, ਹਸਦੀਆਂ ਟਪਦੀਆਂ ਜੀ ਆਇਆਂ ਨੂੰ ਆਖਦੀਆਂ ਹਨ: –

ਨਿੱਕੇ ਨਿੱਕੇ ਬਾਲਿਆਂ ਦੀ
ਛੱਤ ਮੈਂ ਛਤਾਉਨੀ ਆਂ
ਉੱਚਾ ਰਖਦੀ ਬਾਰ
ਭਾਬੋ ਆ ਬੜ ਨੀ
ਘੁੰਮਦੇ ਲਹਿੰਗੇ ਨਾਲ਼
ਭਾਬੋ ਆ ਬੜ ਨੀ।

ਕੁਆਰੀ ਨਣਦ ਤੇ ਭਾਬੋ ਵਿਸ਼ੇਸ਼ ਕਰਕੇ ਇੱਕੋ ਹਾਣ ਦੀਆਂ ਹੀ ਹੁੰਦੀਆਂ ਹਨ। ਦੋਨਾਂ ਦੇ ਅਰਮਾਨ ਵੀ ਜਵਾਨ ਹੁੰਦੇ ਹਨ। ਜਵਾਨੀ ਸਦਾ ਇਸ਼ਕ ਟਕੋਰਾਂ

ਮਾਰ ਰਸ ਮਾਣਦੀ ਹੈ: -

ਨਣਦੇ ਮੋਰਨੀਏ
ਤੇਰੇ ਮਗਰ ਬੰਦੂਕਾਂ ਵਾਲੇ

ਉਹ ਜਵਾਨੀ ਵੀ ਕਾਹਦੀ ਹੋਈ ਜੋ ਬਦਲਾ ਨਾ ਲਵੇ। ਬਿੱਲੀਆਂ ਅੱਖੀਆਂ ਵਾਲੀ ਭਾਬੋ ਨੂੰ ਸੁਰਮਾਂ ਪਾਂਦੀ ਤੱਕ ਅਪਣਾ ਬਦਲਾ ਚੁਕਾਉਂਦੀ ਹੈ: -

ਸੁਰਮਾਂ ਕਹਿਰ ਦੀ ਗੋਲੀ
ਬਿੱਲੀਆਂ ਅੱਖੀਆਂ ਨੂੰ

ਬਿੱਲੀਆਂ ਅੱਖੀਆਂ ਵਾਲੀ ਭਾਬੋ ਮੋਰਨੀ ਨਣਦ ਦੀ ਹਰ ਹਰਕਤ ਤਾੜਦੀ ਹੈ:-

ਨਣਦੇ ਮੋਰਨੀਏ
ਘੜਾ ਵਿੱਚ ਮੁੰਡਿਆ ਦੇ ਭੰਨਿਆ

ਜਵਾਨ ਹੁਸਨ ਬਹਾਨੇ ਘੜਨ ਵਿੱਚ ਵੀ ਤਾਂ ਉਸਤਾਦ ਹੁੰਦਾ ਹੈ: -

ਭਾਬੋ ਮੇਰੇ ਵੱਸ ਨਾ ਰਹੀ
ਘੜਾ ਫੁਟ ਗਿਆ ਸੁੱਥਣ ਪਟ ਹੋਗੀ।

ਜੇਕਰ ਨਣਦ ਅਪਣੇ ਵੀਰੇ ਤੋਂ ਪੰਜ ਸਤ ਵਰ੍ਹੇ ਛੋਟੀ ਹੋਵੇ ਤਾਂ ਵੱਡੀ ਭਾਬੋ ਬਚਪਨ ਅਤੇ ਜੁਆਨੀ ਦੇ ਦੁਮੇਲ ਤੇ ਖੜੀ ਛੋਟੀ ਨਣਦ ਦੀ ਪੂਰਨ ਰਾਖੀ ਰਖਦੀ ਹੈ:-

ਚਿੱਟੇ ਗੂਠੜੇ ਦੁਖੱਲੀ ਜੁੱਤੀ ਪਾਕੇ
ਕਿੱਥੇ ਚੱਲੀ ਬੀਬੀ ਨਣਦੇ

ਨਣਦ ਅੱਗੋਂ ਕਾਰਨ ਦੱਸ ਦੇਂਦੀ ਹੈ: -

ਹੱਥ ਪੂਣੀਆਂ ਢਾਕ ਪੁਰ ਚਰਖਾ
ਤ੍ਰਿੰਜਣੀ ਕੱਤਣ ਚੱਲੀ।

ਸੂਝਵਾਨ ਭਾਬੋ ਨਣਦ ਨੂੰ ਬੇ-ਮੁਹਾਰੀ ਹੁੰਦੀ ਤਕ, ਉਸ ਨੂੰ ਸਮਝਾਉਣ ਵਿੱਚ ਕੋਈ ਕਸਰ ਨਹੀਂ ਛੱਡਦੀ: -

ਭਾਈ ਤਾਂ ਤੇਰੇ ਸ਼ਰਮਾਂ ਰਖਦੇ
ਤੂੰ ਨਾ ਸ਼ਰਮ ਨੂੰ ਜਾਣੇਂ
ਜਿੰਨੀਆਂ ਪੂਣੀਆਂ ਘਰੋਂ ਲਜਾਵੇਂ
ਓਨੀਆਂ ਮੋੜ ਲਿਆਵੇਂ,
ਪੱਟਤੀ ਸ਼ੁਕੀਨੀ ਨੇ
ਤੰਦ ਚਰਖੇ ਨਾ ਪਾਵੇਂ।

ਭਾਬੋ ਦੇ ਤਾਹਨਿਆਂ ਤੋਂ ਡਰਦੀ ਨਣਦ ਆਪਣੇ ਛੈਲ ਛਬੀਲੇ ਚੀਰੇ ਵਾਲੇ ਨੂੰ ਅਪਣੀ ਗਲੀ ਆਉਣ ਤੋਂ ਰੋਕੇ ਨਾ ਤੇ ਹੋਰ ਕੀ ਕਰੇ:-

ਸੋਹਣੇ ਜਿਹੇ ਚੀਰੇ ਵਾਲਿਆ
ਸਾਡੀ ਗਲੀਓਂ ਨਾ ਆਈਂ,
ਵੇ ਚੰਦਾ ਵਿਹੜੇ ਪੈਰ ਨਾ ਪਾਈਂ,
ਜਲ ਜਲ ਮਰਨ ਗੁਆਂਢਣਾਂ
ਤਾਹਨੇ ਦੇਊ ਭਰਜਾਈ,
ਵੇ ਚੰਦਾ, ਗਾਲਾਂ ਦੇਊ ਸਾਡੀ ਮਾਈ ... ...

ਪਰ ਕਈ ਵਾਰੀ ਨਣਦ ਭਰਜਾਈ ਨੂੰ 'ਸਹਿਤੀ ਤੇ ਹੀਰ' ਵਾਲਾ ਪਾਰਟ ਵੀ ਅਦਾ ਕਰਨਾ ਪੈਂਦਾ ਹੈ: -

ਅੰਬਾਂ ਤੇ ਤੂਤੀਂ ਠੰਡੀ ਛਾਂ
ਕੋਈ ਪ੍ਰਦੇਸੀ ਜੋਗੀ ਆਣ ਲੱਥੇ
ਚਲ ਨਣਦੇ ਪਾਣੀ ਨੂੰ ਚੱਲੀਏ
ਪਾਣੀ ਦੇ ਪੱਜ ਜੋਗੀ ਦੇਖੀਏ ਨੀ
ਕਿੱਥੇ ਰੱਖਾਂ ਨਣਦੇ ਡੋਲ ਨੀ
ਕਿੱਥੇ ਤਾਂ ਖੜ ਕੇ ਜੋਗੀ ਦੇਖੀਏ ਨੀ
ਨੀਵੇਂ ਤਾਂ ਧਰਦੇ ਭਾਬੋ ਡੋਲ ਨੀ
ਉੱਚੇ ਤਾਂ ਖੜ ਕੇ ਜੋਗੀ ਦੇਖੀਏ ਨੀ
ਇਸ ਜੋਗੀ ਦੇ ਲੰਬੇ ਲੰਬੇ ਕੇਸ ਨੀ
ਦਹੀਓਂ ਕਟੋਰੇ ਜੋਗੀ ਨ੍ਹਾਂਵਦਾ ਸੀ
ਇਸ ਜੋਗੀ ਦੇ ਚਿੱਟੇ ਚਿੱਟੇ ਦੰਦ ਨੀ
ਦਾਤਣ ਤੇ ਕੁਰਲੀ ਜੋਗੀ ਕਰ ਰਿਹਾ ਸੀ

ਇਸ ਜੋਗੀ ਦੇ ਸੋਹਣੇ ਸੋਹਣੇ ਨੈਣ ਨੀ
ਸੁਰਮਾਂ ਸਲਾਈ ਜੋਗੀ ਪਾਂਵਦਾ ਸੀ
ਚਲ ਨੀ ਭਾਬੋ ਘਰ ਨੂੰ ਚੱਲੀਏ ਨੀ
ਸੱਸ ਉਡੀਕੇ ਨੂੰਹੇਂ ਆ ਘਰੇ
ਸੱਸਾਂ ਨੂੰ ਨੂੰਹਾਂ ਨਣਦੇ ਹੋਰ ਹੋਰ ਨੀ
ਮੈਂ ਮਨ ਰੱਖਾਂ ਵਲ ਜੋਗੀ ਦੇ ਨੀ
ਚਲ ਨੀ ਭਾਬੋ ਘਰ ਨੂੰ ਚੱਲੀਏ
ਸਹੁਰਾ ਉਡੀਕੇ ਨੂੰਹੇਂ ਆ ਘਰੇ
ਸਹੁਰੇ ਨੂੰ ਨੂੰਹਾਂ ਨਣਦੇ ਹੋਰ ਹੋਰ ਨੀ
ਮੈਂ ਮਨ ਰੱਖਾਂ ਵਲ ਜੋਗੀ ਦੇ ਨੀ
ਮਰ ਵੇ ਜੋਗੀ ਕਿਸੇ ਹੋਰ ਦੇਸ ਵੇ
ਤੈਂ ਮੇਰੀ ਚੈਂਚਲ ਭਾਬੋ ਮੋਹ ਲਈ ਵੇ
ਮਰਨ ਨੀ ਨਣਦੇ ਤੇਰੇ ਵੀਰੜੇ
ਇਹ ਪ੍ਰਦੇਸੀ ਜੋਗੀ ਕਿਉਂ ਮਰੇ।

ਨਵੀਂ ਬਹੂ ਮੁਕਲਾਵੇ ਆਈ
ਸੱਸ ਧਰਤੀ ਪੈਰ ਨਾ ਲਾਵੇ
ਲੈ ਨੀ ਨੂੰਹੇ ਰੋਟੀ ਖਾ ਲੈ
ਨੂੰਹ ਸੰਗਦੀ ਨਾ ਖਾਵੇ
ਪਿਛਲੇ ਯਾਰ ਦਾ ਕਰਦੀ ਹੇਰਵਾ
ਕੀਹਨੂੰ ਆਖ ਸੁਣਾਵੇ
ਰੋਂਦੀ ਭਾਬੋ ਦੇ -
ਨਣਦ ਬੁਰਕੀਆਂ ਪਾਵੇ

ਇਹੋ ਜਿਹੀ ਹੀਰ ਭਾਬੋ ਨੂੰ ਰਾਂਝੇ ਹੋਰੀਂ ਮਿਲਣ ਆਉਂਦੇ ਹਨ ਤੇ ਅੱਗੋਂ ਮੋਰਨੀ ਨਣਦ ਰਾਹੇ ਦਾ ਰੋੜਾ ਬਣਦੀ ਹੈ: -

ਮੇਰੀ ਨਣਦ ਮੰਨਣ ਨਾ ਦੇਵੇ
ਰਾਮ ਸਤ ਮਿੱਤਰਾਂ ਦੀ

ਤਾਹਨੇਜ਼ਨੀ ਹੋਣ ਦਾ ਸਦਕਾ ਤੇ ਕੁਝ ਵੀਰ ਪ੍ਰੇਮ ਦੇ ਵੰਡੇ ਜਾਣ ਦੇ ਕਾਰਨ ਨਣਦ ਭਰਜਾਈ ਤੋਂ ਦੂਰ ਦੂਰ ਰਹਿਣ ਲੱਗ ਪੈਂਦੀ ਹੈ ਅਤੇ ਮਾੜੀ ਮਾੜੀ ਗਲ ਤੇ

ਲੜਾਈ ਦੀ ਸੂਹਣ ਖੜੀ ਰਖਦੀ ਹੈ: -

ਤੂੰਬਾ ਮੇਰੀ ਜਾਨ ਕੁੜੇ, ਤੂੰਬਾ
ਜਦ ਤੂੰਬੇ ਨੂੰ ਤੋੜਨ ਲੱਗੀ
ਸੂਲ ਟੁੱਟੀ ਗਿਠ ਚਾਰ ਕੁੜੇ, ਤੂੰਬਾ
ਤੂੰਬਾ ਮੇਰੀ ਜਾਨ ਕੁੜੇ ਤੂੰਬਾ
ਜਦ ਤੂੰਬੇ ਨੂੰ ਛਿਲਣ ਲੱਗੀ
ਬਿਲਕ ਲਹੀ ਪਟ ਚਾਰ ਕੁੜੇ, ਤੂੰਬਾ
ਤੂੰਬਾ ਮੇਰੀ ਜਾਨ ਕੁੜੇ ਤੂੰਬਾ
ਜਦ ਤੂੰਬੇ ਨੂੰ ਤੜਕਣ ਲੱਗੀ
ਮੁਸ਼ਕ ਗਿਆ ਸੰਸਾਰ ਕੁੜੇ, ਤੂੰਬਾ
ਤੂੰਬਾ, ਮੇਰੀ ਜਾਨ ਕੁੜੇ ਤੂੰਬਾ
ਜਦ ਤੂੰਬੇ ਨੂੰ ਖਾਵਣ ਲੱਗੇ
ਨਣਦੀ ਨੂੰ ਰਹਿ ਗਿਆ ਥੋੜ੍ਹਾ ਕੁੜੇ, ਤੂੰਬਾ
ਤੂੰਬਾ, ਮੇਰੀ ਜਾਨ ਕੁੜੇ, ਤੂੰਬਾ
ਭੱਜੀ ਭੱਜੀ ਨਣਦੀ ਬਾਪ ਕੋਲ ਜਾਂਦੀ ਏ
ਭਾਬੋ ਨੂੰ ਕਰਦੋ ਬਾਹਰ ਕੁੜੇ, ਤੂੰਬਾ
ਤੂੰਬਾ ਮੇਰੀ ਜਾਨ ਕੁੜੇ, ਤੂੰਬਾ
ਕਿੱਕਣ ਕੱਢਾਂ ਧੀਏ ਮੇਰੀਏ
ਪੈਸੇ ਸੁੱਟੇ ਚਾਰ ਕੁੜੇ, ਤੂੰਬਾ
ਤੂੰਬਾ ਮੇਰੀ ਜਾਨ ਕੁੜੇ, ਤੂੰਬਾ
ਨੱਠੀ ਨੱਠੀ ਨਣਦੀ ਮਾਂ ਕੋਲ ਜਾਂਦੀ ਏ
ਭਾਬੋ ਨੂੰ ਕਰਦੋ ਬਾਹਰ ਕੁੜੇ, ਤੂੰਬਾ
ਤੂੰਬਾ ਮੇਰੀ ਜਾਨ ਕੁੜੇ ਤੂੰਬਾ
ਕਿੱਕਣ ਕੱਢਾਂ ਧੀਏ ਮੇਰੀਏ
ਪਾਣੀ ਪੀਤਾ ਵਾਰ ਕੁੜੇ, ਤੂੰਬਾ
ਤੂੰਬਾ ਮੇਰੀ ਜਾਨ ਕੁੜੇ, ਤੂੰਬਾ
ਭੱਜੀ ਭੱਜੀ ਨਣਦੀ ਵੀਰ ਕੋਲ ਜਾਂਦੀ ਏ
ਭਾਬੋ ਨੂੰ ਕਰਦੋ ਬਾਹਰ ਕੁੜੇ, ਤੂੰਬਾ
ਤੂੰਬਾ ਮੇਰੀ ਜਾਨ ਕੁੜੇ, ਤੂੰਬਾ
ਕਿੱਕਣ ਕੱਢਾਂ ਭੈਣ ਮੇਰੀਏ
ਮੈਂ ਲਾਵਾਂ ਲਈਆਂ ਚਾਰ ਕੁੜੇ, ਤੂੰਬਾ
ਤੂੰਬਾ ਮੇਰੀ ਜਾਨ ਕੁੜੇ, ਤੂੰਬਾ

ਤੂੰਬਾ ਮੇਰੀ ਜਾਨ ਕੁੜੇ ਤੂੰਬਾ

ਭਾਬੋ ਵੀ ਇਹੋ ਜਿਹੀ ਨਣਦ ਨੂੰ ਕਦੋਂ ਚੰਗਾ ਆਖ ਸਕਦੀ ਹੈ.

ਭੰਨਤਾ ਹੱਥੀ ਤੋਂ ਚਰਖਾ
ਨਣਦ ਬਛੇਰੀ ਨੇ

ਇਹੋ ਜਿਹੀ ਨਣਦ ਨਹੀਂ ਚਾਹੁੰਦੀ ਕਿ ਵੀਹਾ ਭਾਬੋ ਨੂੰ ਲਾਡਲੀ ਬਣਾਕੇ ਰੱਖੇ। ਇਸੇ ਲਈ ਵਰਜਦੀ ਹੈ: -

ਅੱਟੀ ਅੱਟੀ ਵੇ ਵੀਰਾ
ਸੂਤ ਦੀ ਅੱਟੀ
ਮੈਂ ਕੀ ਜਾਣਦੀ ਵੀਰਾ
ਭਾਬੋ ਮਾਝੇ ਦੀ ਜੱਟੀ
ਔਖਾ ਹੋਵੇਂਗਾ ਵੀਰਾ
ਭਾਬੋ ਲਾਡਲੀ ਰੱਖੀ
ਵਿਆਹ ਕਰਵਾ ਲਾਂਗਾ ਬੀਬੀ
ਭਾਰੀ ਲੈ ਦੂੰਗਾ ਚੱਕੀ
ਪੇਕੀਂ ਉੱਠ ਜੂ ਵੀਰਾ
ਤੇਰੀ ਚੱਕੀ ਦੀ ਥੱਕੀ

ਜਿਹੜੇ ਘਰਾਂ 'ਚ ਨਣਦਾਂ ਹੀ ਮੁਖ਼ਤਿਆਰ ਹੁੰਦੀਆਂ ਹਨ, ਓਥੇ ਭਰਜਾਈਆਂ ਉਨ੍ਹਾਂ ਹੱਥੋਂ ਅਤੀ ਹੀ ਤੰਗ ਰਹਿੰਦੀਆਂ ਹਨ। ਇਕ ਵੀਰਾ ਸਹੁਰੀਂ ਬੈਠੀ ਭੈਣ ਨੂੰ ਪੇਕੇ ਲਿਜਾਣ ਲਈ ਆਉਂਦਾ ਹੈ। ਭੈਣ ਆਗਿਆ ਲੈਣ ਵਜੋਂ ਆਪਣੀ ਸੱਸ ਕੋਲ ਜਾਂਦੀ ਹੈ। ਅਗੋਂ ਸੱਸ ਸਹੁਰੇ ਕੋਲ, ਸਹੁਰਾ ਜੇਠ ਕੋਲ, ਜੇਠ ਜਠਾਣੀ ਕੋਲ, ਜਠਾਣੀ ਪਤੀ ਕੋਲ ਅਤੇ ਪਤੀ ਨਣਦ ਕੋਲ ਘਲ ਦੇਂਦਾ ਹੈ। ਪਰ ਅਗੋਂ ਨਣਦ ਘਰ ਦੇ ਸਾਰੇ ਕੰਮ ਗਿਣਾ ਦੇਂਦੀ ਹੈ। ਇਸ ਤਰ੍ਹਾਂ ਸਹੁਰੇ ਰਹਿੰਦੀ ਭੈਣ ਨੂੰ ਆਪਣਾ ਸੋਨੇ ਜਿਹਾ ਵੀਰ-ਦਿਲ ਦੀਆਂ ਦਿਲ ਵਿੱਚ ਰਖ ਸੱਖਣਾ ਮੋੜਨਾ ਪੈਂਦਾ ਹੈ।

ਸੱਸੇ ਅਟੇਰਨ ਟੇਰਦੀਏ
ਨੀ ਅਜ ਘਰ ਆਇਆ ਵੀਰ
ਸੋਨੇ ਦਾ ਤੀਰ
ਕੰਨ੍ਹੇ ਤਲਵਾਰ, ਘੋੜੇ ਅਸਵਾਰ

ਮੈਂ ਜਾਨੀਆਂ ਨੀ ਪਿਓ ਕੇ

ਮੇਰਾ ਕੀ ਪੁਛਣਾ ਨੌਂਹੇ ਨੀ
ਸਹੁਰੇ ਨੂੰ ਪੁਛਕੇ ਜਾਈਂ
ਪੁਛਾਕੇ ਜਾਈਂ
ਤੈਂ ਫੇਰ ਨੀ ਆਉਣਾ ਨੀ

ਸਹੁਰਿਆ ਬਾਣ ਬਟੇਂਦਿਆ
ਜੀ ਅਜ ਘਰ ਆਇਆ ਵੀਰ
ਸੋਨੇ ਦਾ ਤੀਰ
ਕੰਨ੍ਹੇ ਤਲਵਾਰ, ਘੋੜੇ ਅਸਵਾਰ
ਮੈਂ ਜਾਨੀਆਂ ਜੀ ਪਿਓਕੇ

ਮੇਰਾ ਕੀ ਪੁਛਣਾ ਨੌਂਹੇਂ ਨੀ
ਆਪਣੇ ਜੇਠ ਨੂੰ ਪੁਛਕੇ ਜਾਈਂ
ਪੁਛਾਕੇ ਜਾਈਂ
ਤੈਂ ਫੇਰ ਨਾ ਆਉਣਾ ਨੀ

ਜੇਠਾ ਖੁੰਡੀਂ ਬੈਠਿਆ ਵੇ
ਅਜ ਘਰ ਆਇਆ ਵੀਰ
ਸੋਨੇ ਦਾ ਤੀਰ
ਕੰਨ੍ਹੇ ਤਲਵਾਰ, ਘੋੜੇ ਅਸਵਾਰ
ਮੈਂ ਜਾਨੀਆਂ ਜੀ ਪਿਓਕੇ

ਮੇਰਾ ਕੀ ਪੁਛਣਾ ਭਰਜਾਈਏ ਨੀ
ਆਪਣੀ ਜਠਾਣੀ ਨੂੰ ਪੁਛਕੇ ਜਾਈਂ
ਪੁਛਾਕੇ ਜਾਈਂ
ਤੈਂ ਫੇਰ ਨਾ ਆਉਣਾ ਨੀ

ਜਠਾਣੀਏਂ ਚੱਕੀ ਪੀਂਹਦੀਏ
ਨੀ ਅਜ ਘਰ ਆਇਆ ਵੀਰ
ਸੋਨੇ ਦਾ ਤੀਰ

ਕੰਨ੍ਹੇ ਤਲਵਾਰ, ਘੋੜੇ ਅਸਵਾਰ
ਨੀ ਮੈਂ ਜਾਨੀਆਂ ਪਿਓਕੇ

ਮੇਰਾ ਕੀ ਪੁਛਣਾ ਦਰਾਣੀਏਂ ਨੀ
ਆਪਣੇ ਦੇਵਰ ਨੂੰ ਪੁਛਕੇ ਜਾਈਂ
ਪੁਛਾਕੇ ਜਾਈਂ
ਤੈਂ ਫੇਰ ਨਾ ਆਉਣਾ ਨੀ

ਦੇਵਰਾ ਖਿਦੋ ਖੂੰਡੀ ਖੇਡਦਿਆ
ਵੇ ਅਜ ਘਰ ਆਇਆ ਵੀਰ
ਸੋਨੇ ਦਾ ਤੀਰ
ਕੰਨ੍ਹੇ ਤਲਵਾਰ, ਘੋੜੇ ਅਸਵਾਰ
ਮੈਂ ਜਾਨੀਆਂ ਪਿਓਕੇ

ਮੇਰਾ ਕੀ ਪੁਛਣਾ ਭਾਬੀਏ ਨੀ
ਆਪਣੇ ਕੰਤ ਨੂੰ ਪੁਛਕੇ ਜਾਈਂ
ਪੁਛਾਕੇ ਜਾਈਂ
ਤੈਂ ਫੇਰ ਨਾ ਆਉਣਾ ਨੀ

ਕੰਤਾ ਤਾਸ਼ੀਂ ਖੇਡਦਿਆ
ਅਜ ਘਰ ਆਇਆ ਵੀਰ
ਸੋਨੇ ਦਾ ਤੀਰ
ਕੰਨ੍ਹੇ ਤਲਵਾਰ, ਘੋੜੇ ਅਸਵਾਰ
ਜੀ ਮੈਂ ਜਾਨੀਆਂ ਪਿਓਕੇ

ਮੇਰਾ ਕੀ ਪੁਛਣਾ ਗੋਰੀਏ ਨੀ
ਆਪਣੀ ਨਣਦ ਨੂੰ ਪੁਛਕੇ ਜਾਈਂ
ਪੁਛਾ ਕੇ ਜਾਈਂ
ਤੈਂ ਫੇਰ ਨਾ ਆਉਣਾ ਨੀ

ਨਣਦੇ ਤ੍ਰਿੰਜਣੀ ਕੱਤਦੀਏ
ਨੀ ਅਜ ਘਰ ਆਇਆ ਵੀਰ

ਸੋਨੇ ਦਾ ਤੀਰ
ਕੰਨ੍ਹੇ ਤਲਵਾਰ, ਘੋੜੇ ਅਸਵਾਰ
ਨੀ ਮੈਂ ਜਾਨੀਆਂ ਪਿਓਕੇ

ਭਾਬੋ ਜਿੰਨੇ ਘਰ ਦੇ ਦਾਣੇ
ਪੀਹ ਕੇ ਜਾਈਂ
ਪਿਹਾ ਕੇ ਜਾਈਂ
ਤੈਂ ਫੇਰ ਨਾ ਆਉਣਾ ਨੀ
ਜਿੰਨਾ ਘਰ ਦਾ ਪਾਣੀ
ਭਰਕੇ ਜਾਈਂ
ਭਰਾ ਕੇ ਜਾਈਂ
ਤੈਂ ਫੇਰ ਨਾ ਆਉਣਾ ਨੀ
ਜਿੰਨੀ ਘਰ ਦੀ ਰੂੰ
ਕੱਤ ਕੇ ਜਾਈਂ
ਕਤਾ ਕੇ ਜਾਈਂ
ਤੈਂ ਫੇਰ ਨਾ ਆਉਣਾ ਨੀ
ਜਿੰਨਾ ਘਰ ਦਾ ਗੋਹਾ ਕੂੜਾ
ਕਰਕੇ ਜਾਈਂ
ਕਰਾਕੇ ਜਾਈਂ
ਤੈਂ ਫੇਰ ਨਾ ਆਉਣਾ ਨੀ
ਜਿਨੀਆਂ ਘਰ ਦੀਆਂ ਰੋਟੀਆਂ
ਪਕਾ ਕੇ ਜਾਈਂ
ਪਕਵਾ ਕੇ ਜਾਈਂ
ਤੈਂ ਫੇਰ ਨਾ ਆਉਣਾ ਨੀ

ਜਾ ਵੀਰਨਾ ਘਰ ਆਪਣੇ
ਮੇਰੀ ਨਣਦੀ ਦਾ ਮਰ ਗਿਆ ਅੱਬਾ
ਮੈਂ ਤੂੜੀ ਵਿੱਚ ਦੱਬਾ
ਮੈਂ ਫੇਰ ਨਾ ਆਉਣਾ ਵੇ

ਕੁਆਰੀ ਨਣਦ ਹੱਥੋਂ ਤੰਗ ਆਈ ਭਾਬੋ ਸਬਰ ਨਾ ਕਰੇ ਤੇ ਕੀ ਕਰੇ:-

ਦੁੱਖ ਦੇਣੀਏ ਛੋਟੀਏ ਨਣਦੇ
ਅੱਗੇ ਤੇਰੇ ਆਉਣ ਗੀਆਂ

ਅਤੇ

ਨਣਦੇ ਦੁੱਖ ਦੇਣੀਏਂ
ਤੈਨੂੰ ਤੋਰ ਕੇ ਕਦੇ ਨੀ ਨੌਂ ਲੈਣਾ

ਦੁੱਖ ਦੇਣੀ ਨਣਦ ਨੂੰ ਭਾਬੋ ਹਰ ਹੀਲੇ ਸਹੁਰੀਂ ਤੋਰਨਾ ਚਾਹੁੰਦੀ ਹੈ। ਵਿਚਾਰੀ ਤਰਲੇ ਕਰਦੀ ਹੈ ਨਾਲੇ ਲਾਲਚ ਨਾਲ਼ ਵੀ ਭਰਮਾਉਂਦੀ ਹੈ। ਕਿੰਨਾ ਦਰਦ ਹੈ ਭਰਜਾਈ ਦੇ ਇਨ੍ਹਾਂ ਬੋਲਾਂ ਵਿੱਚ: -

ਨਣਦੇ ਜਾ ਸਹੁਰੇ
ਭਾਵੇਂ ਲੈਜਾ ਕੰਨਾਂ ਦੇ ਬਾਲੇ

ਜਿਵੇਂ ਕਿਵੇਂ ਕਰਕੇ ਬੂਹੇ ਬੈਠੀ ਨਣਦ ਦਾ ਮੁਕਲਾਵਾ ਤੋਰ ਦਿੱਤਾ ਜਾਂਦਾ ਹੈ। ਭਰਜਾਈ ਖਿੜੇ ਫੁੱਲ ਵਾਂਗ ਖਿੜ ਜਾਂਦੀ ਹੈ:-

ਮੇਰੀ ਨਣਦ ਚੱਲੀ ਮੁਕਲਾਵੇ
ਪਿਪਲੀ ਦੇ ਪੱਤ ਵਰਗੀ

ਮੇਰੀ ਨਣਦ ਚੱਲੀ ਮੁਕਲਾਵੇ
ਅਲਸੀ ਦੇ ਫੁੱਲ ਵਰਗੀ

ਲਾਡਲੀਆਂ ਨਣਦਾਂ ਸਹੁਰੀਂ ਜਾਕੇ ਵੀ ਸੁਖ ਨਹੀਂ ਗੁਜਾਰਦੀਆਂ, ਭਾਬੋ ਦੀ ਹਰ ਸੋਹਣੀ ਸ਼ੈ ਤੇ ਅੱਖ ਰਖਦੀਆਂ ਹਨ ਅਤੇ ਆਪਣੇ ਕਬਜ਼ੇ ਵਿੱਚ ਲੈਣ ਲਈ ਆ ਵੀਰਨ ਦਾ ਬੂਹਾ ਖੜਕਾਉਂਦੀਆਂ ਹਨ: -

ਆ ਮੇਰੀ ਨਣਦੇ ਬੈਠ ਪਲੰਘ ਪਰ
ਭਾਬੋ ਮੈਂ ਡੋਰੀਏ ਨੂੰ ਆਈ,
ਡੋਰੀਆਂ ਮੈਂ ਕਦੇ ਨਾ ਦੇਮਾਂ
ਮੰਗ ਵੀਰਨ ਤੋਂ ਮੈਸਾਂ।

ਮੈਸਾਂ ਮੇਰੇ ਘਰੇ ਬਥੇਰੀਆਂ
ਭਾਬੋ ਮੈਂ ਡੋਰੀਏ ਨੂੰ ਆਈ

ਨਣਦੇ ਮੈਂ ਡੋਰੀਆ ਕਦੇ ਨਾ ਦੇਮਾਂ
ਤੂੰ ਮੰਗ ਵੀਰਨ ਤੋਂ ਮਾਇਆ

ਭਾਬੋ ਮਾਇਆ ਮੇਰੇ ਘਰੇ ਬਥੇਰੀ
ਭਾਬੋ ਮੈਂ ਡੋਰੀਏ ਨੂੰ ਆਈ

ਛੀ ਮਹੀਨੇ ਮੈਂ ਕੱਤਿਆ ਤੁੰਬਿਆ
ਛੀ ਮਹੀਨੇ ਲਲਾਰੀ ਰੰਗਿਆ,
ਛੀ ਮਹੀਨੇ ਜੁਲਾਹੇ ਰਖਿਆ,
ਨਣਦੇ ਮੈਂ ਡੋਰੀਆ ਕਦੇ ਨਾ ਦੇਮਾਂ

ਭਾਬੋ ਮਰ ਜਾਣ ਤੇਰੇ ਭਾਈ ਭਤੀਜੇ,
ਉਜੜ ਜਾਵੇ ਖੇੜਾ ਤੇਰੇ ਬਾਪ ਦਾ,
ਮੁੜ ਘਰ ਤੇਰੇ ਪੈਰ ਨਾ ਪਾਮਾਂ

ਸੁਣ ਵੇ ਰਾਹੀਆਂ ਭਾਈਆ,
ਮੇਰੀ ਦੇਖੀ ਹੋਵੇ ਨਣਦ ਰਸੀਲੀ

ਕਿਹੋ ਜਹੀ ਤੇਰੀ ਨਣਦ ਰਸੀਲੀ
ਕਿਹੋ ਜੇਹਾ ਤੇਰਾ ਨਣਦੋਈਆ

ਗੋਰੀ ਜਹੀ ਮੇਰੀ ਨਣਦ ਰਸੀਲੀ
ਸਾਂਵਲਾ ਨਣਦੋਈਆ

ਆ ਮੇਰੀ ਨਣਦੀ ਬੈਠ ਪਲੰਘ ਪੁਰ
ਤੂੰ ਡੋਰੀਆ ਲੈ ਜਾਈਂ

ਜੀਵਨ ਤੇਰੇ ਭਾਈ ਭਤੀਜੇ
ਸੁਖੀ ਵਸੇ ਤੇਰੇ ਬਾਪੂ ਦਾ ਖੇੜਾ

ਪੇਕਿਆਂ ਤੋਂ ਆਈ ਹਰ ਚੀਜ਼ ਤੇ ਔਰਤਾਂ ਅਪਣਾ ਖ਼ਾਸ ਹੱਕ ਸਮਝਦੀਆਂ ਹੀ ਹਨ। ਪਰ ਕਈ ਵਾਰੀ ਸਹੁਰੀਂ ਬੈਠੀ ਨਣਦ ਜੇ ਆਪਣੇ ਖੁਲ੍ਹ ਦਿਲੇ ਵੀਰ ਪਾਸੋਂ ਮੱਝਾਂ ਲੈ ਜਾਵੇ ਤਾਂ ਭਰਜਾਈਆਂ ਇਸ ਨੂੰ ਚੰਗਾ ਨਹੀਂ ਸਮਝਦੀਆਂ:-

ਵੀਰ ਮੱਝੀਆਂ ਦੇ ਸੰਗਲ ਫੜਾਵੇ
ਭਾਬੋ ਮੱਥੇ ਪਾਵੇ ਤਿਊੜੀਆਂ

ਇਥੇ ਹੀ ਬਸ ਨਹੀਂ ਕਈ ਤਾਂ ਨਣਦ ਦੇ ਵੀਰੇ ਤੇ ਪੂਰਾ ਕਬਜ਼ਾ ਜਮਾ ਲੈਂਦੀਆਂ ਹਨ। ਵੀਰਾ ਸਹੁਰੀਂ ਗਈ ਭੈਣ ਦੀ ਘਟ ਹੀ ਸਾਰ ਲੈਂਦਾ ਹੈ:

ਭਾਬੋ ਦੀਆਂ ਮੰਨ ਵੀਰਨਾ
ਇਕ ਦੇਜੀਂ ਸੇਰ ਪੰਜੀਰੀ

ਭਾਬੋ ਵੀ ਹੁਣ ਸਹੁਰੀਂ ਬੈਠੀ ਨਣਦ ਤੋਂ ਗਿਣ ਗਿਣ ਬਦਲੇ ਲੈਂਦੀ ਹੈ। ਨਣਦ ਦਾ ਭਾਬੋ ਦੇ ਕਬਜ਼ੇ ਹੇਠ ਆਇਆ ਵੀਰਾ ਨਾ ਮਿਲਣ ਹੀ ਆਉਂਦਾ ਹੈ ਅਤੇ ਨਾਹੀਂ ਭੈਣ-ਪਿਆਰ ਵੰਡਾਉਂਦਾ ਹੈ। ਭਾਬੋ ਨੂੰ ਨਣਦ ਗਾਲਾਂ ਤੇ ਗਾਲਾਂ ਦੇਂਦੀ ਹੈ: -

ਚੰਦਰੇ ਘਰਾਂ ਦੀਆਂ ਆਈਆਂ
ਭੈਣਾਂ ਨਾਲ਼ੋਂ ਭਾਈ ਤੋੜ ਲੇ

ਪਰ ਸਾਰੀਆਂ ਨਣਦਾਂ ਭਰਜਾਈਆਂ ਇਕੋ ਜਿਹੀਆਂ ਨਹੀਂ ਹੁੰਦੀਆਂ। ਕਈ ਮਿੱਠਤ ਅਤੇ ਸਹਿਨਸ਼ੀਲਤਾ ਦਾ ਸਦਕਾ ਇਕ ਦੂਜੀ ਨੂੰ ਅਸੀਸਾਂ ਦੇਂਦੀਆਂ ਹਨ:-

ਜੁਗ ਜੁਗ ਜੀਉਣ ਸਕੀਆਂ ਭਰਜਾਈਆਂ
ਪਾਣੀ ਮੰਗੇ ਦੁਧ ਦਿੰਦੀਆਂ

# ਸੱਸ ਦਾ ਐਬੀ ਪੁੱਤ

"ਪੁੱਤ ਤੇਰਾ ਵੈਲੀ ਸੱਸੀਏ, ਕੀਹਦੇ ਹੌਂਸਲੇ ਲੰਮਾਂ ਤੰਦ ਪਾਵਾਂ" - ਓਸ ਦਿਲੇ ਦੀ ਹੂਕ ਏ ਜਿਸ ਦੀਆਂ ਮੱਖਣ ਜਹੀਆਂ ਗੋਰੀਆਂ ਬਾਹਵਾਂ ਵਿੱਚ ਪਾਈਆਂ ਰਾਂਗਲੀਆਂ ਵੰਗਾਂ ਨੂੰ, ਕਿਸੇ ਵੈਲੀ ਪਤੀ ਦੇ ਖਰਵੇ ਹੱਥ ਭੰਨਣ ਲੱਗੇ ਕਿਰਕ ਨਹੀਂ ਕਰਦੇ। ਅਨੇਕਾਂ ਗੀਤਾਂ ਰਾਹੀਂ ਵੈਲੀ ਅਤੇ ਐਬੀ ਪਤੀ ਹੱਥੋਂ ਤੰਗ ਆਈ ਮੁਟਿਆਰ ਆਪਣੇ ਦਿਲ ਦੀ ਹਵਾੜ ਕਢਦੀ ਹੈ।

ਕਈ ਵਾਰ ਮਾਪੇ, ਜਾਣਦੇ ਹੋਏ ਵੀ ਵੱਡੇ ਘਰ ਦੇ ਲਾਲਚ ਵਿੱਚ ਆ ਕੇ ਆਪਣੀ ਮਲੂਕ ਜਿਹੀ ਧੀ ਨੂੰ ਕਿਸੇ ਸ਼ਰਾਬੀ ਦੇ ਲੜ ਲਾ ਦਿੰਦੇ ਹਨ। ਉਹਨਾਂ ਦੀ ਸੋਚਣੀ ਹਾਂ ਪੱਖੀ ਹੁੰਦੀ ਹੈ। ਉਹ ਸਮਝਦੇ ਹਨ ਕਿ ਵਿਆਹ ਤੋਂ ਬਾਅਦ ਜੁੰਮੇਵਾਰੀ ਪੈਣ ਤੇ ਮੁੰਡਾ ਆਪੇ ਸੁਧਰ 'ਜਾਵੇਗਾ। ਪਰੰਤੂ ਸੁਖ ਦੀ ਥਾਂ ਧੀ ਨੂੰ ਜਿਹੋ ਜਿਹਾ ਜੀਵਨ ਬਿਤਾਉਣਾ ਪੈਂਦਾ ਹੈ ਉਸ ਬਾਰੇ ਉਹ ਗਿੱਧੇ ਦੇ ਪਿੜ ਵਿੱਚ ਆਪਣੇ ਮਾਪਿਆਂ ਨੂੰ ਉਲਾਂਭਾ ਦਿੰਦੀ ਹੈ: -

ਸੁਣ ਵੇ ਤਾਇਆ
ਸੁਣ ਵੇ ਚਾਚਾ
ਚੁਣ ਵੇ ਬਾਬਲ ਲੋਭੀ
ਦਾਰੂ ਪੀਣੇ ਨੂੰ -
ਮੈਂ ਕੂੰਜ ਕਿਉਂ ਡੋਬੀ!

ਹੁਣ ਮਾਪਿਆਂ ਨੂੰ ਕੀ। ਉਹਨਾਂ ਆਪਣਾ ਫਰਜ਼ ਪੂਰਾ ਕਰ ਦਿੱਤਾ, ਕੁੜੀ ਵਿਆਹ ਦਿੱਤੀ - ਅੱਗੇ ਕੁੜੀ ਦੇ ਭਾਗ! ਪਰ ਕੂੰਜ ਕੁਰਲਾਉਂਦੀ ਰਹਿੰਦੀ ਏ - ਆਪਣੇ ਸ਼ਰਾਬੀ ਪਤੀ ਅੱਗੇ ਵਾਸਤੇ ਪਾਉਂਦੀ ਹੈ, ਪਿਆਲਾ ਭੰਨਣ ਦੀ ਕੋਸ਼ਸ਼ ਕਰਦੀ ਏ ਕਿ ਉਹ ਸ਼ਰਾਬ ਨਾ ਪੀਵੇ - ਪਰ ਅੱਗੋਂ ਛੱਡਣ ਦਾ ਡਰ ਤੇ ਮਜਬੂਰੀਆਂ...

ਦਾਰੂ ਪੀਤਿਆਂ ਸਿੰਘਾ ਤੈਨੂੰ ਕੀ ਵਡਿਆਈ
ਭਲਾ ਜੀ ਤੇਰੇ ਮੁਖ ਪਰ ਜਰਦੀ ਆਈ
ਦਾਰੂ ਪੀਤਿਆਂ ਨਾਜੋ ਸਭ ਵੱਡਿਆਈ
ਭਲਾ ਨੀ ਮੇਰੇ ਨੈਣਾਂ ਦੀ ਜੋਤ ਸਵਾਈ
ਭੰਨਾ ਪਿਆਲਾ ਭੰਨ ਟੁਕੜੇ ਜੀ ਕਰਦਾਂ
ਭਲਾ ਜੀ ਤੇਰੀ ਦਾਰੂ ਦੀ ਅਲਖ ਮੁਕਾਈ
ਤੈਨੂੰ ਵੀ ਛੱਡਾਂ ਨਾਜੋ ਹੋਰ ਵਿਆਹਾਂ
ਭਲਾ ਨੀ ਜਿਹੜੀ ਭਰੇ ਪਿਆਲਾ ਦਾਰੂ ਦਾ
ਮੈਨੂੰ ਨਾ ਛੋਡੀਂ ਸਿੰਘਾਂ ਹੋਰ ਨਾ ਵਿਆਹੀਂ
ਭਲਾ ਜੀ ਤੇਰੇ ਪਿਆਲੇ ਦੀ ਜੜਤ ਜੜਾਈ

ਔਰਤ ਦੇ ਦਰਦ ਨੂੰ ਭਲਾ ਕੌਣ ਮਹਿਸੂਸੇ। ਖਰਬ੍ਹੇ ਪਤੀ ਅਗਲੀ ਨੂੰ ਬਾਹੋਂ ਫੜਕੇ ਦਰੋਂ ਬਾਹਰ ਕਰ ਦੇਂਦੇ ਹਨ: -

ਘਰ ਛੱਡਦੇ ਕਮਜ਼ਾਤੇ
ਮੇਰੇ ਸ਼ਰਾਬੀ ਦਾ

ਵਿਚਾਰੀ ਆਪਣੀ ਸੱਸ ਨੂੰ ਆਪਣੇ ਪਤੀ ਬਾਰੇ ਦਸਦੀ ਹੈ ਅਤੇ ਸਮਝਾਉਣ ਲਈ ਤਰਲੇ ਪਾਉਂਦੀ ਹੈ: -

ਸਮਝਾ ਲੈ ਬੁੜੀਏ ਆਪਣੇ ਪੁੱਤ ਨੂੰ
ਨਿਤ ਠੇਕੇ ਇਹ ਜਾਂਦਾ
ਭਰ ਭਰ ਪੀਵੇ ਜਾਮ ਪਿਆਲੇ
ਫੀਮ ਬੁਰਕੀਏਂ ਖਾਂਦਾ
ਘਰ ਦੀ ਸ਼ਕਰ ਬੂਰੇ ਵਰਗੀ
ਗੁੜ ਚੋਰੀ ਦਾ ਖਾਂਦਾ
ਘਰ ਦੀ ਨਾਰੀ ਬੁਰਛੇ ਵਰਗੀ
ਨਿਤ ਮਿਹਰੀ ਦੇ ਜਾਂਦਾ
ਲੱਗਿਆ ਇਸ਼ਕ ਬੁਰਾ -
ਬਿਨ ਪੌੜੀ ਚੜ੍ਹ ਜਾਂਦਾ।

ਇਕ ਕਿਸਾਨ ਪਾਸ ਉਤਨੀ 'ਕੁ ਜ਼ਮੀਨ ਮਸੀਂ ਹੁੰਦੀ ਏ ਜਿਸ ਨਾਲ਼ ਉਹ ਘਰ ਦਾ ਖ਼ਰਚ ਤੋਰ ਸਕੇ। ਫ਼ਸਲ ਨਾਲ਼ ਤਾਂ ਕਈ ਵਾਰੀ ਮਾਮਲੇ ਹੀ ਮਸੀਂ ਤਰਦੇ

ਹਨ। ਸ਼ਰਾਬੀ ਜਟ ਦੀ ਨਿਗਾਹ ਰੁਪਏ ਖ਼ਤਮ ਹੋਣ ਤੇ ਆਪਣੀ ਵਹੁਟੀ ਦੇ ਗਹਿਣਿਆਂ ਤੇ ਆ ਟਿਕਦੀ ਹੈ। ਅਜਿਹੇ ਪਤੀ ਦੀ ਵਹੁਟੀ ਆਪਣੀ ਮਾਂ ਅੱਗੇ ਦੁਖ ਫੋਲਦੀ ਹੈ: -

ਸੱਗੀ ਮੰਗਦਾ ਮਾਏਂ
ਫੁਲ ਮੰਗਦਾ ਨਾਲੇ
ਨਾਲੇ ਮੰਗਦਾ ਮਾਏਂ
ਅਧੀਆ ਸ਼ਰਾਬ ਦਾ।

ਸੱਗੀ ਦੇ ਦੇ ਧੀਏ
ਫੁਲ ਦੇ ਦੇ ਨਾਲੇ
ਮੱਥਿ ਮਾਰ ਧੀਏ ਠੇਕੇਦਾਰ ਦੇ

ਕਾਂਟੇ ਮੰਗਦਾ ਮਾਏਂ
ਬਾਲੀਆਂ ਮੰਗਦਾ ਨਾਲੇ
ਨਾਲੇ ਮੰਗਦਾ ਮਾਏਂ
ਅਧੀਆ ਸ਼ਰਾਬ ਦਾ
ਕਾਂਟੇ ਦੇ ਦੇ ਧੀਏ
ਬਾਲੀਆਂ ਦੇ ਦੇ ਨਾਲੇ
ਮੱਥਿ ਮਾਰ ਧੀਏ ਠੇਕੇਦਾਰ ਦੇ

ਸ਼ਰਾਬ ਕਈ ਐਬਾਂ ਦੀ ਜੜ੍ਹ ਹੋਇਆ ਕਰਦੀ ਹੈ - ਸ਼ਰਾਬ ਪੀ ਕੇ ਲੋਕੀ ਕੀ ਕੀ ਨੀ ਕਰਦੇ। ਕੂੰਜ ਕੁਰਲਾਵੇ ਨਾ ਤੇ ਹੋਰ ਕੀ ਕਰੇ:-

ਟੁਟ ਪੈਣਾ ਤਾਂ ਜੂਆ ਖੇਡਦਾ
ਕਰਦਾ ਅਜਬ ਬਹਾਰਾਂ
ਮਾਸ ਸ਼ਰਾਬ ਕਦੇ ਨੀ ਛੱਡਦਾ
ਦੇਖ ਓਸ ਦੀਆਂ ਕਾਰਾਂ
ਗਹਿਣੇ ਕਪੜੇ ਲੈ ਗਿਆ ਸਾਰੇ
ਕੂਕਾਂ ਕਹਿਰ ਦੀਆਂ ਮਾਰਾਂ
ਜੇ ਚਾਹੇ ਤਾਂ ਸੋਟਾ ਫੇਰੇ
ਦੁਖੜੇ ਨਿਤ ਸਹਾਰਾਂ
ਚੋਰੀ ਯਾਰੀ ਦੇ ਵਿੱਚ ਪੱਕਾ

ਨਿਤ ਪਾਵਾਂ ਫਟਕਾਰਾਂ
ਕਦੀ ਕਦਾਈਂ ਘਰ ਜੇ ਆਏ
ਮਿੰਨਤਾਂ ਕਰ ਕਰ ਹਾਰਾਂ
ਛੱਡਦੇ ਵੇਲਾਂ ਨੂੰ –
ਲੈ ਲੈ ਤੱਤੀ ਦੀਆਂ ਸਾਰਾਂ

ਪਰ ਐਬੀ ਪਤੀ ਨੂੰ ਆਪਣੀ ਪਤਨੀ ਦੇ ਜਜ਼ਬਿਆਂ ਦਾ ਅਹਿਸਾਸ ਨਹੀਂ। ਉਹ ਤੱਤੀ ਦੀ ਸਾਰ ਲੈਣ ਦੀ ਥਾਂ ਹੋਰ ਸਤਾਉਂਦਾ ਹੈ: –

ਸੱਸੇ ਨੀ ਘਰ ਦਾ ਪਾਣੀ ਤੱਤਾ ਛੱਡ ਜਾਂਦਾ
ਜਾ ਬਗਾਨੇ ਨਾਉਂਦਾ ਨੀ
ਲੋਕਾਂ ਭਾਣੇ ਚਤਰ ਸੁਣੀਂਦਾ
ਮੈਂ ਬੜਾ ਮੂਰਖ ਦੇਖਿਆ ਨੀ
ਜਦ ਮੈਂ ਦੇਖਾਂ ਮੱਥੇ ਤਿਊੜੀ
ਲੇਖ ਬੰਦੀ ਦੇ ਖੋਟੇ ਨੀ ... ...
ਸੱਸੇ ਨੀ ਘਰ ਦੀ ਰੋਟੀ ਪੱਕੀ ਛੱਡ ਜਾਂਦਾ
ਜਾ ਬਗਾਨੇ ਖਾਂਦਾ ਨੀ
ਲੋਕਾਂ ਭਾਣੇ ਚਤਰ ਸੁਣੀਂਦਾ
ਮੈਂ ਬੜਾ ਮੂਰਖ ਦੇਖਿਆ ਨੀ
ਜਦ ਮੈਂ ਦੇਖਾਂ ਮੱਥੇ ਤਿਊੜੀ
ਲੇਖ ਬੰਦੀ ਦੇ ਖੋਟੇ ਨੀ ... ...

ਜੂਏ ਵਿੱਚ ਤਾਂ ਕੁਝ ਵੀ ਬਚਦਾ ਨਹੀਂ: –

ਚੰਨ ਚਾਨਣੀ ਰਾਤ
ਡਿਓੜੀ ਪਰ ਡੇਰਾ ਲਾਲ ਲਾਇਆ
ਪਹਿਲੀ ਤਾਂ ਬਾਜ਼ੀ ਖੇਡ ਵੇ
ਤੂੰ ਸਿਰ ਦੀ ਕਲਗੀ ਹਾਰ ਆਇਆ
ਦੂਜੀ ਤਾਂ ਬਾਜ਼ੀ ਖੇਡ ਵੇ
ਤੂੰ ਸਿਰ ਦਾ ਚੀਰਾ ਹਾਰ ਆਇਆ
ਚੀਰਾ ਤਾਂ ਰੰਗਾ ਦਾਂ ਜਾਨੀ ਹੋਰ ਵੇ
ਕਲਗੀ ਪਰ ਮੇਰੀ ਪ੍ਰੀਤ ਲੱਗੀ

ਆਖਰ ਅਜਿਹੇ ਪਤੀ ਦੀ ਪਤਨੀ ਆਪਣੇ ਐਬੀ ਪਤੀ ਨੂੰ ਫਿਟਕਾਰਾਂ ਪਾਉਣ ਤੇ ਮਜਬੂਰ ਹੋ ਜਾਂਦੀ ਹੈ। ਕਿੰਨੀ ਕਸਕ ਹੈ ਇਨ੍ਹਾਂ ਬੋਲਾਂ ਵਿੱਚ : -

ਕਦੇ ਨਾ ਪਹਿਨੇ ਤੇਰੇ ਸੂਹੇ ਵੇ ਸੋਸਨੀ
ਕਦੇ ਨਾ ਪਹਿਨੇ ਤਿੰਨ ਕਪੜੇ
ਵੇ ਮੈਂ ਕਿੱਕਣ ਵਸਾਂ
ਖਾਂਦਾ ਨਿੱਤ ਬੱਕਰੇ

*ਉਹ ਬੜੀ ਅਧੀਨਗੀ ਨਾਲ਼ ਸਮਝਾਉਂਦੀ ਵੀ ਹੈ: -*

ਨਹੀਂ ਲੰਘਣੇ ਘਰਾਂ ਦੇ ਲਾਂਘੇ
ਛੱਡਦੇ ਵੈਲਦਾਰੀਆਂ

ਪਰ ਸ਼ਰਾਬ ਦੀ ਪਿਆਲੀ ਵਸਦੇ ਰਸਦੇ ਘਰ ਦਾ ਨਾਸ ਕਰ ਦੇਂਦੀ ਏ।

ਕੋਈ ਵੀ ਮੁਟਿਆਰ ਇਹ ਨਹੀਂ ਚਾਹੁੰਦੀ ਕਿ ਉਸ ਦਾ ਗੱਭਰੂ ਸ਼ਰਾਬੀ ਹੋਵੇ, ਐਬੀ ਹੋਵੇ। ਇਸ ਲਈ ਓਹ ਅਲਬੇਲੀ ਮੁਟਿਆਰ ਸ਼ਰਾਬੀ ਗੱਭਰੂ ਦੇ ਹੱਥ ਆਪਣੇ ਰਾਂਗਲੇ ਲੜ ਨੂੰ ਛੂਹਣ ਨਹੀਂ ਦੇਂਦੀ: -

ਬੀਬਾ ਵੇ ਬਾਗ ਲਵਾਨੀਆਂ ਪੰਜ ਬੂਟੇ
ਹੁਣ ਦੇ ਗੱਭਰੂ ਸਭ ਝੂਠੇ
ਛੋਡ ਸ਼ਰਾਬੀਆ ਲੜ ਮੇਰਾ
ਅਸਾਂ ਨਾ ਦੇਖਿਆ ਘਰ ਤੇਰਾ
ਨੈਣਾਂ ਦੇ ਮਾਮਲੇ ਘੇਰੀਆਂ ਵੇ

ਬਾਗ਼ ਵੇ ਲਵਾਨੀਆਂ ਪੰਜ ਦਾਣਾ
ਐਸ ਜਹਾਨੋਂ ਕੀ ਲੈ ਜਾਣਾ
ਛੋਡ ਸ਼ਰਾਬੀਆ ਲੜ ਮੇਰਾ
ਅਸੀਂ ਨਾ ਜਾਣਦੇ ਘਰ ਤੇਰਾ
ਨੈਣਾਂ ਦੇ ਮਾਮਲੇ ਘੇਰੀਆਂ ਵੇ

ਕਈਆਂ ਨੂੰ ਅਫ਼ੀਮੀ ਅਤੇ ਪੋਸਤੀ, ਅਮਲੀ ਟੱਕਰ ਜਾਂਦੇ ਹਨ। ਅਮਲੀ, ਓਹ ਵੀ ਡੋਡੇ ਪੀਣ ਵਾਲੇ, ਪੋਸਤੀ ਦੀਆਂ ਕਰਤੂਤਾਂ ਤੋਂ ਭਲਾ ਕੌਣ ਨਹੀਂ ਵਾਕਿਫ਼:-

ਪੋਸਤ ਪੀਂਦੜਾ ਮਾਏਂ
ਪੰਜ ਸੇਰ ਰੋਜ਼ ਨੀ
ਸੱਗੀ ਮੇਰੀ ਬੇਚਲੀ
ਚੂੜਾ ਲੈ ਗਿਆ ਉਠਾ
ਪੋਸਤ ਪੀਂਦੜਾ ਮਾਏਂ
ਪੰਜ ਸੇਰ ਰੋਜ਼ ਨੀ।

ਗਹਿਣੇ ਤਾਂ ਇਕ ਪਾਸੇ ਰਹੇ ਇਹ ਅਮਲੀ ਆਪਣੇ ਘਰਾਂ ਚੋਂ ਚੋਰੀ ਛਿਪੇ ਭਾਂਡੇ ਵੀ ਖਿਸਕਾ ਲੈਂਦੇ ਹਨ। ਅਮਲੀ ਦੀ ਵਹੁਟੀ ਸੁਪਨੇ ਵਿੱਚ ਵੀ ਆਪਣੇ ਪਤੀ ਨੂੰ ਭਾਂਡੇ ਚੋਰੀ ਚੁਕਦੇ ਹੀ ਵੇਖਦੀ ਹੈ। ਕੇਡੀ ਤਰਸਯੋਗ ਹਾਲਤ ਹੈ ਅਮਲੀਆਂ ਦੀਆਂ ਵਹੁਟੀਆਂ ਦੀ: -

ਸੁੱਤੀ ਪਈ ਨੇ ਪੱਟਾਂ ਤੇ ਹੱਥ ਮਾਰੇ
ਭਾਂਡਿਆਂ 'ਚ ਹੈਨੀ ਬੇਲੂਆ

ਕਿਸੇ ਦੇਸ਼ ਦੇ ਗੱਭਰੂ ਹੀ ਓਸ ਦੇਸ਼ ਨੂੰ ਖੁਸ਼ਹਾਲ ਬਨਾਉਣ ਵਾਲੇ ਹੁੰਦੇ ਹਨ - ਪਰ ਜਿੱਥੇ ਗੱਭਰੂ ਹੀ ਅਫ਼ੀਮੀ ਬਣ ਜਾਣ-ਓਥੇ ਭੰਗ ਹੀ ਭੁਜਣੀ ਹੋਈ: -

ਕਿਉਂ ਨੀ ਬਚਨੀਏਂ
ਮੀਂਹ ਨੀ ਪੈਂਦਾ
ਸੁੱਕੀਆਂ ਵਗਣ ਜ਼ਮੀਨਾਂ
ਰੁੱਖੀ ਤੂੜੀ ਖਾ ਡੰਗਰ ਹਾਰਗੇ
ਗੱਭਰੂ ਗਿਝਗੇ ਫੀਮਾਂ
[illegible]ੀ ਬੈਠਕ ਨੇ -
ਪਟਿਆ ਕਬੂਤਰ ਚੀਨਾ

ਸਿਗਰਟਾਂ ਪੀਣ ਵਾਲੇ ਪਤੀ ਦੀ ਚੂੜੇ ਵਾਲੀ ਵੀ ਸੁਖੀ ਨਹੀਂ। ਓਸ ਦੇ ਗਹਿਣੇ ਵੀ ਬਾਣੀਏ ਦੀ ਹੱਟੀ ਦਾ ਸ਼ਿੰਗਾਰ ਬਣ ਜਾਂਦੇ ਹਨ - ਕਿੰਨਾ ਮੋਹ ਹੁੰਦਾ ਹੈ ਗਹਿਣਿਆ ਦਾ ਔਰਤਾਂ ਨੂੰ -

ਬਾਬੂ ਜੀ ਤੇਰੀ ਸਿਗਰਟ ਨੇ
ਤੇਰੀ ਸਿਗਰਟ ਨੇ ਮੈਂ ਪੱਟੀ
ਪੀ ਪੂਕੇ ਵਿਹੜੇ ਵਿੱਚ ਸੁਟ ਗਿਆ

ਬਾਣੀਏ ਦੀ ਜਲਗੀ ਹੱਟੀ
ਬਾਬੂ ਜੀ ਤੇਰੀ ਸਿਗਰਟ ਨੇ
ਤੇਰੀ ਸਿਰਗਟ ਨੇ ਮੈਂ ਪੱਟੀ
ਗਲ ਵਿੱਚ ਜਿਹੜਾ ਕੰਠਾ ਸੀਗਾ
ਉਹ ਵੀ ਧਰਤਾ ਹੱਟੀ
ਬਾਬੂ ਜੀ ਤੇਰੀ ਸਿਗਰਟ ਨੇ
ਤੇਰੀ ਸਿਗਰਟ ਨੇ ਮੈਂ ਪੱਟੀ
ਸਿਰ ਦੀ ਮੇਰੀ ਸੱਗੀ ਸੀਗੀ
ੳਹ ਵੀ ਧਰਤੀ ਹੱਟੀ
ਬਾਬੂ ਜੀ ਤੇਰੀ ਸਿਗਰਟ ਨੇ
ਤੇਰੀ ਸਿਗਰਟ ਨੇ ਮੈਂ ਪੱਟੀ

ਕਿੰਨਾ ਭੈੜਾ ਅਸਰ ਹੈ ਸਾਡੇ ਲੋਕ ਜੀਵਨ ਤੇ ਇਨ੍ਹਾਂ ਮਾਰੂ ਨਸ਼ਿਆਂ ਦਾ। ਪ੍ਰੇਮ ਦਾ ਨਸ਼ਾ ਹੀ ਇਕ ਅਜਿਹਾ ਨਸ਼ਾ ਹੈ ਜਿਸ ਨਾਲ ਸਭ ਤੋਂ ਜਿਆਦਾ ਸਰੂਰ ਆਉਂਦਾ ਏ। ਕਿੰਨੇ ਭਾਗਾ ਵਾਲੇ ਹਨ ਉਹ ਜਿਊੜੇ ਜਿਹੜੇ ਇਕ ਦੂਜੇ ਲਈ ਮੁਹੱਬਤ ਦਾ ਨਸ਼ਾ ਬਣ ਜਾਣ ਲਈ ਉਤਾਵਲੇ ਹਨ: -

ਦੁਧ ਬਣ ਜਾਨੀ ਆਂ
ਮਲਾਈ ਬਣ ਜਾਨੀ ਆਂ
ਗਟਾ ਗਟ ਪੀ ਲੈ ਵੇ
ਨਸ਼ਾ ਬਣ ਜਾਨੀ ਆਂ

ਇਸ਼ਕ ਨਾਲ ਰੱਤੇ ਸਰੀਰ ਬਿਨਾਂ ਪੀਤਿਆਂ ਹੀ ਖੀਵੇ ਰਹਿੰਦੇ ਹਨ: -

ਹੁਸਨ ਚਰਾਗ ਜਿੰਨ੍ਹਾ ਦੇ ਦੀਦੇ
ਉਹ ਕਿਉਂ ਬਾਲਣ ਦੀਵੇ
ਇਸ਼ਕ ਜਿਨ੍ਹਾਂ ਦੇ ਹੱਡੀਂ ਰੱਚਿਆ
ਉਹ ਬਿਨਾਂ ਸ਼ਰਾਬੋਂ ਖੀਵੇ ।

# ਰੱਖੂੰ ਤੇਰੇ ਚੀਰੇ ਦੀ ਲਾਜ

ਹਰ ਦੇਸ ਦੇ ਇਤਿਹਾਸ, ਸਭਿਆਚਾਰ ਅਤੇ ਕੌਮੀ ਚਰਿੱਤਰ ਆਦਿ ਨੂੰ ਉਸ ਦੇਸ ਦੇ ਲੋਕ ਸਾਹਿਤ ਵਿਚੋਂ ਹੀ ਸਹੀ ਰੂਪ ਵਿੱਚ ਜਾਣਿਆਂ ਜਾ ਸਕਦਾ ਹੈ। ਇਹ ਉਹ ਵੱਡਮੁਲਾ ਖ਼ਜ਼ਾਨਾ ਹੈ ਜੋ ਸਾਨੂੰ ਆਪਣੇ ਵੱਡੇ ਵਡੇਰਿਆਂ ਪਾਸੋਂ ਵਿਰਾਸਤ ਵਿੱਚ ਮਿਲਦਾ ਹੈ। ਹਰ ਕੋਈ ਆਪਣੇ ਵਿਰਸੇ 'ਤੇ ਮਾਣ ਕਰਦਾ ਹੈ, ਕਰਨਾ ਵੀ ਚਾਹੀਦਾ ਹੈ, ਪਰ ਕਰੇਗਾ ਉਹੀ ਜਿਸ ਦਾ ਵਿਰਸਾ ਅਮੀਰ ਹੋਵੇਗਾ, ਸਤਿਕਾਰਯੋਗ ਹੋਵੇਗਾ।

ਪੰਜਾਬ ਦੇ ਲੋਕ ਗੀਤ ਇਕੱਤਰ ਕਰਦਿਆਂ ਮੈਨੂੰ ਅਨੇਕਾਂ ਅਜਿਹੇ ਗੀਤ ਮਿਲੇ ਹਨ ਜਿਨ੍ਹਾਂ ਉਤੇ ਸਾਡੇ ਸੱਚੇ ਸੁੱਚੇ ਇਖਲਾਕ ਅਤੇ ਚਰਿੱਤਰ ਦੀ ਛਾਪ ਹੈ। ਉਹ ਅੱਜ ਦੇ ਗੀਤ ਨਹੀਂ, ਸਦੀਆਂ ਪੁਰਾਣੇ ਹਨ, ਪਰ ਹਨ ਚਸ਼ਮੇ ਦੇ ਪਾਣੀ ਵਾਂਗ ਸੱਜਰੇ! ਇਹ ਗੀਤ ਕਿਸੇ ਇਤਿਹਾਸਕਾਰ ਨੇ ਨਹੀਂ ਰਚੇ। ਇਤਿਹਾਸਕਾਰ ਤਾਂ ਕਈ ਵਾਰ ਨਿੱਜੀ ਕਾਰਨਾਂ ਕਰਕੇ ਪੱਖ ਪੂਰ ਲੈਂਦੇ ਹਨ। ਇਹ ਤਾਂ ਪੰਜਾਬ ਦੇ ਸਾਦ- ਮੁਰਾਦੇ ਲੋਕਾਂ ਦੀ ਦੇਣ ਹਨ ਜੋ ਪੀੜ੍ਹੀਓ ਪੀੜ੍ਹੀ ਸਾਡੇ ਤੱਕ ਪੁਜੇ ਹਨ।

ਇਹ ਜੁੱਗਾਂ ਦੀਆਂ ਬਾਤਾਂ ਪਾਉਂਦੇ ਹਨ। ਵੰਨਗੀ ਲਈ ਸੈਆਂ ਵਿਚੋਂ ਤਿੰਨ ਲੋਕ ਗੀਤ ਹਾਜ਼ਰ ਹਨ।

ਪਹਿਲਾ ਗੀਤ ਅਠ੍ਹਾਰਵੀਂ ਸਦੀ ਦਾ ਹੈ। ਉਸ ਸਮੇਂ ਮੁਗਲ ਸਰਕਾਰ ਵਲੋਂ ਪਰਜਾ ਉਪਰ ਕੀਤੇ ਜਾਂਦੇ ਅੱਤਿਆਚਾਰਾਂ ਦਾ ਵਰਣਨ ਇਸ ਗੀਤ ਵਿੱਚ ਆਉਂਦਾ ਹੈ। ਗੀਤ ਦੇ ਬੋਲ ਦੱਸਦੇ ਹਨ ਕਿ ਕਿਵੇਂ ਮੁਗਲ ਸਰਕਾਰ ਦੇ ਕਰਮਚਾਰੀ/ ਅਧਿਕਾਰੀ ਸੋਹਣੀਆਂ ਔਰਤਾਂ ਨੂੰ ਜ਼ੋਰੀਂ ਖੋਹ ਕੇ ਲੈ ਜਾਂਦੇ ਸਨ ਪ੍ਰੰਤੂ ਸਾਡੇ ਦੇਸ ਦੀਆਂ ਮੁਟਿਅਰਾਂ ਧਰਮ ਤੋਂ ਨਹੀਂ ਸਨ ਡੋਲਦੀਆਂ, ਉਹ ਆਪਣੇ ਸਤਿ ਨੂੰ ਸਿਰ ਦੀ ਕੁਰਬਾਨੀ ਦੇ ਕੇ ਪਾਲਦੀਆਂ ਸਨ।

ਇਸ ਗੀਤ ਦੀ ਨਾਇਕਾ 'ਸੁੰਦਰੀ' ਨੂੰ ਮੁਗਲ ਚੁੱਕ ਕੇ ਲੈ ਜਾਂਦੇ ਹਨ। ਉਹ ਆਪਣੇ ਚੁੱਕੇ ਜਾਣ ਬਾਰੇ ਇਕ ਰਾਹੀ ਦੇ ਹੱਥ ਆਪਣੇ ਬਾਬਲ, ਭਰਾ ਅਤੇ ਪਤੀ ਨੂੰ ਸੁਨੇਹਾ ਘੱਲਦੀ ਹੈ। ਉਹ ਤਿੰਨੇ ਮੁਗਲ ਦੀਆਂ ਮਿੰਨਤਾ ਕਰਦੇ ਹਨ, ਰੁਪਏ ਪੇਸ਼ ਕਰਦੇ ਹਨ। ਪਰ ਉਹ ਉਸ ਸੋਹਣੀ ਔਰਤ ਨੂੰ ਨਹੀਂ ਛੱਡਦਾ। ਬਾਬਲ ਅਤੇ ਵੀਰਾ

ਧਾਹੀਂ ਮਾਰ ਮਾਰ ਰੋਂਦੇ ਹਨ। ਸੁੰਦਰੀ ਡੋਲਦੀ ਨਹੀਂ।

ਉਹ ਮੁਗਲ ਨੂੰ ਨਦੀ ਤੋਂ ਪਾਣੀ ਭਰਕੇ ਲਿਆਉਣ ਵਾਸਤੇ ਘੱਲ ਦਿੰਦੀ ਹੈ ਤੇ ਆਪ ਮਗਰੋਂ ਚਿਖਾ ਨੂੰ ਅੱਗ ਲਵਾ ਲੈਂਦੀ ਹੈ ਤੇ ਢੋਲੀ ਨੂੰ ਆਖਦੀ ਹੈ ਕਿ ਉਹ ਢੋਲ ਵਜਾ ਕੇ ਸਾਰੀ ਲੁਕਾਈ ਨੂੰ ਦੱਸ ਦੇਵੇ ਕਿ ਮੁਗਲ ਦੀ ਚੁਰਾਈ ਹੋਈ ਨਾਰ ਸਤਿ ਨੂੰ ਬਚਾਉਣ ਲਈ ਚਿਖਾ ਵਿੱਚ ਜਲ ਗਈ ਹੈ: -

ਮੁਗਲਾਂ ਨੇ ਘੋੜਾ ਪੀੜਿਆ
ਸੁੰਦਰੀ ਪਾਣੀ ਨੂੰ ਜਾਵੇ
ਜਾ ਵੇ ਸਪਾਹੀਆ ਵੇ ਜ਼ਲਮਾਂ।

ਸੱਸ ਜੁ ਪੇਕੇ ਉਠਗੀ
ਸਹੁਰਾ ਗਿਆ ਸੀ ਗਰਾਏਂ
ਨਣਦ ਖੇਡਣ ਉਠ ਗਈ
ਵੇ ਮੁਗਲਾਂ ਲਈ ਸੀ ਚੁਰਾ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਕੋਠੇ ਚੜ੍ਹਕੇ ਦੇਖਦੀ ਇਕ ਰਾਹੀ ਵੀ ਜਾਵੇ
ਰਾਹ ਜਾਂਦਿਆ ਰਾਹੀ ਮੁਸਾਫਰਾ
ਇਕ ਸੁਨੇਹੜਾ ਲੈ ਜਾ
ਬਾਪ ਮੇਰੇ ਨੂੰ ਆਖਣਾ
ਧੀ ਮੁਗਲਾਂ ਲਈ ਵੇ ਚੁਰਾ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਰਾਹ ਜਾਂਦਿਆ ਰਾਹੀ ਮੁਸਾਫਰਾ
ਇਕ ਸੁਨੇਹੜਾ ਲੈ ਜਾ
ਵੀਰ ਮੇਰੇ ਨੂੰ ਆਖਣਾ
ਭੈਣ ਮੁਗਲਾਂ ਲਈ ਵੇ ਚੁਰਾ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਰਾਹ ਜਾਂਦਿਆ ਰਾਹੀ ਮੁਸਾਫਰਾ
ਇਕ ਸੁਨੇਹੜਾ ਲੈ ਜਾ
ਪਤੀ ਮੇਰੇ ਨੂੰ ਆਖਣਾ
ਗੋਰੀ ਮੁਗਲਾਂ ਲਈ ਵੇ ਚੁਰਾ

ਜਾ ਵੇ ਸਪਾਹੀਆ ਵੇ ਜ਼ਾਲਮਾਂ।

ਬਾਬਲ ਘੋੜਾ ਪੀੜਿਆ
ਮਗਰੇ ਵੀਰਨ ਵੀ ਆ
ਬਾਬਲ ਉਤਰਿਆ ਚੌਂਤਰੇ
ਵੀਰਨ ਇਮਲੀ ਦੀ ਛਾਂ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਆਹ ਲੈ ਮੁਗਲਾ ਮੁਗਲ ਦਿਆ ਬੇਟਿਆ
ਘੋੜਾ ਡੇਢ ਹਜ਼ਾਰ
ਹੱਥ ਬੰਨ੍ਹ ਕਰਦਾ ਬੇਨਤੀ
ਧੀ ਨੂੰ ਲਵਾਂਗਾ ਛੁਡਾ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਨਾ ਲਵਾਂ ਤੇਰਾ ਘੋੜਾ
ਨਾ ਮੰਨਾਂ ਤੇਰੀ ਬੇਨਤੀ
ਸੁੰਦਰ ਸੋਹਣੀ ਸਾਥੋਂ ਛੋਡੀ ਨਾ ਜਾ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਆਹ ਲੈ ਮੁਗਲਾ ਮੁਗਲ ਦਿਆ ਬੇਟਿਆ
ਬੋਰੀ ਡੇਢ ਹਜ਼ਾਰ
ਹੱਥ ਬੰਨ੍ਹ ਕਰਦਾਂ ਬੇਨਤੀ
ਭੈਣ ਨੂੰ ਲਵਾਂਗਾ ਛੁਡਾ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਨਾ ਲਵਾਂ ਤੇਰੀਆ ਬੋਰੀਆਂ
ਨਾ ਮੰਨਾ ਤੇਰੀ ਬੇਨਤੀ
ਸੁੰਦਰ ਸੋਹਣੀ ਸਾਥੋਂ ਛੋਡੀ ਨਾ ਜਾ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਆਹ ਲੈ ਮੁਗਲਾ ਮੁਗਲ ਦਿਆ ਬੇਟਿਆ
ਹੀਰੇ ਚਾਰ ਹਜ਼ਾਰ

ਹੱਥ ਬੰਨ੍ਹ ਕਰਦਾ ਬੇਨਤੀ
ਗੋਰੀ ਨੂੰ ਲਵਾਂ ਛੁਡਾ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਨਾ ਲਵਾਂ ਤੇਰੇ ਹੀਰੇ
ਨਾ ਮੰਨਾਂ ਤੇਰੀ ਬੇਨਤੀ
ਸੁੰਦਰ ਸੋਹਣੀ ਸਾਥੋਂ ਛੋਡੀ ਨਾ ਜਾ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਬਾਬਲ ਬਹਿ ਕੇ ਰੋ ਪਿਆ
ਵੀਰਨ ਮਾਰੀ ਸੀ ਧਾਹ
ਕੰਤ ਹਰਾਮੀ ਹੱਸ ਪਿਆ
ਨਵੀਂ ਵਿਆਹੁਣੇ ਦਾ ਚਾਅ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਜਾ ਬਾਬਲ ਘਰ ਆਪਣੇ
ਰੱਖੂੰ ਤੇਰੀ ਦਾੜ੍ਹੀ ਦੀ ਲਾਜ
ਅੰਨ ਨਾ ਖਾਵਾਂ ਮੁਗਲ ਦਾ
ਭਾਵੇਂ ਭੁੱਖੀ ਮਰ ਜਾਂ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਜਾ ਵੀਰਨ ਘਰ ਆਪਣੇ
ਰੱਖੂੰ ਤੇਰੇ ਚੀਰੇ ਦੀ ਲਾਜ
ਜਲ ਨਾ ਪੀਵਾਂ ਮੁਗਲ ਦਾ
ਮੈਂ ਪਿਆਸੀ ਮਰ ਜਾਂ
ਜਾ ਵੇ ਸਪਾਹੀਆ ਵੇ ਜ਼ਾਲਮਾ

ਜਾ ਕੰਤ ਘਰ ਆਪਣੇ
ਰੱਖੂੰ ਉਨ੍ਹਾਂ ਲਾਵਾਂ ਦੀ ਲਾਜ
ਅੰਗ ਨਾ ਛੋਹਾਂ ਮੁਗਲ ਦਾ
ਭਾਵੇਂ ਉਣੀਂਦੀ ਮਰ ਜਾਂ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਬਾਬਲ ਬਹਿ ਕੇ ਰੋ ਪਿਆ
ਵੀਰੇ ਮਾਰੀ ਸੀ ਧਾਹ
ਕੰਤ ਹਰਾਮੀ ਹੱਸ ਪਿਆ
ਨਵੀਂ ਵਿਆਹੁਣੇ ਦਾ ਚਾਅ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਜਾ ਵੇ ਮੁਗਲਾ ਮੁਗਲ ਦਿਆ ਬੇਟਿਆ
ਘੜਾ ਪਾਣੀ ਦਾ ਲਿਆ
ਊਠੀਂ ਵੇ ਬਾਬਲ ਬੇਟਿਆ
ਡੱਬੀ ਸੀਖਾਂ ਦੀ ਲਿਆ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਉਠੀਂ ਵੇ ਢੋਲੀ ਡੱਗਾ ਵੀ ਲਾ
ਜਲ ਗਈ ਮੁਗਲ ਪਠਾਣ ਦੀ
ਜਿਹੜੀ ਲਈ ਸੀ ਚੁਰਾ
ਜਾ ਵੇ ਸਪਾਹੀਆ ਵੇ ਜ਼ਾਲਮਾਂ।

ਉਪਰੋਕਤ ਲੋਕ ਗੀਤ ਮੈਨੂੰ ਆਪਣੇ ਪਿੰਡੋਂ (ਮਾਦਪੁਰ ਜ਼ਿਲਾ ਲੁਧਿਆਣਾ) ਮਾਈ ਬੱਸੋਂ ਪਾਸੋਂ ਮਿਲਿਆ ਸੀ। ਇਸ ਗੀਤ ਦੇ ਕਈ ਹੋਰ ਰੂਪਾਂਤਰ ਵੀ ਹਨ।

ਭਾਈ ਵੀਰ ਸਿੰਘ ਨੇ ਆਪਣਾ ਪਹਿਲਾ ਇਤਿਹਾਸਕ ਨਾਵਲ 'ਸੁੰਦਰੀ' ਇਸ ਗੀਤ ਦੇ ਇਕ ਰੁਪਾਂਤਰ ਦੇ ਆਧਾਰ ਤੇ ਹੀ ਲਿਖਿਆ ਸੀ। ਇਹ ਰੂਪਾਂਤਰ 'ਸੁੰਦਰੀ' ਨਾਵਲ ਦੇ ਮੁੱਢ ਵਿੱਚ ਦਰਜ ਹੈ।

ਪੰਜਾਬ ਤੋਂ ਬਿਨਾਂ ਕਈ ਹੋਰ ਪ੍ਰਾਂਤਾਂ ਵਿੱਚ ਵੀ ਇਸ ਲੋਕ ਗੀਤ ਨਾਲ ਮਿਲਦੇ ਜੁਲਦੇ ਇਤਿਹਾਸਕ ਗੀਤ ਪ੍ਰਾਪਤ ਹਨ। ਸ੍ਰੀ ਰਾਮ ਨਰੇਸ਼ ਤ੍ਰਿਪਾਠੀ ਨੇ 'ਹਮਾਰਾ ਗ੍ਰਾਮ ਸਾਹਿਤ' ਵਿੱਚ ਇਸੇ ਭਾਵ ਦਾ ਇਕ ਗੀਤ ਪੇਸ਼ ਕੀਤਾ ਹੈ। ਜੋ ਉਹਨਾਂ ਨੂੰ ਬਾਰਾਂ ਬਾਂਕੀ ਤੋਂ ਪ੍ਰਾਪਤ ਹੋਇਆ ਸੀ। ਗੀਤ ਦਾ ਭਾਵ ਇਸ ਤਰ੍ਹਾਂ ਹੈ ਕਿ ਸੱਤ ਭੈਣਾਂ ਸਦੌਲੀ ਦੇ ਘਾਟ 'ਤੇ ਸਰਕੰਡੇ ਚੀਰ ਰਹੀਆਂ ਸਨ। ਐਨੇ 'ਚ ਮੁਗਲਾਂ ਦਾ ਲਸ਼ਕਰ ਆ ਕੇ ਉਨ੍ਹਾਂ ਵਿਚੋਂ 'ਚੰਦਾ' ਨਾਮੀ ਸੁੰਦਰੀ ਨੂੰ ਪਕੜ ਕੇ ਲੈ ਗਿਆ।

ਚੰਦਾ ਦੇ ਪਿਤਾ ਨੇ ਉਸ ਨੂੰ ਛੁਡਾਉਣ ਲਈ ਰੁਪਿਆਂ ਦੀ ਪੇਸ਼ਕਸ਼ ਕੀਤੀ ਪਰ ਮੁਗਲ ਉਸ ਨਾਲ ਵਿਆਹ ਕਰਨਾ ਚਾਹੁੰਦਾ ਸੀ। ਉਹ ਚੰਦਾ ਨੂੰ ਡੋਲੀ 'ਚ

ਪਾ ਕੇ ਆਪਣੇ ਘਰ ਲੈ ਗਿਆ। ਚੰਦਾ ਮੁਗਲ ਨੂੰ ਅੱਗ ਬਾਲਣ ਲਈ ਕਹਿੰਦੀ ਹੈ ਤੇ ਫੇਰ ਢੇਰ ਸਾਰੀਆਂ ਲੱਕੜਾਂ ਦੀ ਚਿਖਾ ਬਣਾ ਕੇ ਜਲ ਮਰਦੀ ਹੈ।

ਗੀਤ ਦੀਆਂ ਅੰਤਲੀਆਂ ਤੁਕਾਂ ਦਾ ਭਾਵ ਹੈ 'ਚੰਦਾ ਦੀ ਚਿਖਾ ਇੰਜ ਭੜਕ ਉਠੀ ਕਿ ਸਾਰੇ ਘਰ ਵਿੱਚ ਧੂਆਂ ਭਰ ਗਿਆ। ਮੁਗਲ ਦੀ ਦਾੜ੍ਹੀ ਜਲ ਗਈ ਤੇ ਉਹ ਵੀ ਮਰ ਗਿਆ।'

ਇਸੇ ਵਿਸ਼ੇ ਨਾਲ ਸਬੰਧਤ ਇਕ ਬ੍ਰਿਜ ਲੋਕ ਗੀਤ ਸ੍ਰੀ ਕ੍ਰਿਸ਼ਨ ਦਾਸ ਨੇ ਆਪਣੀ ਹਿੰਦੀ ਪੁਸਤਕ 'ਲੋਕ ਗੀਤੋਂ ਕੀ ਸਮਾਜਿਕ ਵਿਆਖਿਆ' ਦੇ ਪੰਨਾ 155 ਤੋਂ 158 'ਤੇ ਦਰਜ ਕੀਤਾ ਹੈ। ਇਸ ਗੀਤ ਦੀ ਨਾਇਕਾ 'ਚੰਦਰਾਵਾਲੀ' ਹੈ। ਉਹ ਵੀ ਆਪਣੇ ਆਪ ਨੂੰ ਚਿਖਾ ਵਿੱਚ ਜਲਾ ਲੈਂਦੀ ਹੈ।

ਹੋ ਸਕਦਾ ਹੈ ਭਾਰਤ ਦੇ ਹੋਰਨਾਂ ਪ੍ਰਾਂਤਾਂ ਵਿੱਚ ਵੀ ਇਹ ਗੀਤ ਪ੍ਰਚੱਲਤ ਹੋਵੇ। ਇਸ ਸੰਬੰਧੀ ਤੁਲਨਾਤਮਕ ਅਧਿਐਨ ਦੀ ਲੋੜ ਹੈ।

ਦੂਜਾ ਗੀਤ ਵੀ ਮੁਗਲ ਰਾਜ ਸਮੇਂ ਦਾ ਹੀ ਹੈ। ਏਸ ਗੀਤ ਵਿੱਚ ਇਕ ਮੁਗਲ ਕਰਮਚਾਰੀ ਦੁਧ ਵੇਚਣ ਆਈ ਗੁਜਰੀ ਤੇ ਡੋਰੇ ਸੁਟਦਾ ਹੈ। ਪਰ ਉਹ ਆਨੀਂ ਬਹਾਨੀਂ ਦਿਨ ਚੜ੍ਹਾਕੇ ਆਪਣੇ ਸੱਤ ਨੂੰ ਬਚਾ ਲੈਂਦੀ ਹੈ। ਗੀਤ ਦੇ ਬੋਲ ਹਨ: –

ਕਿਤਨਾ ' ਕ ਤੇਰਾ ਦੁਧੀਆ
ਕੈ ਰੁਪਏ ਸੇਰ ਨੀ ਮਾਨੋ

ਪਾਈਆ 'ਕ ਮੇਰਾ ਦੁਧੀਆ
ਪੰਜ ਰੁਪਏ ਸੇਰ ਵੇ ਮੁਗਲਾ

ਪੰਜ ਦੇ ਭਾਵੇਂ ਦਸ ਲੈ ਲੈ
ਨੀ ਤੂੰ ਤੰਬੂ ਅੰਦਰ ਆ

ਤੰਬੂ ਅੰਦਰ ਕਿਕਣ ਆਵਾਂ
ਮੇਰੀ ਸੱਸ ਉਡੀਕੇ ਵੇ ਮੁਗਲਾ

ਸੱਸ ਤੇਰੀ ਨੂੰ ਅੰਨ੍ਹੀ ਕਰਾਂ
ਕੰਨਾਂ ਤੇ ਕਰਾਂ ਬੋਲੀ
ਨੀ ਤੂੰ ਤੰਬੂ ਅੰਦਰ ਆ

ਤੰਬੂ ਅੰਦਰ ਕਿਕਣ ਆਵਾਂ

ਮੇਰੀ ਨਣਦ ਉਡੀਕੇ ਵੇ ਮੁਗਲਾ

ਨਣਦ ਤੇਰੀ ਨੂੰ ਸਹੁਰੇ ਘੱਲਾਂ
ਚੁੰਨੀਆਂ ਰੰਗਾਵਾਂ ਚਾਰ
ਨੀ ਤੂੰ ਤੰਬੂ ਅੰਦਰ ਆ

ਤੰਬੂ ਅੰਦਰ ਕਿਕਣ ਆਵਾਂ
ਮੇਰਾ ਮਾਹੀ ਉਡੀਕੇ ਵੇ ਮੁਗਲਾ

ਮਾਹੀ ਤੇਰੇ ਨੂੰ ਵਿਆਹ ਦੇਵਾਂ
ਦੋ ਆਪਾਂ ਦੋ ਉਹ ਚਾਰ
ਨੀ ਮਾਨੋ ਤੂੰ ਤੰਬੂ ਅੰਦਰ ਆ

ਤੰਬੂ ਅੰਦਰ ਕਿਕਣ ਆਵਾਂ ਵੇ ਮੁਗਲਾ
ਮੇਰਾ ਬਾਲਕ ਰੋਵੇ ਵੇ

ਬਾਲਕ ਤੇਰੇ ਨੂੰ ਦੁਧ ਪਲਾਵਾਂ
ਝੂਲੇ ਦੇਵਾਂ ਝੂਲਾ
ਨੀ ਮਾਨੋ ਤੰਬੂ ਅੰਦਰ ਆ

ਦਿਨ ਚੜ੍ਹ ਗਿਆ ਪਹੁ ਫਟ ਗਈ
ਮੈਂ ਕਿਹੜੇ ਬਹਾਨੇ ਆਵਾਂ ਵੇ ਮੁਗਲਾ

ਪੰਜੇ ਲੈ ਲੈ ਕਪੜੇ ਪੰਜੇ ਲੈ ਹੱਥਿਆਰ
ਤੂੰ ਰਲਜਾ ਸਪਾਹੀਆਂ ਦੇ ਨਾਲ ਨੀ ਮਾਨੋਂ

ਇਸ ਪਰਕਾਰ ਗੁਜਰੀ ਮੁਗਲ ਪਾਸੋਂ ਆਪਣੇ ਆਪ ਨੂੰ ਬਚਾ ਲੈਂਦੀ ਹੈ।

ਤੀਜੇ ਗੀਤ ਵਿੱਚ ਬੜੀ ਅਸਚਰਜ ਘਟਨਾ ਵਾਪਰਦੀ ਹੈ। ਇਕ ਭੈਣ ਦਾ ਵੀਰ ਬੜਿਆਂ ਸਾਲਾਂ ਮਗਰੋਂ ਘਰ ਪਰਤਦਾ ਹੈ – ਭੈਣ ਨਿੱਕੀ ਜਹੀ ਸੀ ਜਦੋਂ ਉਹ ਖੱਟੀ ਕਰਨ ਲਈ ਘਰੋਂ ਤੁਰ ਗਿਆ ਸੀ। ਭੈਣ ਵੀਰ ਨੂੰ ਪਿੰਡੋਂ ਬਾਹਰ ਹੀ ਮਿਲ ਪੈਂਦੀ ਹੈ। ਦੋਨੋ ਇਕ ਦੂਜੇ ਤੋਂ ਅਣਜਾਣ ਹਨ। ਵੀਰ ਭੈਣ ਦੇ ਹੁਸਨ ਤੇ ਮਾਇਲ ਹੋ ਜਾਂਦਾ ਹੈ। ਅਗੋਂ ਭੈਣ ਆਪਣੇ ਇਖਲਾਕ ਦਾ ਪ੍ਰਗਟਾਵਾ ਵਾਰਤਾਲਾਪ ਰਾਹੀਂ

ਕਰਦੀ ਹੈ। ਗੀਤ ਇਸ ਪਰਕਾਰ ਤੁਰਦਾ ਹੈ: -

ਚੱਲ ਨਣਦੇ ਨੀ ਪਾਣੀ ਨੂੰ ਚੱਲੀਏ
ਵੀਰਨ ਡੋਲਾ ਉਥੇ ਆ ਉਤਰਿਆ

ਸੁਣ ਕੁੜੀਏ
ਨੀ ਤੇਰੀ ਬੋਲੀ ਮਲੂਕ
ਤੈਂ ਪਰ ਸਾਹਿਬਾਂ ਦਾ ਰੂਪ
ਆਖੇਂ ਤਾਂ ਤੈਨੂੰ ਨੈਣੀਂ ਪਾ ਨੀ ਲਈਏ

ਨੈਣੀਂ ਵੇ ਭੈਣਾਂ ਨੂੰ ਪਾ
ਮਾਵਾਂ ਨੂੰ ਪਾ
ਨਾਰ ਬਗਾਨੀ ਨੈਣੀਂ ਨਾ ਵੇ ਪਾਈਏ

ਸੁਣ ਕੁੜੀਏ
ਨੀ ਤੇਰੀ ਬੋਲੀ ਮਲੂਕ
ਤੈਂ ਪਰ ਸਾਹਿਬਾਂ ਦਾ ਰੂਪ
ਆਖੇ ਤਾਂ ਤੈਨੂੰ ਬਾਹੀਂ ਪਾ ਨੀ ਲਈਏ

ਬਾਹੀਂ ਚੂੜੇ ਦਾ ਜ਼ੋਰ
ਚੂੜੇ ਵਾਲੇ ਦਾ ਜ਼ੋਰ
ਨਾਰ ਬਗਾਨੀ ਬਾਹੀਂ ਨਾ ਵੇ ਪਾਈਏ

ਸੁਣ ਕੁੜੀਏ
ਨੀ ਤੇਰੀ ਬੋਲੀ ਮਲੂਕ
ਤੈਂ ਪਰ ਸਾਹਿਬਾਂ ਦਾ ਰੂਪ
ਆਖੇਂ ਤਾਂ ਤੈਨੂੰ ਗਲ ਪਾ ਨੀ ਲਈਏ

ਗੱਲ ਹਾਰਾਂ ਦਾ ਜ਼ੋਰ
ਹਮੇਲਾਂ ਦਾ ਜ਼ੋਰ
ਨਾਰ ਬਗਾਨੀ ਗਲ ਨਾ ਵੇ ਪਾਈਏ

ਤੂੰ ਕਹਿੜੇ ਰਾਜੇ ਦੀ ਧੀ
ਤੂੰ ਕਹਿੜੇ ਰਾਜੇ ਦੀ ਭੈਣ
ਕਹਿੜੇ ਕੰਤ ਦੀ ਤੈਨੂੰ ਨਾਰ ਕਹੀਏ ਨੀ

ਮੈਂ ਦੇਵਾ ਸਿੰਘ ਰਾਜੇ ਦੀ ਧੀ
ਬੁਧ ਸਿੰਘ ਰਾਜੇ ਦੀ ਭੈਣ
ਮੈਂ ਆਪਣੇ ਕੰਤ ਦੀ ਨਾਰੀ ਵੇ

ਚਲ ਬੀਬੀ ਆਪਾਂ ਗੰਗਾ ਨੂੰ ਚਲੀਏ
ਗੰਗਾ ਜਮਨਾ ਨੂੰ ਚਲਈਏ
ਉਥੇ ਦੂਸ਼ਨ ਲਾਹਕੇ ਆਈਏ ਨੀ

ਇਹ ਹੈ ਸਾਡਾ ਵਿਰਸਾ। ਏਸ ਵਿਰਸੇ ਨੂੰ ਅਸਾਂ ਗੁਆਣਾ ਨਹੀਂ ਸਗੋਂ ਏਸ ਤੇ ਮਾਣ ਕਰਨਾ ਹੈ। ਇਹ ਸਭ ਤਦੇ ਹੀ ਹੋ ਸਕੇਗਾ ਜੇਕਰ ਅਸੀਂ ਆਪਣੇ ਇਖਲਾਕ ਨੂੰ ਉੱਚਾ ਤੇ ਸੁੱਚਾ ਰੱਖਾਂਗੇ।

# *ਮੁੰਡਾ ਪੱਟਿਆ ਨਵਾਂ ਪਟਵਾਰੀ*

ਜਿਸ ਤਰ੍ਹਾਂ ਕਿਸੇ ਪਹਾੜੀ ਦੀ ਕੁੱਖ ਵਿਚੋਂ ਆਪ ਮੁਹਾਰਾ ਹੀ ਚਸ਼ਮਾ ਵਗ ਟੁਰਦਾ ਹੈ ਉਸੇ ਤਰ੍ਹਾਂ ਹੀ ਲੋਕ-ਗੀਤ ਵੀ ਦਿਲ ਦੀ ਕਿਸੇ ਨੁਕਰੋਂ ਆਪ-ਮੁਹਾਰੇ ਵਹਿ ਟੁਰਦੇ ਹਨ। ਜ਼ੋਰੀਂ ਗੀਤ ਨਹੀਂ ਉਗਮਦੇ। ਇਹ ਤਾਂ ਅਲਬੇਲਾ ਨਾਚ ਨਚਦੀਆਂ ਤਰੰਗਾਂ ਹਨ।

ਸਰਕਾਰੀ ਪਾਤਰਾਂ ਬਾਰੇ ਮਿਲਦੇ ਲੋਕ-ਗੀਤ ਜ਼ੋਰੀਂ ਰਚੇ ਗੀਤ ਨਹੀਂ। ਇਹ ਤਾਂ ਕਿਸਾਨੀ ਜੀਵਨ ਤੇ ਸਰਕਾਰੀ ਪਾਤਰਾਂ ਵਲੋਂ ਪਏ ਅਸਰਾਂ ਦਾ ਪ੍ਰਤਿਬਿੰਬ ਹਨ। ਕਿਸਾਨ ਇਨ੍ਹਾਂ ਨੂੰ ਕਿਹੜੀ ਨਿਗਾਹ ਨਾਲ਼ ਵੇਖਦੇ ਹਨ, ਇਹਦਾ ਸਾਫ਼ ਝਲਕਾਰਾ ਗੀਤਾਂ ਵਿਚੋਂ ਵੇਖਿਆ ਜਾ ਸਕਦਾ ਹੈ।

ਹੇਠਾਂ ਵਖ ਵਖ ਸਰਕਾਰੀ ਪਾਤਰਾਂ ਬਾਰੇ ਕੁਝ ਗੀਤ ਦਿੱਤੇ ਜਾ ਰਹੇ ਹਨ।

### *ਪਟਵਾਰੀ*

ਜ਼ਮੀਨ ਦੀ ਮਿਣ ਮਣਾਈ, ਖ਼ਰੀਦਣ ਵੇਚਣ ਆਦਿ ਦੇ ਕਾਰਨ ਕਿਸਾਨਾਂ ਦਾ ਪਟਵਾਰੀ ਨਾਲ਼ ਸਿੱਧਾ ਵਾਹ ਪੈਂਦਾ ਹੈ। ਕਿਸਾਨ ਅਨਪੜ੍ਹ ਹੋਣ ਦੇ ਨਾਤੇ ਉਸ ਨੂੰ ਚੰਗਾ ਪੜ੍ਹਿਆ ਲਿਖਿਆ ਅਫ਼ਸਰ ਸਮਝਦੇ ਹਨ ਅਤੇ ਸਦਾ ਉਸ ਦੀ ਚੰਗੀ ਆਓ ਭਗਤ ਕਰਦੇ ਰਹੇ ਹਨ। ਪਟਵਾਰੀ ਬਨਣਾ ਉਹ ਮਾਣ ਵਾਲੀ ਗਲ ਸਮਝਦੇ ਹਨ। ਤਦੇ ਤਾਂ ਇਕ ਭੈਣ ਪਰਮਾਤਮਾ ਪਾਸੋਂ ਪਟਵਾਰੀ ਵੀਰੇ ਦੀ ਮੰਗ ਕਰਦੀ ਹੈ: -

> ਦੋ ਵੀਰ ਦੇਈਂ ਵੇ ਰੱਬਾ
> ਇਕ ਮੁਨਸ਼ੀ ਤੇ ਇਕ ਪਟਵਾਰੀ।

ਕਿਸਾਨ ਬਾਬਲ ਵੀ ਆਪਣੀ ਧੀ ਦਾ ਸਾਕ ਪਟਵਾਰੀ ਮੁੰਡੇ ਨਾਲ਼ ਕਰ, ਆਪਣੇ ਵਲੋਂ ਚੰਗੀ ਕੀਤੀ ਚੋਣ ਸਮਝਦਾ ਹੈ: -

> ਮੁੰਡਾ ਪੱਚੀਆਂ ਪਿੰਡਾਂ ਦਾ ਪਟਵਾਰੀ
> ਅੱਗੇ ਤੇਰੇ ਭਾਗ ਬੱਚੀਏ।

ਪੱਚੀਆਂ ਪਿੰਡਾਂ ਦਾ ਪਟਵਾਰੀ ਵੀ ਅਗੋਂ ਏਸ ਬਾਬਲ ਦੀ ਧੀ ਨੂੰ ਗਹਿਣਿਆਂ ਨਾਲ਼ ਮੜ੍ਹ ਦੇਂਦਾ ਹੈ: -

ਟੰਗਣੇ ਤੇ ਟੰਗਣਾ,
ਗਜ਼ ਫੁਲਕਾਰੀ।
ਦੇਖੋ ਮੇਰੇ ਲੇਖ,
ਮੈਨੂੰ ਢੁਕਿਆ ਪਟਵਾਰੀ।
ਟੰਗਣੇ ਤੇ ਟੰਗਣਾ,
ਗਜ਼ ਫੁਲਕਾਰੀ।
ਦੇਖੋ ਮੇਰੇ ਲੇਖ,
ਮੈਨੂੰ ਟੂੰਬਾਂ ਆਈਆਂ ਚਾਲੀ।
ਟੰਗਣੇ ਤੇ ਟੰਗਣਾ,
ਗਜ਼ ਫੁਲਕਾਰੀ।
ਦੇਖੋ ਮੇਰੇ ਲੇਖ,
ਮੇਰੀ ਚੱਲੇ ਮੁਖਤਿਆਰੀ।

ਘਰ ਆ ਪਤਾ ਲਗਦਾ ਹੈ ਕਿ ਪਟਵਾਰੀ ਦੀ ਖੱਟੀ ਤਾਂ ਕੁਝ ਵੀ ਨਹੀਂ ਹੋਂਦੀ। ਥੋੜ੍ਹੀ ਜਿਹੀ ਤਨਖਾਹ ਨਾਲ਼ ਗੁਜ਼ਾਰਾ ਮਸੀਂ ਟੁਰਦਾ ਹੈ। ਨੌਕਰੀ ਛੱਡਣ ਦੀ ਸਲਾਹ ਲੈਂਦਾ ਹੈ ਤਾਂ ਅੱਗੋਂ ਪਟਵਾਰੀ ਦੀ ਨਵੀਂ ਨਵੇਲੀ ਚੂੜੇ ਵਾਲੀ ਉਸ ਨੂੰ ਅਜਿਹਾ ਕਰਨ ਤੋਂ ਵਰਜਦੀ ਹੈ: -

ਟਿੱਕਾ ਸਰਕਾਰੋਂ ਘੜਿਆ
ਜੜਤੀ ਤੇ ਰੁਠੜਾ ਨਾ ਜਾਈਂ
ਵੇ ਪਟਵਾਰੀ ਮੁੰਡਿਆ
ਜਹਿਲਮ ਦੀ ਨੌਕਰੀ ਨਾ ਜਾਈਂ
ਵੇ ਪਟਵਾਰੀ ਮੁੰਡਿਆ
ਜਿਹਲਮ ਦੇ ਹਾਕਮ ਕਰੜੇ
ਜਿਹਲਮ ਦੇ ਨਾਜਰ ਕਰੜੇ
ਵੇ ਪਟਵਾਰੀ ਮੁੰਡਿਆ
ਜਿਹਲਮ ਦੀ ਨੌਕਰੀ ਨਾ ਜਾਈਂ ਵੇ

ਪਿੰਡ ਦਾ ਬੱਚਾ ਬੱਚਾ ਜਾਣਦਾ ਹੈ ਕਿ ਪਟਵਾਰੀ ਇਕ ਦੂਜੇ ਦੀ ਜ਼ਮੀਨ ਦੂਜੇ ਦੇ ਨਾਂ ਵੀ ਲਾ ਦੇਂਦੇ ਹਨ। ਦੋ ਅਲਬੇਲੇ ਦਿਲ ਆਪਣੇ ਰਾਂਗਲੇ ਦਿਲਾਂ ਦਾ ਸੌਦਾ ਕਰਦੇ ਹਨ-ਪਟਵਾਰੀ ਨੂੰ ਨਾਂ ਲਿਖਣ ਲਈ ਆਖਿਆ ਜਾਂਦਾ ਹੈ: -

ਵੇ ਤੂੰ ਜਿੰਦ ਪਟਵਾਰੀਆ ਮੇਰੀ
ਮਾਹੀਏ ਦੇ ਨਾਂ ਲਿਖਦੇ।

ਜਾਂ ਕੋਈ ਮਾਹੀਆ ਗਾ ਕੇ ਆਖਦਾ ਹੈ: -

ਕੋਠੇ ਤੋਂ ਉਡ ਕਾਵਾਂ

ਸਦ ਪਟਵਾਰੀ ਨੂੰ
ਜਿੰਦ ਮਾਹੀਏ ਦੇ ਨਾਂ ਲਾਵਾਂ

ਕੋਈ ਅਲ੍ਹੜ ਜਵਾਨੀ ਗਿੱਧੇ ਵਿੱਚ ਪਟਵਾਰੀ ਦੇ ਵਸਣ ਲਈ ਬੋਲੀਆਂ ਦਾ ਬੰਗਲਾ ਪਾਉਂਦੀ ਏ:-

ਬੋਲੀਆਂ ਦਾ ਪਾਵਾਂ ਬੰਗਲਾ
ਜਿੱਥੇ ਵਸਿਆ ਕਰੇ ਪਟਵਾਰੀ

ਕਿਸੇ ਦੀ ਲਟਬੌਰੀ ਚਾਲ ਪਟਵਾਰੀ ਨੂੰ ਕੀਲ ਲੈਂਦੀ ਹੈ:-

ਤੇਰੀ ਚਾਲ ਨੇ ਪਟਿਆ ਪਟਵਾਰੀ
ਲੱਡੂਆਂ ਨੇ ਤੂੰ ਪਟਤੀ

ਮੁੰਡਾ ਪਟਿਆ ਨਵਾਂ ਪਟਵਾਰੀ
ਅੱਖਾਂ ਵਿੱਚ ਪਾ ਕੇ ਸੁਰਮਾ

ਕੋਈ ਹੋਰ ਅਲਬੇਲੀ ਆਪਣੇ ਮਾਹੀਏ ਕੋਲ ਕਾਗਜ਼ਾਂ ਦੀ ਗਠੜੀ ਵੇਖ ਪੁੱਛ ਲੈਂਦੀ ਹੈ: -

ਵੇ ਕਿਹੜੇ ਪਿੰਡ ਦਾ ਬਣਿਆਂ ਪਟਵਾਰੀ
ਕਾਗਜ਼ਾਂ ਦੀ ਬੰਨ੍ਹੀ ਗਠੜੀ

ਤੇ ਜਟ ਵੀ ਪਟਵਾਰੀ ਦੀ ਪਟਵਾਰਨ ਦੀ ਲਟ ਲਟ ਜਗਦੀ ਅਖ ਵੇਖ ਕੇ ਦਿਲੀ ਉਬਾਲ ਕਢਣੋਂ ਨਹੀਂ ਝਿਜਕਦੇ:-

ਅੱਖ ਪਟਵਾਰਨ ਦੀ
ਜਿਉਂ ਇਲ੍ਹ ਦੇ ਆਹਲਣੇ ਆਂਡਾ।

ਗਲਤ ਕਮਾਈ ਜਾਂ ਜੱਟਾਂ ਪਾਸੋਂ ਲਈ ਰਿਸ਼ਵਤ ਨਾਲ਼ ਖ਼ਰੀਦੀ ਪਟਵਾਰੀ ਦੀ ਗਾਂ ਚੋਰੀ ਹੋ ਜਾਂਦੀ ਹੈ। ਕਈਆਂ ਨੂੰ ਖ਼ੁਸ਼ੀਆਂ ਚੜ੍ਹਦੀਆਂ ਹਨ। ਠਾਣੇਦਾਰ ਆਉਂਦਾ ਹੈ ਤੇ ਫਿਰ ਅਗੋਂ.....

ਰੜਕੇ ਰੜਕੇ ਰੜਕੇ
ਗਾਂ ਪਟਵਾਰੀ ਦੀ,
ਲੈ ਗੇ ਚੋਰੜੇ ਫੜਕੇ।
ਅੱਧਿਆਂ ਨੂੰ ਚਾਅ ਚੜ੍ਹਿਆ,
ਅੱਧੇ ਰੋਂਦੇ ਮੱਥੇ ਤੇ ਹੱਥ ਧਰਕੇ।
ਮੁੰਡਾ ਪਟਵਾਰੀ ਦਾ,
ਬਹਿ ਗਿਆ ਕਿਤਾਬਾਂ ਫੜਕੇ।
ਝਾਂਜਰ ਪਤਲੋ ਦੀ -
ਠਾਣੇਦਾਰ ਦੇ ਚੁਬਾਰੇ ਵਿੱਚ ਖੜਕੇ

ਦਾਰੂ ਪੀਣਿਆਂ ਦੇ -
ਹਿੱਕ ਤੇ ਗੰਡਾਸੀ ਖੜਕੇ

***ਥਾਣੇਦਾਰ***

ਥਾਣੇਦਾਰ ਦਾ ਵੀ ਲੋਕ-ਗੀਤਾਂ ਵਿੱਚ ਕਾਫੀ ਵਰਨਣ ਹੈ। ਹਰ ਪੰਜਾਬਣ ਆਪਣੇ ਵੀਰੇ ਨੂੰ ਠਾਣੇਦਾਰ ਦਾ ਜਮਾਈ ਸਮਝਦੀ ਹੈ: -

ਵੀਰ ਮੇਰਾ ਨੀ ਜਮਾਈ ਠਾਣੇਦਾਰ ਦਾ
ਸੰਮਾਂ ਵਾਲੀ ਡਾਂਗ ਰਖਦਾ

ਤੇ ਵੀਰ ਦੇ ਪਜਾਮੇਂ ਦਾ ਭੁਲੇਖਾ: -

ਵੀਰ ਲੰਘਿਆ ਪਜਾਮਾ ਪਾਕੇ
ਲੋਕਾਂ ਭਾਣੇਂ ਠਾਣਾ ਲੰਘਿਆ

ਤੇ ਹੋਰ: -

ਕੁਰਸੀ ਮੇਰੇ ਵੀਰ ਦੀ
ਠਾਣੇਦਾਰ ਦੇ ਬਰੋਬਰ ਡਹਿੰਦੀ

ਤੇ ਵੀਰੇ ਦੀ ਘੋੜੀ: -

ਡੱਬੀ ਘੋੜੀ ਮੇਰੇ ਵੀਰ ਦੀ
ਠਾਣੇਦਾਰ ਦੇ ਤਬੇਲੇ ਬੋਲੇ

ਤੇ ਵੀਰੇ ਦੀ ਡੱਬੀ ਕੁੱਤੀ: -

ਡੱਬੀ ਕੁਤੀ ਮੇਰੇ ਵੀਰ ਦੀ
ਠਾਣੇਦਾਰ ਦੀ ਕੁੜੀ ਨੂੰ ਚੱਕ ਲਿਆਵੇ

ਤੇ ਜੇ ਕੋਈ ਠਾਣੇਦਾਰ ਦੀ ਸਾਲੀ ਹੋਵੇ ਤਾਂ ਉਹ ਕਿਸੇ ਦੀ ਪਰਵਾਹ ਨਹੀਂ ਕਰਦੀ: -

ਵੇ ਮੈਂ ਠਾਣੇਦਾਰ ਦੀ ਸਾਲੀ

ਕੈਦ ਕਰਾ ਦੂੰਗੀ

ਕਿਸੇ ਪਿੰਡ ਆਇਆ ਹੋਇਆ ਠਾਣੇਦਾਰ ਲੱਸੀ ਦੀ ਮੰਗ ਪਾਉਂਦਾ ਹੈ। ਅੱਗੋਂ ਕੋਈ ਤਨਜ਼ੀਆ ਬੋਲੀ ਮਾਰਦੀ ਹੈ: -

ਠਾਣੇਦਾਰ ਨੇ ਲੱਸੀ ਦੀ ਮੰਗ ਪਾਈ
ਚੂਹੀਆਂ ਦੁਧ ਦਿੰਦੀਆਂ

ਤਫ਼ਤੀਸ਼ ਤੇ ਆਏ ਹੋਏ ਠਾਣੇਦਾਰ ਨੂੰ ਚੁਕੱਨਾ ਵੀ ਕੀਤਾ ਜਾਂਦਾ ਹੈ: -

ਤੀਲੀ ਲੌਂਗ ਦਾ ਮੁਕੱਦਮਾ ਭਾਰੀ
ਵੇ ਠਾਣੇਦਾਰਾ ਸੋਚਕੇ ਕਰੀਂ

ਇਕ ਬੋਲੀ ਵਿੱਚ ਠਾਣੇਦਾਰ ਤੇ ਦਰੋਗੇ ਦੇ ਝਗੜੇ ਦਾ ਵੀ ਜ਼ਿਕਰ ਆਉਂਦਾ ਹੈ: -

ਰੜਕੇਂ ਰੜਕੇ ਰੜਕੇ
ਢਲਵੀਂ ਜਹੀ ਗੁੱਤ ਵਾਲੀਏ
ਤੇਰੇ ਲੈ ਗੇ ਜੀਤ ਨੂੰ ਫੜਕੇ
ਵਿੱਚ ਕਤਵਾਲੀ ਦੇ
ਥਾਣੇਦਾਰ ਤੇ ਦਰੋਗਾ ਲੜਪੇ
ਮੂਹਰੇ ਮੂਹਰੇ ਠਾਣਾ ਭੱਜਿਆ
ਮਗਰੇ ਦਰੋਗਾ ਖੜਕੇ
ਸ਼ੀਸ਼ਾ ਮਿੱਤਰਾਂ ਦਾ
ਦੇਖ ਲੈ ਪੱਟਾਂ ਤੇ ਧਰਕੇ

ਮੇਲਿਆਂ ਵਿੱਚ ਥਾਣੇਦਾਰਾਂ ਨਾਲ਼ ਆਮ ਝੜੱਪਾਂ ਹੋ ਜਾਂਦੀਆਂ ਹਨ। ਛਪਾਰ ਦੇ ਮੇਲੇ ਵਿੱਚ ਥਾਣੇਦਾਰ ਦੀ ਆਓ ਭਗਤ ਦਾ ਵਰਨਣ ਇਸ ਪਰਕਾਰ ਆਉਂਦਾ ਹੈ: -

ਆਰੀ ਆਰੀ ਆਰੀ
ਮੇਲਾ ਛਪਾਰ ਲਗਦਾ
ਜਿਹੜਾ ਲਗਦਾ ਜਰਗ ਤੋਂ ਭਾਰੀ
ਕਠ ਮੁਸ਼ਟੰਡਿਆਂ ਦੇ
ਓਥੇ ਬੋਤਲਾਂ ਮੰਗਾਲੀਆਂ ਚਾਲੀ
ਤਿਨ ਸੇਰ ਸੋਨਾ ਚੁਕਿਆ
ਭਾਨ ਲੁਟ ਲੀ ਹੱਟੀ ਦੀ ਸਾਰੀ

ਰਤਨ ਸਿੰਘ ਕੁਕੜਾਂ ਦਾ
ਜੀਹਦੇ ਚਲਦੇ ਮੁਕੱਦਮੇਂ ਭਾਰੀ
ਥਾਣੇਦਾਰਾ ਚੜ੍ਹ ਘੋੜੀ
ਤੇਰਾ ਯਾਰ ਕੁਟਿਆ ਪਟਵਾਰੀ
ਥਾਣੇਦਾਰ ਤਿੰਨ ਚੜ੍ਹਗੇ
ਨਾਲੇ ਪੁਲਸ ਚੜ੍ਹੀ ਸੀ ਸਾਰੀ
ਇਸ਼ੂ ਧੂਰੀ ਦਾ
ਜਿਹੜਾ ਡਾਂਗ ਬਹਾਦਰ ਭਾਰੀ
ਮੰਗੂ ਖੇੜੀ ਦਾ
ਜੀਹਨੇ ਪੁੱਠੇ ਹੱਥ ਦੀ ਗੰਡਾਸੀ ਮਾਰੀ
ਠਾਣੇਦਾਰ ਐਂ ਡਿਗਿਆ
ਜਿਵੇਂ ਹਲ ਤੋਂ ਡਿਗੇ ਪੰਜਾਲੀ
ਕਾਹਨੂੰ ਛੇੜੀ ਸੀ –
ਨਾਗਾਂ ਦੀ ਪਟਿਆਰੀ

ਥਾਣੇਦਾਰ ਤੇ ਡਿਪਟੀ ਦੀਆਂ ਲੰਬੀਆਂ ਤਰੀਕਾਂ ਤੋਂ ਅੱਕੇ ਹੋਏ ਗੱਭਰੂ ਵੰਗਾਰ ਉਠਦੇ ਹਨ: –

ਧਾਵੇ ਧਾਵੇ ਧਾਵੇ
ਡੱਬਾ ਕੁੱਤਾ ਮਿੱਤਰਾਂ ਦਾ
ਠਾਣੇਦਾਰ ਦੀ ਕੁੜੀ ਨੂੰ ਚੱਕ ਲਿਆਵੇ
ਭੈਣ ਚੱਕੇ ਡਿਪਟੀ ਦੀ
ਜਿਹੜਾ ਲੰਬੀਆਂ ਤਰੀਕਾਂ ਪਾਵੇ
ਰਾਹ ਸੰਗਰੂਰਾਂ ਦੇ
ਕੱਚੀ ਮਲਮਲ ਉਡਦੀ ਜਾਵੇ
ਉਡਦੀ ਮਲਮਲ ਤੇ
ਤੋਤਾ ਝਪਟ ਚਲਾਵੇ
ਮੇਲੋ ਦਾ ਯਾਰ ਯਾਰੋ
ਰੁਸ ਕੇ ਚੀਨ ਨੂੰ ਜਾਵੇ
ਖੂਹ ਵਿਚੋਂ ਬੋਲ ਪੂਰਨਾਂ
ਤੈਨੂੰ ਗੋਰਖ ਨਾਥ ਬੁਲਾਵੇ

*ਸ਼ਿਸ਼ਨ ਜੱਜ*

ਜੱਜ ਨਾਲ਼ ਕਿਸਾਨਾਂ ਦਾ ਸਿਰਫ਼ ਮੁਕਦਮਿਆਂ ਦੇ ਕਾਰਨ ਹੀ ਵਾਹ ਪੈਂਦਾ ਹੈ। ਕਿਸੇ ਦਾ ਰਾਂਗਲਾ ਫਸ ਜਾਂਦਾ ਹੈ ਤਾਂ ਵਿਚਾਰੀ ਜੱਜ ਅੱਗੇ ਹੱਥ ਬੰਨ੍ਹਦੀ ਹੈ:-

ਹੱਥ ਬਨ੍ਹਦੀ ਸ਼ਿਸ਼ਨ ਜੱਜ ਮੂਹਰੇ
ਭਗਤੇ ਨੂੰ ਕੈਦੋਂ ਛਡਦੇ

ਲੰਬੀਆਂ ਤਰੀਕਾਂ ਤੋਂ ਅੱਕੇ ਹੋਏ ਗੱਭਰੂਆਂ ਦੀ ਜੱਜ ਦੀ ਕੁੜੀ ਚੁੱਕਣ ਦੀ ਤਜਵੀਜ਼: –

ਚੱਕੋ ਸਹੁਰੇ ਜੱਜ ਦੀ ਕੁੜੀ
ਜਿਹੜਾ ਲੰਬੀਆਂ ਤਰੀਕਾਂ ਪਾਵੇ

*ਵਕੀਲ*

ਹਰ ਮੁਕੱਦਮੇਂ ਵਿੱਚ ਵਕੀਲ ਦੀ ਲੋੜ ਪੈਂਦੀ ਹੈ। ਏਸ ਲਈ ਵਕੀਲ ਨੂੰ ਵੀ ਸਰਕਾਰੀ ਪਾਤਰਾਂ ਵਿੱਚ ਮਿਥਿਆ ਜਾ ਸਕਦਾ ਹੈ। ਵਕੀਲ ਦੋਸ਼ੀ ਨੂੰ ਛਡਾਉਣ ਵਿੱਚ ਸਹਾਇਤਾ ਕਰਦਾ ਹੈ ਤਦੇ ਤਾਂ ਗੋਰੀ ਆਪਣੇ ਮਾਹੀ ਨੂੰ ਛਡਾਉਣ ਲਈ ਦਿਲ ਦਰਿਆ ਬਣ ਬੱਗਾ ਘੋੜਾ ਦੇਣਾ ਮੰਨਦੀ ਹੈ: –

ਬੱਗਾ ਘੋੜਾ ਵੇ ਵਕੀਲਾ ਤੈਨੂੰ
ਪਹਿਲੀ ਪੇਸ਼ੀ ਯਾਰ ਛੁਟ ਜੇ

ਇਸ਼ਕ ਦੇ ਝਗੜੇ ਵਿੱਚ ਤਾਂ ਵਕੀਲ ਦੀ ਲੋੜ ਨਹੀਂ ਭਾਸਦੀ: –

ਛਜ ਭਰਿਆ ਤੀਲਾਂ ਦਾ
ਆਪਾਂ ਦੋਵੇਂ ਝਗੜਾਂਗੇ
ਕੋਈ ਰਾਹ ਨੀ ਵਕੀਲਾਂ ਦਾ

ਮੁਕੱਦਮੇਂ ਬਾਜ਼ੀ ਵਿੱਚ ਰੱਜੇ ਪੁੱਜੇ ਘਰ ਤਬਾਹ ਹੋ ਜਾਂਦੇ ਹਨ। ਵਕੀਲ ਕੋਠੀਆਂ ਉਸਾਰ ਲੈਂਦੇ ਹਨ ਤਦੇ ਤਾਂ ਕਿਸੇ ਸਿਆਣੇ ਨੇ ਕਿਸਾਨ ਨੂੰ ਸਮਝਾਇਆ ਹੈ: –

ਤੇਰੀ ਹਾੜ੍ਹੀ ਨੂੰ ਵਕੀਲਾਂ ਖਾਧਾ
ਸੌਣੀ ਤੇਰੀ ਸ਼ਾਹਾਂ ਲੁਟ ਲੀ

## *ਬਾਬੇ ਨੇ ਮੱਕਾ ਫੇਰਿਆ*

ਪੰਜਾਬ ਦੇ ਲੋਕ ਗੀਤਾਂ ਵਿੱਚ ਭਾਂਤ ਭਾਂਤ ਦੇ ਵਿਸ਼ੇ ਮਿਲਦੇ ਹਨ। ਪਿਆਰ ਦਾ ਵਿਸ਼ਾ ਤਾਂ ਖ਼ੈਰ ਗੀਤਾਂ ਵਿੱਚ ਹੋਣਾ ਹੀ ਹੋਇਆ। ਇਸ ਤੋਂ ਬਿਨਾ ਵਿਛੋੜੇ, ਉਡੀਕਾਂ, ਅਨਜੋੜ ਪਤੀ, ਸੱਸ, ਦਿਓਰ, ਸਹੁਰਾ, ਜੇਠ, ਵੀਰ, ਮਾਂ, ਚਰਖਾ, ਕਸੀਦਾ, ਵਾਹੀ ਜੋਤੀ ਸੈਂਕੜੇ ਵਿਸ਼ੇ ਹਨ ਇਨ੍ਹਾਂ ਗੀਤਾਂ ਦੇ। ਧਰਮ ਨੂੰ ਵੀ ਇਨ੍ਹਾਂ ਗੀਤਾਂ ਵਿੱਚ ਪਿਛੇ ਨਹੀਂ ਛਡਿਆ ਗਿਆ। ਅੱਲਾ ਦੇ ਨਾਂ ਨਾਲ਼ ਕਈ ਬੋਲੀਆਂ ਅਰੰਭ ਹੁੰਦੀਆਂ ਹਨ ਤੇ ਉਨ੍ਹਾਂ ਵਿੱਚ ਸਾਰਿਆਂ ਨੂੰ ਫ਼ਤਿਹ ਬੁਲਾਈ ਜਾਂਦੀ ਹੈ। ਵਖ ਵਖ ਧਾਰਮਕ ਪਾਤਰਾਂ ਦਾ ਵਰਨਣ ਲੋਕ ਗੀਤਾਂ ਵਿੱਚ ਇਉਂ ਆਉਂਦਾ ਹੈ।

### *ਪ੍ਰਮਾਤਮਾ*

ਦੁਨੀਆਂ 'ਚ ਬਹੁਤ ਥੋੜੇ ਲੋਕੀ ਹੀ ਹੋਣਗੇ ਜਿਹੜੇ ਪ੍ਰਮਾਤਮਾ ਦੀ ਹੋਂਦ ਤੋਂ ਮੁਨਕਰ ਹੋਣ। ਭਾਰਤ ਵਿੱਚ ਤਾਂ ਬਹੁ-ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜਿਹੜੇ ਰੱਬ ਦੀ ਹੋਂਦ ਵਿੱਚ ਹੀ ਵਿਸ਼ਵਾਸ਼ ਨਹੀਂ ਕਰਦੇ ਸਗੋਂ ਸ਼ਰਧਾ ਨਾਲ਼ ਪੂਜਦੇ ਵੀ ਹਨ। ਪੰਜਾਬ ਦੇ ਲੋਕ ਗੀਤਾਂ ਵਿੱਚ ਪ੍ਰਮਾਤਮਾ ਲਈ ਸ਼ਰਧਾ ਤੇ ਸਤਿਕਾਰ ਕੁਟ ਕੁਟ ਕੇ ਭਰਿਆ ਪਿਆ ਹੈ: -

ਅੱਲਾ ਵਾਹਿਗੁਰੂ ਖ਼ੁਦਾ ਦਾ ਨਾਮ ਇਕ ਹੈ
ਭਰਮਾ 'ਚ ਪੈਗੀ ਦੁਨੀਆਂ

ਪਿੰਗਲਾ ਪਹਾੜ ਚੜ੍ਹ ਜਾਵੇ
ਕਿਰਪਾ ਜੇ ਹੋਵੇ ਤੇਰੀ ਦਾਤਾ ਜੀ

ਰੋਟੀ ਦਿੰਦਾ ਹੈ ਪੱਥਰ ਵਿੱਚ ਕੀੜੇ ਨੂੰ
ਤੈਨੂੰ ਕਿਉਂ ਨਾ ਦੇਵੇ ਬੰਦਿਆ

ਢੇਰੀਆਂ ਮੈਂ ਸਭੇ ਢਾਹਕੇ

ਇਕ ਰਖ ਲੀ ਦਾਤਾ ਜੀ ਤੇਰੇ ਨਾਮ ਦੀ

ਤੇਰੇ ਨਾਮ ਦਾ ਆਸਰਾ ਭਾਰੀ
ਸੱਚਿਆ ਜੀ ਸਾਹਿਬਾ

ਤੇਰੇ ਦਰ ਤੋਂ ਬਿਨਾਂ ਨਾ ਦਰ ਕੋਈ
ਕੀਹਦੇ ਦੁਆਰੇ ਜਾਵਾਂ ਵਾਹਿਗੁਰੂ

ਝੋਲੀ ਅੱਡ ਕੇ ਦੁਆਰੇ ਤੇਰੇ ਆ ਗਿਆ
ਖੈਰ ਪਾਵੋ ਬੰਦਗੀ ਦਾ

ਜਿਥੇ ਮਨ ਡੋਲਦਾ ਦਿਸੇ
ਓਥੇ ਦੇ ਲਈਏ ਨਾਮ ਦਾ ਹੋੜਾ

ਤੇਰੇ ਨਾਮ ਬਿਨਾ ਨਾ ਗਤ ਹੋਵੇ
ਆਸਰਾ ਤੇਰੇ ਚਰਨਾਂ ਦਾ

ਜੂਠੇ ਬੇਰ ਭੀਲਣੀ ਦੇ ਖਾ ਕੇ
ਭਗਤਾਂ ਦੇ ਵਸ ਹੋ ਗਿਆ

*ਭਗਤ ਕਬੀਰ -*

ਭਗਤ ਕਬੀਰ ਜੀ ਹੋਰਾਂ ਨੇ ਪੰਜਾਬੀ ਜੀਵਨ ਵਿੱਚ ਇਤਨੀ ਵਿਸ਼ੇਸ਼ ਥਾਂ ਬਣਾ ਲਈ ਹੈ ਕਿ ਕਈ ਭੱਦਰ ਪੁਰਸ਼ ਆਪਣੇ ਕਥਨਾਂ ਦੀ ਪੁਸ਼ਟੀ ਕਰਨ ਲਈ ਕਬੀਰ ਜੀ ਦਾ ਨਾਂ ਲੈਂਦੇ ਹਨ। ਕਬੀਰ ਜੀ ਦਾ ਲੋਕ-ਗੀਤਾਂ ਵਿੱਚ ਵਰਨਣ ਹੋਣਾ ਕੁਦਰਤੀ ਹੀ ਹੈ।

ਖੜੀ ਰੋਵੇ ਕਬੀਰਾ ਤੇਰੀ ਮਾਈ
ਤਾਣਾ ਮੇਰਾ ਕੌਣ ਤਣੂ।

ਜਾਤ ਦਾ ਜੁਲਾਹਾ
ਲਾਹਾ ਨਾਮ ਵਾਲਾ ਲੈ ਗਿਆ।

*ਨਾਮ ਦੇਵ ਤੇ ਧੰਨਾ -*

ਨਾਮ ਦੇਵ ਜ਼ਾਤ ਦਾ ਛੀਂਬਾ ਤੇ ਧੰਨਾ ਜਟ ਸੀ। ਇਨ੍ਹਾਂ ਬਾਰੇ ਪੰਜਾਬੀ ਲੋਕ-ਸਾਹਿਤ ਵਿੱਚ ਕਈ ਲੋਕ ਕਹਾਣੀਆਂ ਮਿਲਦੀਆਂ ਹਨ। ਇਨ੍ਹਾਂ ਦੋਨਾਂ ਨੂੰ ਧੁਰ

ਅਪੜੇ ਹੋਏ ਭਗਤ ਸਮਝਿਆ ਜਾਂਦਾ ਹੈ।

ਨਾਮ ਦੇਵ ਦੀ ਬਣਾਈ ਬਾਬਾ ਛਪਰੀ
ਧੰਨੇ ਦੀਆਂ ਗਊਆਂ ਚਾਰੀਆਂ

ਰੱਬ ਫਿਰਦਾ ਧੰਨੇ ਦੇ ਖੁਰ ਵਢਦਾ
ਉਹਨੇ ਕਿਹੜਾ ਕੱਛ ਪਾਈ ਸੀ

***ਗੁਰੂ ਨਾਨਕ*** -

ਉਂਜ ਤੇ ਲੋਕ-ਕਹਾਣੀਆਂ ਵਿੱਚ ਗੁਰੂ ਨਾਨਕ ਦੀ ਆਪਣੀ ਖਾਸ ਥਾਂ ਹੈ, ਲੋਕ-ਗੀਤਾਂ ਵਿੱਚ ਆਪ ਦੀਆਂ ਕਰਾਮਾਤਾਂ ਦਾ ਵਧੇਰੇ ਵਰਨਣ ਕੀਤਾ ਜਾਂਦਾ ਹੈ: -

ਜਾਹਰੀ ਕਲਾ ਦਖਾਈ
ਬਾਬੇ ਨੇ ਮੱਕਾ ਫੇਰਿਆ

ਇਸ ਦੇ ਨਾਲ਼ ਹੀ ਆਪ ਜੀ ਨੂੰ ਅਤੇ ਮਰਦਾਨਾ ਜੀ ਨੂੰ ਭਗਤੀ ਦੀ ਸਭ ਤੋਂ ਉੱਚੀ ਪਦਵੀ ਦਿੱਤੀ ਗਈ ਹੈ: -

ਆਉਂਦੀ ਕੁੜੀਏ
ਚੱਕ ਲਿਆ ਬਾਜ਼ਾਰ ਵਿੱਚੋਂ ਕਾਨਾ
ਭਗਤੀ ਦੋ ਕਰ ਗਏ
ਗੁਰੂ ਨਾਨਕ ਤੇ ਮਰਦਾਨਾ

ਆਪਦੀ ਸੋਭਾ ਸੁਣਦੇ ਸੁਣਦੇ ਲੋਕੀ ਆਪ ਜੀ ਦੇ ਸ਼ਰਧਾਲੂ ਬਣਦੇ ਗਏ:-

ਮੈਂ ਸੋਭਾ ਸੁਣ ਕੇ ਆਇਆ
ਉੱਚਾ ਦਰ ਬਾਬੇ ਨਾਨਕ ਦਾ

***ਗੁਰੂ ਗੋਬਿੰਦ ਸਿੰਘ*** -

ਆਪ ਜੀ ਬਾਰੇ ਕਾਫੀ ਲੋਕ-ਗੀਤ ਮਿਲਦੇ ਹਨ ਜਿਨ੍ਹਾਂ ਨੂੰ ਆਪ ਦੇ ਜਨਮ ਦਿਹਾੜੇ ਅਤੇ ਸਿਖ ਰਹੁ-ਰੀਤਾਂ ਨਾਲ਼ ਹੋ ਰਹੇ ਵਿਆਹ ਸ਼ਾਦੀਆਂ ਤੇ ਬੜੀ ਸ਼ਰਧਾ ਨਾਲ਼ ਗਾਇਆ ਜਾਂਦਾ ਹੈ: -

ਨੀਲਾ ਘੋੜਾ ਬਾਂਕਾ ਜੋੜਾ
ਹੱਥ ਤੇ ਬਾਜ ਸਜਾਏ ਨੇ
ਚਲੋ ਸਿੰਘੋ ਚੱਲ ਦਰਸ਼ਨ ਕਰੀਏ
ਗੁਰੂ ਗੋਬਿੰਦ ਸਿੰਘ ਆਏ ਨੇ
ਜਨਮ ਜਿਨ੍ਹਾਂ ਦਾ ਪਟਨੇ ਸਾਹਿਬ ਦਾ

ਅਨੰਦਪੁਰ ਡੇਰੇ ਲਾਏ ਨੇ
ਪਿਤਾ ਜਿਨ੍ਹਾਂ ਦਾ ਤੇਗ਼ ਬਹਾਦਰ
ਮਾਤਾ ਗੁਜਰੀ ਜਾਏ ਨੇ
ਚਲੋ ਸਿੰਘੋ ਚਲ ਦਰਸ਼ਨ ਕਰੀਏ
ਗੁਰੂ ਗੋਬਿੰਦ ਸਿੰਘ ਆਏ ਨੇ

ਜਿਥੇ ਬੈਠਗੇ ਕਲਗੀਆਂ ਵਾਲੇ
ਧਰਤੀ ਨੂੰ ਭਾਗ ਲੱਗ ਗੇ

ਸਾਡੇ ਗੁਰਾਂ ਨੇ ਜਹਾਜ਼ ਬਣਾਇਆ
ਆ ਜਾਉ ਜਿਸ ਪਾਰ ਲੰਘਣਾ
ਚਲਦਾ ਹੈ ਬਿਨ ਬੰਬੇ
ਨਸੀਬਾਂ ਵਾਲੇ ਚੜ੍ਹ ਜਾਣਗੇ
ਰਹਿ ਜਾਣਗੇ ਨਕਰਮਣ ਬੰਦੇ

*ਗੁੱਗਾ ਜ਼ਾਹਰ ਪੀਰ* -

ਗੁੱਗੇ ਜ਼ਾਹਰ ਪੀਰ ਦੀ ਮਾਨਤਾ ਵੀ ਪੰਜਾਬ ਵਿੱਚ ਸ਼ਰਧਾ ਨਾਲ਼ ਕੀਤੀ ਜਾਂਦੀ ਹੈ। ਸਾਉਣ ਭਾਦੋਂ ਦੀ ਰੁਤੇ ਗੁੱਗੇ ਪੀਰ ਦੇ ਮੇਲੇ ਲਗਦੇ ਹਨ। ਪੰਜਾਬ ਦਾ ਸਭ ਤੋਂ ਵੱਡਾ ਤੇ ਮਸ਼ਹੂਰ ਮੇਲਾ 'ਛਪਾਰ ਦਾ ਮੇਲਾ' ਗੁੱਗੇ ਦਾ ਹੀ ਮੇਲਾ ਹੈ। ਜਦ ਕਿਸੇ ਨੂੰ ਸੱਪ ਡਸ ਜਾਂਦਾ ਹੈ ਤਾਂ ਗੁਗੇ ਪੀਰ ਨੂੰ ਧਿਆਇਆ ਜਾਂਦਾ ਹੈ।

ਪੂਰਾ ਸਵਾ ਮਹੀਨਾ ਗੁੱਗੇ ਦੇ ਭਗਤ ਗੁਗੇ ਦੇ ਗੀਤ ਗਾਉਂਦੇ ਰਹਿੰਦੇ ਹਨ।

ਪੱਲੇ ਮੇਰੇ ਛਲੀਆਂ
ਮੈਂ ਗੁੱਗਾ ਮਨਾਵਣ ਚਲੀਆਂ
ਜੀ ਮੈਂ ਵਾਰੀ ਗੁੱਗਾ ਜੀ

ਪਲੇ ਮੇਰੇ ਮਠੀਆਂ
ਮੈਂ ਗੁੱਗਾ ਮਨਾਵਣ ਨਠੀਆਂ
ਜੀ ਮੈਂ ਵਾਰੀ ਗੁੱਗਾ ਜੀ

ਰੋਹੀ ਵਾਲਿਆਂ ਗੁੱਗਿਆ ਵੇ
ਭਰਿਆ ਕਟੋਰਾ ਦੁਧ ਦਾ
ਮੇਰਾ ਗੁੱਗਾ ਮਾੜੀ ਵਿੱਚ ਕੁਦਦਾ

ਜੀ ਮੈਂ ਵਾਰੀ ਗੁੱਗਾ ਜੀ
ਛੱਨਾ ਭਰਿਆ ਮਾਹਾਂ ਦਾ
ਗੁੱਗਾ ਮਹਿਰਮ ਸਭਨਾਂ ਰਾਹਾਂ ਦਾ
ਜੀ ਮੈਂ ਵਾਰੀ ਗੁੱਗਾ ਜੀ

ਭਰਿਆ ਕਟੋਰਾ ਲੱਸੀ ਦਾ
ਮੇਰਾ ਗੁੱਗਾ ਮਾੜੀ ਵਿੱਚ ਦੱਸੀਦਾ
ਛੱਨਾ ਭਰਿਆ ਤੇਲ ਦਾ
ਮੇਰਾ ਗੁੱਗਾ ਮਾੜੀ ਵਿੱਚ ਖੇਲਦਾ
ਜੀ ਮੈਂ ਵਾਰੀ ਗੁੱਗਾ ਹੋ

*ਖੁਆਜਾ ਪੀਰ* -

ਜਲ ਦੀ ਮਾਨਤਾ ਪੁਰਾਣੇ ਸਮੇਂ ਤੋਂ ਹੀ ਹੁੰਦੀ ਆ ਰਹੀ ਹੈ। ਸਾਡੇ ਵੱਡੇ ਵਡੇਰੇ ਜਲ ਦੀ ਪੂਜਾ ਕਰਦੇ ਹੀ ਰਹੇ ਹਨ। ਹੁਣ ਜਦ ਵੀ ਕੋਈ ਖੂਹ ਪੁਟਿਆ ਜਾਂਦਾ ਹੈ ਤਾਂ ਸਾਰੇ ਪਿੰਡ ਦੇ ਨਿਆਣੇ, ਆਦਮੀ ਤੇ ਤੀਵੀਆਂ ਖੁਆਜੇ ਪੀਰ ਦੇ ਸ਼ਗਨ ਮਹਿਲ ਉਸਰਨ ਤੇ ਚੱਕ (ਕੜਾ) ਸੁਟਣ ਤੋਂ ਪਹਿਲਾਂ ਕਰਦੇ ਹਨ। ਖੁਸ਼ੀਆਂ ਤੇ ਗੀਤ - ਜਿਹੜੇ ਵਿਆਹ ਵੇਲੇ ਗਾਏ ਜਾਂਦੇ ਹਨ - ਇਥੇ ਵੀ ਗਾਏ ਜਾਂਦੇ ਹਨ। ਖੁਆਜੇ ਦੇ ਗੀਤ ਅਜ ਕਲ ਘਟ ਹੀ ਮਿਲਦੇ ਹਨ।

ਧੌਲੀਏ ਦਾਹੜੀਏ
ਚਿੱਟੀਏ ਪੱਗੇ ਨੀ
ਮੈਂ ਅਰਜ ਕਰੇਨੀਆਂ
ਖੁਆਜੇ ਦੇ ਅੱਗੇ ਨੀ
ਸੁੱਕੀਆਂ ਬੇਲਾਂ ਨੂੰ
ਫਲ ਜੇ ਲੱਗੇ ਨੀ

*ਮਾਤਾ ਰਾਣੀ* -

ਚੀਚਕ ਨੂੰ ਹੀ ਆਮ ਲੋਕੀ 'ਮਾਤਾ' ਆਖਦੇ ਹਨ। ਤੇ ਮਾਤਾ ਨੂੰ ਇਕ ਦੇਵੀ ਸਮਝ ਕੇ ਪੂਜਿਆ ਜਾਂਦਾ ਹੈ। ਮੰਗਲਵਾਰ ਨੂੰ ਮਾਤਾ ਦੇ ਥਾਨਾਂ ਦੀ (ਜਿਹੜੇ ਤਿੰਨ ਚਾਰ ਇਟਾਂ ਖੜੀਆਂ ਕਰਕੇ ਬਣਾਏ ਹੋਏ ਹੁੰਦੇ ਹਨ) ਪੂਜਾ ਤੇਲ ਦੇ ਗੁਲਗੁਲੇ ਚੜ੍ਹਾ ਕੇ ਕੀਤੀ ਜਾਂਦੀ ਹੈ। ਮੁਰਗੀਆਂ ਤੇ ਬੱਕਰਿਆਂ ਦੀਆਂ ਭੇਟਾਂ ਵੀ ਕੀਤੀਆਂ ਜਾਂਦੀਆਂ ਹਨ। ਫਰਵਰੀ ਮਾਰਚ ਵਿੱਚ 'ਕੁਰਾਲੀ' ਵਿਖੇ ਮਾਤਾ ਰਾਣੀ ਦਾ ਇਕ ਬੜਾ ਭਾਰੀ ਮੇਲਾ ਲਗਦਾ ਹੈ। ਪੂਜਾ ਸਮੇਂ ਹੇਠ ਲਿਖੇ ਗੀਤ ਵੀ ਗਾਏ ਜਾਂਦੇ ਹਨ:-

ਮਾਤਾ ਰਾਣੀਏ ਗੁਲਗੁਲੇ ਖਾਣੀਏ
ਬਾਲ ਬੱਚਾ ਰਾਜ਼ੀ ਰਖਣਾ।

ਮਾਤਾ ਰਾਣੀ ਦੇ ਦਰਬਾਰ
ਜਿਥੇ ਧਰੇ ਨਗਾਰੇ ਚਾਰ
ਚੌਹੀਂ ਕੂੰਟੀਂ ਤੇਰਾ ਰਾਜ
ਪਰਜਾ ਵਸੇ ਸੁਖਾਲੀ ਹੋ
ਮਾਤਾ ਰਾਣੀ ਦੇ ਦਰਬਾਰ
ਜਿਥੇ ਧਰੇ ਨਗਾਰੇ ਚਾਰ
ਚੌਹੀਂ ਕੂੰਟਾਂ ਤੇਰਾ ਰਾਜ
ਜੀ ਕੂੰਟਾਂ ਝੁਕ ਰਹੀਆਂ ਚਾਰੇ

ਮਾਤਾ ਰਾਣੀ ਨੂੰ ਪਰਸਣ ਮੈਂ ਚੱਲੀ
ਜੀ ਕੂੰਟਾਂ ਚਲੀਆਂ ਚਾਰੇ
ਜੀ ਜੱਗ ਚਲਿਆ ਸਾਰਾ
ਸੰਤਾਂ ਦੀਆਂ ਸੰਤਣੀਆਂ ਚੱਲੀਆਂ
ਜੀ ਬਾਹੀਂ ਚੂੜੇ ਛਣਕਣ
ਮਈਆ ਰਾਣੀ ਨੂੰ ਪਰਸਣ ਮੈਂ ਚੱਲੀ
ਜੀ ਜਗ ਚਲਿਆ ਸਾਰਾ
ਝੁਕ ਰਹੀਆਂ ਟਾਹਲੀਆਂ
ਜੀ ਕੂੰਟਾਂ ਝੁਕੀਆਂ ਚਾਰੇ

ਮਾਤਾ ਰਾਣੀ ਦੀਏ ਚਿੜੀਏ
ਚੰਬੇ ਵਾਂਗਰ ਖਿੜੀਏ
ਟਾਹਲੀ ਟਾਹਲੀ ਫਿਰੀਏ
ਤੂੰ ਦੇ ਨੀ ਮੁਰਾਦਾਂ ਮਿੱਠੀਆਂ
ਅਸੀਂ ਘਰਾਂ ਨੂੰ ਜੀ ਮੁੜੀਏ

*ਪੂਰਨ ਭਗਤ -*

ਸ਼ਾਇਦ ਹੀ ਕੋਈ ਪੰਜਾਬੀ ਹੋਵੇ ਜਿਹੜਾ ਪੂਰਨ ਭਗਤ ਦੇ ਜੀਵਨ ਤੋਂ ਵਾਕਿਫ਼ ਨਾ ਹੋਵੇ। ਪੂਰਨ ਭਗਤ ਨੂੰ ਪੰਜਾਬੀ ਬੜੀ ਸ਼ਰਧਾ ਨਾਲ਼ ਗਾਉਂਦੇ ਹਨ।

ਭਗਤੀ ਤੇਰੀ ਪੂਰਨਾ
ਕੱਚੇ ਧਾਗੇ ਦਾ ਸੰਗਲ ਬਣ ਜਾਵੇ

ਪੂਰਨ ਭਗਤ ਤੇ ਉਸ ਦੀ ਮਤਰੇਈ ਮਾਂ ਦਾ ਵਾਰਤਾਲਾਪ ਲੋਕ ਸੱਥਾਂ ਵਿੱਚ ਕਾਫ਼ੀ ਗਾਇਆ ਜਾਂਦਾ ਹੈ: -

ਵੇ ਮੈਂ ਬਾਗ ਲਵਾਵਾਂ ਪੂਰਨਾ
ਤੂੰ ਕਲੀਆਂ ਦੇ ਪੱਜ ਆ

ਕਲੀਆਂ ਦੇ ਪੱਜ ਨਾ ਆਵਾਂ
ਨੀ ਤੂੰ ਲਗਦੀ ਧਰਮ ਦੀ ਮਾਂ
ਨੀ ਅਕਲੋਂ ਸਮਝ ਸਿਆਣੀਏਂ

ਨਾ ਤੂੰ ਮੇਰੇ ਜਰਮਿਆ
ਵੇ ਨਾ ਮੈਂ ਗੋਦ ਖਲਾਇਆ
ਵੇ ਮੈਂ ਕਿਸ ਵਿਧ ਲਗਦੀ ਮਾਂ ਤੇਰੀ
ਵੇ ਸੋਹਣਿਆਂ ਪੂਰਨਾ ਵੇ

ਬਾਪ ਮੇਰੇ ਦੀ ਇਸਤਰੀ ਨੀ ਤੂੰ
ਇਸ ਵਿਧ ਲਗਦੀ ਮਾਂ ਮੇਰੀ
ਨੀ ਅਕਲੋਂ ਸਮਝ ਸਿਆਣੀਏਂ

ਵੇ ਮੈਂ ਖੂਹਾ ਲਵਾਵਾਂ ਪੂਰਨਾਂ
ਵੇ ਤੂੰ ਨ੍ਹਾਵਣ ਦੇ ਪੱਜ ਆ
ਵੇ ਸੋਹਣਿਆਂ ਪੂਰਨਾਂ ਵੇ

ਨ੍ਹਾਵਣ ਦੇ ਪੱਜ ਨਾ ਆਵਾਂ
ਨੀ ਤੂੰ ਲਗਦੀ ਧਰਮ ਦੀ ਮਾਂ ਮੇਰੀ
ਨੀ ਅਕਲੋਂ ਸਮਝ ਸਿਆਣੀਏਂ

ਵੇ ਨਾ ਤੂੰ ਮੇਰੇ ਜਰਮਿਆ
ਵੇ ਨਾ ਮੈਂ ਗੋਦ ਖਲਾਇਆ
ਵੇ ਮੈਂ ਕਿਸ ਵਿਧ ਲਗਦੀ ਮਾਂ ਤੇਰੀ
ਵੇ ਸੋਹਣਿਆਂ ਪੂਰਨਾਂ ਵੇ

*ਰਾਜਾ ਗੋਪੀ ਚੰਦ -*

ਪੰਜਾਬ ਦੀਆਂ ਲੋਕ ਕਹਾਣੀਆਂ ਵਿੱਚ ਵੀ ਰਾਜਾ ਗੋਪੀ ਚੰਦ ਦੇ ਰਾਜ ਕਾਜ ਛੱਡਣ ਅਤੇ ਜੋਗੀ ਬਨਣ ਦਾ ਵਰਨਣ ਆਉਂਦਾ ਹੈ। ਲੋਕ-ਗੀਤਾਂ ਵਿੱਚ ਵੀ ਰਾਜਾ ਗੋਪੀ ਚੰਦ ਦੀ ਆਪਣੀ ਥਾਂ ਹੈ: -

ਕਾਹਦਾ ਮਾਰਿਆ ਵੇ ਗੋਪੀ ਚੰਦਾ
ਬਣ ਗਿਆ ਵੇ ਜੋਗੀ
ਤੇਰੀ ਤਖ਼ਤ ਹਜ਼ਾਰੀ
ਭੁਲ ਗਿਆ ਬਾਦਸ਼ਾਹੀ ਵੇ
ਚੱਨਣ ਚੌਂਕੀ ਵੇ ਗੋਪੀ ਚੰਦਾ
ਤੇਰਾ ਸੋਨੇ ਦਾ ਗੜਵਾ
ਵੇ ਤੇਰੀ ਤਖ਼ਤ ਹਜ਼ਾਰੀ
ਭੁਲ ਗਿਆ ਬਾਦਸ਼ਾਹੀ ਵੇ
ਜਿਹੜੀ ਕਾਇਆ ਵੇ ਗੋਪੀ ਚੰਦਾ
ਚੱਨਣ ਮਲ ਨ੍ਹਾਂਵਦਾ ਸੀ
ਤੈਂ ਰੰਗ ਭਬੂਤੀ ਲਾਈ ਵੇ

ਕਨ ਪੜਵਾਏ ਨੀ ਮਾਤ੍ਹਾ
ਮੈਂ ਤਾਂ ਮੁੰਦਰਾਂ ਨੀ ਪਾਈਆਂ
ਮੈਂ ਤਾਂ ਦਰ ਦਰ ਅਲਖ ਜਗਾਈ ਨੀ
ਅਲਖ ਜਗਾਈ ਨੀ ਮਾਤਾ
ਸਾਡੇ ਮਹਿਲੀਂ ਨੀ ਆਈ
ਸਾਨੂੰ ਭਿਛਿਆ ਮਾਤਾ ਪਾਈਂ ਨੀ
ਸੁੱਚੇ ਮੋਤੀ ਵੇ ਗੋਪੀ ਚੰਦਾ
ਭਰ ਥਾਲ ਲਿਆਵਾਂ
ਤੈਨੂੰ ਭਿਛਿਆ ਮੈਂ ਪਾਵਾਂ
ਭੁਲ ਗਿਆ ਮੈਂ ਮਾਈ ਨੀ
ਇਹ ਤਾਂ ਮੋਤੀ ਨੀ ਮਾਤਾ
ਸਾਡੇ ਕੰਮ ਨਾ ਕੋਈ
ਸਾਨੂੰ ਸੱਚ ਦੀ ਭਿਛਿਆ
ਭਲੀਏ ਪਾਈਂ ਨੀ

ਕਾਇਆ ਤੇਰੀ ਵੇ ਗੋਪੀ ਚੰਦਾ
ਕਿਰਮ ਚਲਣ ਗੇ
ਜਿਹੜਾ ਰਾਣੀਆਂ ਨੂੰ ਕਹਿੰਦਾ
ਮਾਈ ਵੇ

*ਇਕ ਹੋਰ ਲੋਕ-ਗੀਤ ਹੈ: -*

ਗੋਪੀ ਚੰਦ ਨੇ ਫਕੀਰੀ ਲਾ ਲੀ
ਮੱਥੇ ਦੀਆਂ ਨਾ ਮਿੱਟੀਆਂ ਤਕਦੀਰਾਂ
ਨਾਲੇ ਘਰ ਘਰ ਅਲਖ ਜਗਾ ਲਈ
ਸ਼ੀਲਾ ਵਤੀ ਨੇ ਬੋਲ ਪਛਾਣਿਆਂ
ਭਰਕੇ ਮੋਤੀਆਂ ਦਾ ਥਾਲ ਵੀ ਲਿਆਈ
ਇਹ ਤਾਂ ਮੋਤੀ ਮਤਾ ਸਾਡੇ ਕੰਮ ਨਾ
ਸਾਨੂੰ ਭਿਛਿਆ ਤਾਂ ਪਾ ਦੇ ਮਾਈ
ਰੋਂਦੀਆਂ ਨੂੰ ਛਡ ਗਿਆ
ਕਲੇਜੇ ਤੀਰ ਗਡ ਗਿਆ
ਮੋਇਆਂ ਨੂੰ ਕਾਹਨੂੰ ਮਾਰਦੇਂ
ਦਿਲੋਂ ਕਿਉਂ ਵਿਸਾਰਦੇਂ
ਗੋਪੀ ਓ ਚੰਦ ਰਾਜਿਆ....

# ਦੇਸ ਪਿਆਰ ਦੇ ਲੋਕ ਗੀਤ

ਪੰਜਾਬ ਦੇ ਲੋਕ ਗੀਤਾਂ ਵਿੱਚ ਮਾਤ-ਭੂਮੀ ਦਾ ਮੋਹ ਕੱਚੇ ਦੁੱਧ ਦੀਆਂ ਧਾਰਾਂ ਵਾਂਗ ਖੁਸ਼ਬੂਆਂ ਵੰਡ ਰਿਹਾ ਹੈ। ਪੰਜਾਬੀ ਇਸ ਦੇ ਚੱਪੇ ਚੱਪੇ ਨੂੰ ਪਿਆਰ ਕਰਦੇ ਹਨ, ਜ਼ੱਰੇ ਜ਼ੱਰੇ ਨੂੰ ਹਿੱਕ ਨਾਲ਼ ਲਾਉਂਦੇ ਹਨ। ਲੋਕ ਗੀਤਾਂ ਵਿੱਚ ਪੰਜਾਬ ਦੇ ਰੁੱਖਾਂ, ਫ਼ਸਲਾਂ, ਰੁੱਤਾਂ, ਪਸ਼ੂਆਂ ਅਤੇ ਪੰਛੀਆਂ ਦਾ ਜ਼ਿਕਰ ਦੇਸ ਪ੍ਰੇਮ ਦੇ ਮੋਹ ਦੀ ਸਾਖੀ ਭਰਦਾ ਹੈ।

ਅਥਰਵ-ਵੇਦ ਦੇ ਰਿਸ਼ੀ ਕਵੀ ਦੇ ਇਕ ਸੂਤਕ ਦਾ ਭਾਵ ਹੈ:

"ਇਹ ਭੂਮੀ ਮਾਤਾ ਹੈ ਤੇ ਮੈਂ ਹਾਂ ਪ੍ਰਿਥਵੀ ਪੱਤਰ। ਪ੍ਰਿਥਵੀ ਮਾਤਾ ਨੂੰ ਪਰਣਾਮ, ਪ੍ਰਿਥਵੀ ਮਾਤਾ ਨੂੰ ਪਰਣਾਮ।" ਅਥਰਵ ਵੇਦ ਵਿੱਚ ਉਸ ਯੁੱਗ ਦੇ ਪੰਜਾਬ ਦੀ ਸੰਸਕ੍ਰਿਤੀ ਦਾ ਸਜੀਵ ਚਿਤਰ ਉਲੀਕਿਆ ਗਿਆ ਹੈ। "ਜਿਸ ਭੂਮੀ ਤੇ ਮਸਤ ਲੁਕਾਈ ਗਾਉਂਦੀ ਤੇ ਨੱਚਦੀ ਹੈ, ਜਿੱਥੇ ਗੱਭਰੂ ਪੁਰਸ਼ ਜੂਝਦੇ ਘੁਲਦੇ ਹਨ, ਜਿੱਥੇ ਯੁੱਧ ਦਾ ਨਗਾਰਾ ਵਜਦਾ ਹੈ, ਉਹ ਭੂਮੀ ਮੈਨੂੰ ਵੈਰੀਆਂ ਤੋਂ ਰਹਿਤ ਕਰ ਦੇਵੇ।" ਅਥਰਵ ਵੇਦ ਦੇ ਪ੍ਰਿਥਵੀ ਸੂਤਕ ਵਾਲੀ ਭਾਵਨਾ ਪੰਜਾਬੀ ਲੋਕ ਗੀਤਾਂ ਵਿੱਚ ਅੱਜ ਵੀ ਤੁਰ ਰਹੀ ਹੈ। ਧਰਤੀ ਨੂੰ ਪਰਣਾਮ ਕਰਨ ਦੀ ਪਰੰਪਰਾ ਦੀ ਸੁਰ ਸਾਡੇ ਗੀਤਾਂ ਵਿੱਚ ਉਭਰਦੀ ਹੈ:

ਧਰਤੀਏ ਪਿਆਰ ਕਰੇਂਦੀਏ, ਕਰ ਮਾਖਿਓਂ ਦੀ ਰੀਸ
ਕਣਕੋਂ ਕਣਕ ਵੰਡਾਈਏ, ਦੁਧੋਂ ਦੁਧ ਅਸੀਸ।
ਧਰਤੀਏ ਪਿਆਰ ਕਰੇਂਦੀਏ, ਤੇਰਾ ਮੱਥਾ ਨੂਰੋ ਨੂਰ
ਸਿਰ ਤੇ ਸੁਭਰ ਸੋਹੰਦਾ, ਘਗਰਾ ਹਰਾ ਕਚੂਰ
ਧਰਤੀਏ ਪਿਆਰ ਕਰੇਂਦੀਏ, ਛੰਦਾਂ ਵਿਚੋਂ ਛੰਦ
ਡਾਹ ਸੂਰਜ ਦਾ ਚਰਖੜਾ, ਰੁੱਤਾਂ ਕੱਢਣ ਤੰਦ।
ਧਰਤੀਏ ਪਿਆਰ ਕਰੇਂਦੀਏ, ਕੇਹੀ ਸੂਰਜ ਦੀ ਲੋਅ
ਆਦਿ ਜੁਗਾਦੀ ਸੱਚ ਦੀ, ਜਨਮ ਜਨਮ ਜੈ ਹੋ।

ਆਦਿ ਸੱਚ ਦੀ ਜੈ ਬੁਲਾਂਦੀ ਆਤਮਾ ਆਪਣੇ ਪਿੰਡ ਦੇ ਕਣ ਕਣ ਨੂੰ ਯਾਦ

ਕਰਦੀ ਹੋਈ ਆਪਣੇ ਮੋਹ ਦਾ ਪ੍ਰਗਟਾਵਾ ਕਰਦੀ ਹੈ: –

ਪਿਪਲਾ ਵੇ ਮੇਰੇ ਪਿੰਡ ਦਿਆ
ਤੇਰੀਆਂ ਠੰਢੀਆਂ ਛਾਵਾਂ।
ਢਾਬ ਤੇਰੀ ਦਾ ਗੰਧਲਾ ਪਾਣੀ
ਉਤੋਂ ਬੂਰ ਹਟਾਵਾਂ
ਸੱਭੇ ਸਹੇਲੀਆਂ ਸਹੁਰੇ ਗਈਆਂ
ਕਿਸ ਨੂੰ ਹਾਲ ਸੁਣਾਵਾਂ।
ਚਿੱਠੀਆਂ ਬਿਰੰਗ ਭੇਜਦਾ
ਕਿਹੜੀ ਛਾਉਣੀ ਲਵਾ ਲਿਆ ਨਾਵਾਂ।

ਅੰਗਰੇਜ਼ਾਂ ਦੀ ਫੌਜ ਵਿੱਚ ਭਰਤੀ ਹੋ ਰਹੇ ਆਪਣੇ ਗੱਭਰੂ ਨੂੰ ਪੰਜਾਬ ਦੀ ਮੁਟਿਆਰ ਹੋੜਦੀ ਹੈ:

ਜੇ ਮੁੰਡਿਆ ਸੀ ਭਰਤੀ ਹੋਣਾ
ਵਿਆਹ ਨਹੀਂ ਸੀ ਕਰਵਾਉਣਾ
ਤਿੰਨ ਤਿੰਨ ਵੇਲੇ ਕਰੌਣ ਪਰੇਟਾਂ
ਬਾਂਦਰ ਵਾਂਗ ਟਪਾਉਣਾ
ਮਾਰਨ ਗੋਲੇ ਸਿਟਣ ਮੂਧਾ
ਕੁੱਤਿਆਂ ਵਾਂਗ ਰੁਲਾਉਣਾ।
ਨੌਕਰ ਨਾ ਜਾਈਂ ਵੇ।
ਆਪਣਾ ਦੇਸ ਨੀ ਥਿਆਉਣਾ।

ਦੇਸ ਪਿਆਰ ਦੀ ਭਾਵਨਾ ਕਰਕੇ ਹੀ ਤਾਂ ਉਹ ਆਪਣੇ ਮਾਪਿਆਂ ਦਾ ਦੇਸ ਛੱਡ ਕੇ ਮੁਕਲਾਵੇ ਜਾਣ ਲਈ ਤਿਆਰ ਨਹੀਂ:

ਤਖ਼ਤ ਹਜ਼ਾਰਿਉਂ ਵੰਗਾਂ ਆਈਆਂ
ਬੜੇ ਸ਼ੌਂਕ ਨਾਲ ਪਾਵਾਂ
ਮਾਪਿਆਂ ਦਾ ਦੇਸ ਛੱਡ ਕੇ
ਮੈਂ ਕਿਵੇਂ ਮੁਕਲਾਵੇ ਜਾਵਾਂ।

ਪਰਦੇਸਾਂ ਵਿੱਚ ਖੱਟੀ ਕਰਨ ਗਏ ਗੱਭਰੂ ਨੂੰ ਉਹ ਗੋਰੀ ਹੀ ਆਖ ਸਕਦੀ ਹੈ ਜਿਸ ਦੇ ਰੋਮ ਰੋਮ ਵਿੱਚ ਦੇਸ ਪਿਆਰ ਰਮਿਆ ਹੋਵੇ:

ਵਤਨਾਂ ਦੀ ਵਾ ਭਖ ਲੈ

ਹੁਣ ਛਡਦੇ ਵਲੈਤ ਦਾ ਖਹਿੜਾ।

ਪੰਜਾਬ ਦੀਆਂ ਬਾਲੜੀਆਂ ਕਿਕਲੀ ਪਾਉਂਦੀਆਂ ਹੋਈਆਂ ਆਪਣੇ ਦੇਸ ਦੇ ਕਣ ਕਣ ਦੀ ਸੁੱਖ ਸੁਖਦੀਆਂ ਹਨ:

ਬਾਤ ਪਾਵਾਂ ਬਤੋਲੀ ਪਾਵਾਂ
ਬਾਤ ਨੂੰ ਲਾਵਾਂ ਕੁੰਡੇ
ਸਦਾ ਕੁੜੀ ਨੂੰ ਵਿਆਹੁਣ ਚੱਲੇ
ਚੌਂਹ ਕੂੰਟਾਂ ਦੇ ਮੁੰਡੇ
ਮੁੰਡਿਆਂ ਦੇ ਸਿਰ ਟੋਪੀਆਂ
ਜਿਊਣ ਸਾਡੀਆਂ ਝੋਟੀਆਂ।
ਝੋਟੀਆਂ ਦੇ ਸਿਰ ਘੱਗੇ
ਜਿਊਣ ਸਾਡੇ ਢੱਗੇ।
ਢਗਿਆਂ ਗਲ ਪੰਜਾਲੀ
ਜਿਊਣ ਸਾਡੇ ਹਾਲੀ।
ਹਾਲੀ ਦੇ ਪੈਰ ਜੁੱਤੀ
ਜੀਵੇ ਸਾਡੀ ਕੁੱਤੀ
ਕੁੱਤੀ ਦੇ ਨਿਕਲਿਆ ਫੋੜਾ
ਜੀਵੇ ਸਾਡਾ ਘੋੜਾ।
ਘੋੜੇ ਤੇ ਲਾਲ ਕਾਠੀ
ਜੀਵੇ ਸਾਡਾ ਹਾਥੀ
ਹਾਥੀ ਦੇ ਸਿਰ ਝਾਫੇ
ਜਿਊਣ ਸਾਡੇ ਮਾਪੇ।
ਮਾਪਿਆਂ ਨੇ ਦਿੱਤਾ ਖੇਸ
ਜੀਵੇ ਸਾਡਾ ਦੇਸ।

ਦੇਸ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਆਪਣਾ ਸਭ ਕੁਝ ਅਰਪਣ ਕਰ ਦਿੱਤਾ। 1914-15 ਵਿੱਚ ਗਦਰ ਪਾਰਟੀ ਨੇ ਬਰਤਾਨਵੀਂ ਰਾਜ ਨੂੰ ਖ਼ਤਮ ਕਰਨ ਲਈ ਇਕ ਇਨਕਲਾਬੀ ਹੱਲਾ ਬੋਲਿਆ। ਸੈਂਕੜੇ ਪੰਜਾਬੀ ਪੰਜਾਬ ਵਿੱਚ ਆ ਗਏ। ਕਾਮਾ ਗਾਟਾ ਮਾਰੂ ਜਹਾਜ਼ ਤੇ ਬਜ ਬਜ ਘਾਟ ਤੇ ਖ਼ੂਨ ਦੀ ਹੋਲੀ ਖੇਡੀ ਗਈ। ਪੰਜਾਬ ਵਿੱਚ ਮਾਰਸ਼ਲ ਲਾਅ ਲੱਗ ਗਿਆ। ਜਲ੍ਹਿਆਂਵਾਲੇ ਬਾਗ਼ ਵਿੱਚ ਹਜ਼ਾਰਾਂ ਪੰਜਾਬੀ ਅਜ਼ਾਦੀ ਲਈ ਝੂਜਦੇ ਅੰਗਰੇਜ਼ ਸਾਮਰਾਜ ਨੇ ਗੋਲੀਆਂ ਨਾਲ਼ ਉਡਾ ਦਿੱਤੇ। ਪੰਜਾਬ ਵਿੱਚ ਹੁਣ ਆਜ਼ਾਦੀ ਸੰਗਰਾਮ ਤੇਜ਼ੀ ਨਾਲ਼ ਸ਼ੁਰੂ ਹੋ ਗਿਆ। ਅਕਾਲੀ ਲਹਿਰ ਉਠੀ, ਨਾ-ਮਿਲਵਰਤਨ ਤੇ ਸੱਤਿਆ ਗ੍ਰਹਿ ਦੀਆਂ ਲਹਿਰਾਂ

ਚੱਲੀਆਂ, ਮੋਰਚੇ ਲੱਗੇ। ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਕਾਂਡ ਬਾਰੇ ਕਲਮ ਨੇ ਖ਼ੂਨ ਦੇ ਅੱਥਰੂ ਕੇਰੇ:

ਸਾਡਾ ਮਾਹੀ ਪਿਆਰੜਾ ਵਤਨ ਸਾਡਾ
ਜਿਨ੍ਹੂੰ ਕੀਤਾ ਏ ਕੈਦ ਫਰੰਗੀਆਂ ਨੇ।
ਜਿਹੜਾ ਲਵੇ ਅਜ਼ਾਦੀ ਦਾ ਨਾਂ ਮੂੰਹੋਂ
ਉਸ ਦੇ ਵਾਸਤੇ ਫਾਂਸੀਆਂ ਟੰਗੀਆਂ ਨੇ
ਜਲ੍ਹਿਆਂ ਵਾਲੇ ਬਾਗ਼ ਦੇ ਕਹਿਰ ਸੁਣਕੇ
ਨਾਦਰ ਸ਼ਾਹੀਆਂ ਵੀ ਵੇਖੋ ਕੰਬੀਆਂ ਨੇ।

ਭਗਤ ਸਿੰਘ, ਰਾਜ ਗੁਰੂ, ਸੁਖਦੇਵ ਦੀਆਂ ਕੁਰਬਾਨੀਆਂ ਨੇ ਏਸ ਅੰਦੋਲਨ ਨੂੰ ਹੋਰ ਤੇਜ਼ ਕੀਤਾ। ਬੱਚੇ ਬੱਚੇ ਦੀ ਜ਼ਬਾਨ ਤੇ ਇਹ ਬੋਲ ਗੂੰਜਣ ਲੱਗ ਪਏ:

ਘਰ ਘਰ ਪੁੱਤ ਜੰਮਦੇ
ਭਗਤ ਸਿੰਘ ਨੀਂ ਕਿਸੇ ਬਣ ਜਾਣਾ।
ਹੋਰ
ਤੇਰਾ ਰਾਜ ਨੀ ਫਰੰਗੀਆ ਰਹਿਣਾ
ਭਗਤ ਸਿੰਘ ਕੋਹ ਸੁੱਟਿਆ

ਪੰਜਾਬ ਦੀ ਲੋਕ ਆਤਮਾ ਫਰੰਗੀਆਂ ਨੂੰ ਘਿਰਣਾ ਕਰਨ ਲੱਗੀ:

ਭਰ ਕੇ ਲਿਆਈ ਮੈਂ ਟੋਕਰਾ ਅੰਬੀਆਂ ਦਾ
ਕਿੱਥੇ ਰੱਖਾਂ ਵੇ, ਕਿੱਥੇ ਰੱਖਾਂ ਵੇ
ਰਾਜ ਫਰੰਗੀਆਂ ਦਾ
ਕਿਥੇ ਰੱਖਾਂ ਵੇ।

ਮਹਾਤਮਾ ਗਾਂਧੀ ਵਲੋਂ ਚਲਾਈਆਂ ਸਤਿਆਗ੍ਰਹਿ ਲਹਿਰਾਂ ਦਾ ਪੰਜਾਬੀ ਮਨ ਤੇ ਕਾਫ਼ੀ ਅਸਰ ਹੋਇਆ। ਪਿੰਡਾਂ ਦੇ ਪਿੰਡ ਵੰਗਾਰਨ ਲੱਗੇ:

ਅਸੀਂ ਗੀਤ ਵਤਨ ਦੇ ਗਾਵਾਂਗੇ
ਸਭ ਝਗੜੇ ਹੋਰ ਮਿਟਾਵਾਂਗੇ।

ਤੇਰੇ ਬੰਬਾਂ ਨੂੰ ਚਲਣ ਨਹੀਂ ਦੇਣਾ
ਗਾਂਧੀ ਦੇ ਚਰਖੇ ਨੇ।
...
ਆਪ ਗਾਂਧੀ ਕੈਦ ਹੋ ਗਿਆ
ਸਾਨੂੰ ਦੇ ਗਿਆ ਖੱਦਰ ਦਾ ਬਾਣਾ।

ਇਕ ਗੀਤ ਵਿੱਚ ਗਾਂਧੀ ਜੀ ਨੂੰ ਸੂਰਜ ਨਾਲ਼ ਤੁਲਨਾ ਦਿੱਤੀ ਗਈ ਹੈ। ਸੱਚਮੁੱਚ ਗਾਂਧੀ ਜੀ ਇਕ ਸੂਰਜ ਹੀ ਸਨ ਜਿਨ੍ਹਾਂ ਸੰਸਾਰ ਨੂੰ ਅਮਨ ਸ਼ਾਂਤੀ ਅਤੇ ਅਹਿੰਸਾ ਦਾ ਚਾਨਣ ਬਖਸ਼ਿਆ। ਗੀਤ ਦੇ ਬੋਲ ਹਨ:

ਸਾਡੇ ਵਿਹੜੇ ਸੂਰਜ ਚੜ੍ਹਿਆ
ਸੂਰਜ ਵੇਖਣ ਆਓ ਗਾਂਧੀ
ਤੂੰ ਵੀ ਤਾਂ ਇਕ ਸੂਰਜ ਏਂ
ਸੂਰਜ ਵੇਖਣ ਆਓ ਗਾਂਧੀ।
ਕੀਕਣ ਆਵਾਂ ਭੋਲੀਏ, ਨੀ ਭੋਲੀਏ
ਮੈਨੂੰ ਕੰਮ ਹਜ਼ਾਰ
ਮੇਰੇ ਚਰਖੇ ਵਿਚੋਂ ਨਿਕਲਿਆ
ਇਕ ਲੰਮ ਸਲੰਮਾ ਤਾਰ
ਅੰਗਰੇਜ਼ ਕਹੇ ਮੈਂ ਜਾ ਰਿਹਾ
ਮੈਂ ਜਾ ਰਿਹਾ
ਗਾਂਧੀ ਆਖੇ ਬੇਲੀਆ
ਤੂੰ ਛੇਤੀ ਛੇਤੀ ਜਾ
ਅੰਗਰੇਜ਼ ਕਹੇ ਮੇਰੇ ਕੰਡਾ ਚੁੱਭਾ
ਕੰਡਾ ਚੁੱਭਾ
ਗਾਂਧੀ ਆਖੇ ਬੇਲੀਆ
ਦਸ ਕਿੱਥੇ ਚੁੱਭਾ
ਗਾਂਧੀ ਕੰਡਾ ਖਿੱਚ ਲਿਆ
ਅੰਗਰੇਜ਼ ਪੈ ਗਿਆ ਲੰਬੜੇ ਰਾਹ।

ਅੰਤ ਪੰਜਾਬ ਦੀ ਲੋਕ-ਆਤਮਾ ਗਾਂਧੀ ਜੀ ਦੀ ਜੈ ਬੁਲਾਂਦੀ ਹੈ:

ਚਿੱਟੀ ਚੁਆਨੀ ਚਾਂਦੀ ਦੀ
ਜੈ ਬੋਲੋ ਮਹਾਤਮਾ ਗਾਂਧੀ ਦੀ।

ਇੰਜ ਪੰਜਾਬ ਦੀ ਲੋਕ ਆਤਮਾ ਆਪਣੇ ਦੇਸ ਪ੍ਰਤੀ ਆਪਣੇ ਮੋਹ ਦਾ ਪ੍ਰਗਟਾਵਾ ਕਰਦੀ ਹੈ ਤੇ ਭਾਰਤ ਦੇ ਅਨੇਕਾਂ ਪ੍ਰਾਂਤਾਂ ਦੇ ਲੋਕਾਂ ਨਾਲ਼, ਬਿਨਾ ਕਿਸੇ ਵਿਤਕਰੇ ਦੇ, ਆਪਣੀ ਸੁਰ ਜੋੜਦੀ ਹੈ ਤੇ ਭਾਰਤ ਦੀ ਸਾਂਝੀ ਸੰਸਕ੍ਰਿਤੀ ਵਿੱਚ ਆਪਣੇ ਆਪ ਨੂੰ ਸਮੋ ਲੈਂਦੀ ਹੈ।

# *ਸ਼ਾਮ ਘਟਾਂ ਚੜ੍ਹ ਆਈਆਂ*

ਪੰਜਾਬ ਦੇ ਲੋਕ ਜੀਵਨ ਵਿੱਚ ਲੋਕ ਗੀਤ ਮਿਸ਼ਰੀ ਵਾਂਗ ਘੁਲੇ ਹੋਏ ਹਨ। ਇਹ ਪੰਜਾਬੀਆਂ ਦੇ ਅਰਮਾਨਾਂ ਦੀ ਤਰਜਮਾਨੀ ਕਰਦੇ ਹਨ। ਉਹਨਾਂ ਦੇ ਦੁਖ, ਸੁਖ, ਭਾਵਨਾਵਾਂ, ਪਿਆਰ, ਵਿਛੋੜਾ-ਸੰਜੋਗ ਇਹਨਾਂ ਗੀਤਾਂ ਵਿੱਚ ਓਤ ਪੋਤ ਹਨ। ਪੰਜਾਬ ਦੀਆਂ ਇਸਤਰੀਆਂ ਦਾ ਪੰਜਾਬੀ ਲੋਕ ਗੀਤਾਂ ਨੂੰ ਬਹੁਤ ਵੱਡਾ ਯੋਗਦਾਨ ਹੈ। ਸ਼ਾਇਦ ਹੀ ਜ਼ਿੰਦਗੀ ਦਾ ਕੋਈ ਅਜਿਹਾ ਪੱਖ ਹੋਵੇ ਜਿਸ ਬਾਰੇ ਇਹਨਾਂ ਨੇ ਗੀਤਾਂ ਦੀ ਸਿਰਜਣਾ ਨਾ ਕੀਤੀ ਹੋਵੇ। ਰੁੱਤਾਂ, ਤਿਉਹਾਰਾਂ ਅਤੇ ਸਮਾਜਿਕ ਰਿਸ਼ਤਿਆਂ ਬਾਰੇ ਇਹਨਾਂ ਬੜੇ ਪਿਆਰੇ ਅਤੇ ਮਨਮੋਹਕ ਲੋਕ ਗੀਤਾਂ ਦੀ ਰਚਨਾ ਕੀਤੀ ਹੈ।

ਪੰਜਾਬੀਆਂ ਲਈ ਸਾਉਣ ਦੇ ਮਹੀਨੇ ਦੀ ਵਿਸ਼ੇਸ਼ ਮਹੱਤਤਾ ਹੈ। ਜੇਠ ਹਾੜ ਦੀ ਅਤਿ ਦੀ ਗਰਮੀ ਅਤੇ ਲੂੰਹਦੀਆਂ ਲੋਆਂ ਮਗਰੋਂ ਸਾਉਣ ਮਹੀਨੇ ਦੀਆਂ ਠੰਢੀਆਂ ਠਾਰ ਅਤੇ ਮਹਿਕਦੀਆਂ ਹਵਾਵਾਂ ਸਾਰੇ ਵਾਤਾਵਰਣ ਨੂੰ ਰੁਮਾਂਚਕ ਬਣਾ ਦੇਂਦੀਆਂ ਹਨ। ਨਿੱਕੀ ਨਿੱਕੀ ਕਣੀ ਦਾ ਮੀਂਹ, ਸਾਉਣ ਦੇ ਸਰਾਟੇ ਅਤੇ ਸਾਉਣ ਦੀਆਂ ਝੜੀਆਂ ਪੰਜਾਬ ਦੇ ਸਾਂਸਕ੍ਰਿਤਕ ਜੀਵਨ ਵਿੱਚ ਅਨੂਠਾ ਰੰਗ ਭਰਦੀਆਂ ਹਨ। ਸਾਰਾ ਵਾਤਾਵਰਣ ਨਸ਼ਿਆ ਜਾਂਦਾ ਹੈ। ਧਰਤੀ ਮੌਲਦੀ ਹੈ-ਬਨਸਪਤੀ ਤੇ ਨਵਾਂ ਨਖਾਰ ਆਉਂਦਾ ਹੈ। ਬੱਦਲਾਂ ਨੂੰ ਵੇਖ ਕਿਧਰੇ ਮੋਰ ਪੈਲਾਂ ਪਾਉਂਦੇ ਹਨ, ਕਿਧਰੇ ਕੋਇਲਾਂ ਕੂਕਦੀਆਂ ਹਨ। ਬ੍ਰਿਹਣਾਂ ਵਿਛੋੜੇ ਦੇ ਬਾਣ ਸਹਿੰਦੀਆਂ ਹੋਈਆਂ ਆਪਣੇ ਦਿਲਾਂ ਦੇ ਮਹਿਰਮਾਂ ਨੂੰ ਯਾਦ ਕਰਦੀਆਂ ਹਨ। ਗੀਤ ਦੇ ਬੋਲ ਹਨ:

ਰਲ ਆਓ ਸਈਓ ਨੀ
ਸੱਭੇ ਤੀਆਂ ਖੇਡਣ ਜਾਈਏ
ਹੁਣ ਆ ਗਿਆ ਸਾਵਣ ਨੀ
ਪੀਂਘਾਂ ਪਿਪਲੀਂ ਜਾਕੇ ਪਾਈਏ
ਪਈ ਕੂ ਕੂ ਕਰਦੀ ਨੀ ਸਈਓ
ਕੋਇਲ ਹੰਝੂ ਡੋਲ੍ਹੇ

ਪਪੀਹਾ ਵੇਖੋ ਨੀ ਭੈੜਾ
ਪੀਆ ਪੀਆ ਬੋਲੇ
ਲੈ ਪੈਲਾਂ ਪਾਂਦੇ ਨੀ
ਬਾਗੀਂ ਮੋਰਾਂ ਸ਼ੋਰ ਮਚਾਇਆ
ਅਨੀ ਖਿੜ ਖਿੜ ਫੁੱਲਾਂ ਨੇ
ਸਾਨੂੰ ਮਾਹੀਆ ਯਾਦ ਕਰਾਇਆ
ਮੈਂ ਅਥਰੂ ਡੋਲ੍ਹਾਂ ਨੀ
ਕੋਈ ਸਾਰ ਨਾ ਲੈਂਦਾ ਮੇਰੀ
ਰਲ ਆਓ ਸਈਓ ਨੀ
ਸੱਭੇ ਤੀਆਂ ਖੇਡਣ ਜਾਈਏ

ਨਿੱਕੀ ਨਿੱਕੀ ਕਣੀ ਦਾ ਮੀਂਹ ਮੁਟਿਆਰਾਂ ਅੰਦਰ ਸੁੱਤੇ ਦਰਦ ਜਗਾ ਦੇਂਦਾ ਹੈ ਤੇ ਉਹ ਗਿੱਧਾ ਪਾਉਣ ਲਈ ਉਤਸੁਕ ਹੋ ਉਠਦੀਆਂ ਹਨ।

ਛਮ ਛਮ ਛਮ ਛਮ ਪੈਣ ਪੁਹਾਰਾਂ
ਬਿਜਲੀ ਦੇ ਰੰਗ ਨਿਆਰੇ
ਆਓ ਕੁੜੀਓ ਗਿੱਧਾ ਪਾਈਏ
ਸਾਨੂੰ ਸਾਉਣ ਸੈਨਤਾਂ ਮਾਰੇ

ਸਾਉਣ ਮਹੀਨੇ ਦੀਆਂ ਕਾਲੀਆਂ ਘਟਾਵਾਂ ਬ੍ਰਿਹੋਂ ਕੁੱਠੀ ਨੂੰ ਤੜਫ਼ਾ ਦੇਂਦੀਆਂ ਹਨ:

ਭਿਜ ਗਈ ਰੂਹ ਮਿੱਤਰਾ
ਸ਼ਾਮ ਘਟਾਂ ਚੜ੍ਹ ਆਈਆਂ

ਉਹ ਮਾਹੀ ਦਾ ਰਾਹ ਉਡੀਕਦੀ ਰਹਿੰਦੀ ਹੈ: -

ਬੱਦਲਾਂ ਨੂੰ ਵੇਖ ਰਹੀ
ਮੈਂ ਤੇਰਾ ਸੁਨੇਹਾ ਪਾਕੇ

ਉਹ ਤਾਂ ਕੋਇਲ ਨੂੰ ਆਪਣੇ ਹੱਥਾਂ ਤੇ ਚੋਗ ਚੁਗਾਉਣ ਲਈ ਤਿਆਰ ਹੈ:-

ਪ੍ਰੀਤਾਂ ਦੀ ਮੈਨੂੰ ਕਦਰ ਬਥੇਰੀ
ਲਾ ਕੇ ਤੋੜ ਨਿਭਾਵਾਂ
ਨੀ ਕੋਇਲੇ ਸਾਉਣ ਦੀਏ

ਤੈਨੂੰ ਹੱਥ ਤੇ ਚੋਗ ਚੁਗਾਵਾਂ

ਪੰਜਾਬੀ ਮੁਟਿਆਰਾਂ ਦਾ ਸਾਉਣ ਮਹੀਨੇ ਦਾ ਤਿਉਹਾਰ ਤੀਆਂ ਹੈ ਜਿਸ ਨੂੰ ਉਹ ਬੜੇ ਚਾਵਾਂ ਨਾਲ਼ ਉਡੀਕਦੀਆਂ ਹਨ। ਵਿਆਹੀਆਂ ਕੁੜੀਆਂ ਆਪਣੇ ਪੇਕਿਆਂ ਦੇ ਘਰ ਆਕੇ ਇਹ ਤਿਉਹਾਰ ਮਨਾਉਂਦੀਆਂ ਹਨ। ਇਹ ਤਿਉਹਾਰ ਸਾਉਣ ਦੇ ਪਿਛਲੇ ਪੱਖ ਵਿੱਚ ਮਨਾਇਆ ਜਾਂਦਾ ਹੈ। ਪਿੰਡੋਂ ਬਾਹਰ ਪਿਪਲਾਂ, ਬਰੋਟਿਆਂ ਤੇ ਕੁੜੀਆਂ ਪੀਂਘਾਂ ਝੂਟਦੀਆਂ ਹਨ ਨਾਲ਼ੇ ਗਿੱਧਾ ਪਾਉਂਦੀਆਂ ਹਨ। ਕੁਆਰੀਆਂ, ਵਿਆਹੀਆਂ ਅਤੇ ਪਿੰਡ ਦੀਆਂ ਪੇਕੀਂ ਨਾ ਗਈਆਂ ਮੁਟਿਆਰ ਨੂੰਹਾਂ ਇਸ ਵਿੱਚ ਸ਼ਾਮਲ ਹੁੰਦੀਆਂ ਹਨ। ਜਿਹੜੀਆਂ ਵਿਆਹੀਆਂ ਕੁੜੀਆਂ ਤੀਆਂ ਦੇ ਦਿਨਾਂ ਵਿੱਚ ਪੇਕੀਂ ਨਹੀਂ ਆ ਸਕਦੀਆਂ ਉਹਨਾਂ ਲਈ ਮਾਪੇ ਤੀਆਂ ਦਾ ਸੰਧਾਰਾ ਭੇਜਦੇ ਹਨ। ਸੰਧਾਰੇ ਵਿੱਚ ਸੂਟ ਅਤੇ ਕੁਝ ਮਠਿਆਈ ਹੁੰਦੀ ਹੈ। ਤੀਆਂ ਦੇ ਸੰਧਾਰੇ ਦਾ ਕੁੜੀਆਂ ਨੂੰ ਕਿੰਨਾ ਚਾਅ ਹੁੰਦਾ ਹੈ ਇਸ ਦੀ ਵਿਆਖਿਆ ਇਕ ਲੋਕ ਗੀਤ ਇਸ ਤਰ੍ਹਾਂ ਕਰਦਾ ਹੈ: -

ਭੇਜੀਂ ਨੀ ਅੰਮਾ ਰਾਣੀ ਸੂਹੜੇ
ਸੂਹਿਆਂ ਦੇ ਦਿਨ ਚਾਰ
ਸਾਵਣ ਆਇਆ

ਕਿੰਕੂ ਨੀ ਭੇਜਾਂ ਸੂਹੜੇ
ਪਿਉ ਤੇਰਾ ਪਰਦੇਸ
ਸਾਵਣ ਆਇਆ

ਲਿਖ ਲਿਖ ਭੇਜਾਂ ਬਾਬਲ ਚੀਰੀਆਂ
ਤੂੰ ਪਰਦੇਸਾਂ ਤੋਂ ਆ
ਸਾਵਣ ਆਇਆ

ਕਿਕੂੰ ਨੀ ਆਵਾਂ ਜਾਈਏ ਮੇਰੀਏ
ਨਦੀਆਂ ਨੇ ਲਿਆ ਨੀ ਉਛਾਲ
ਸਾਵਣ ਆਇਆ

ਪਾਵੋ ਵੇ ਮਲਾਹੋ ਬੇੜੀਆਂ
ਮੇਰਾ ਬਾਬਲ ਪਾਰ ਲੰਘਾਓ
ਸਾਵਣ ਆਇਆ

ਹੱਥ ਦੀ ਵੇ ਦੇਵਾਂ ਤੁਹਾਨੂੰ ਮੁੰਦਰੀ
ਗਲ ਦਾ ਨੌ ਲੱਖਾ ਹਾਰ
ਸਾਵਣ ਆਇਆ।

ਸੁਹਰੇ ਗਈ ਭੈਣ ਨੂੰ ਵੀਰ ਲੈਣ ਆਉਂਦਾ ਹੈ... ਸੱਸ-ਨਨਾਣ ਮੱਥੇ ਵਟ ਪਾ ਲੈਂਦੀਆਂ ਹਨ... ਉਹ ਵੀਰ ਪਾਸੋਂ ਬੜੇ ਚਾਅ ਨਾਲ਼ ਆਪਣੇ ਪੇਕੇ ਪਰਿਵਾਰ ਦੀ ਸੁਖ ਸਾਂਦ ਪੁੱਛਦੀ ਹੈ। ਗੀਤ ਦੇ ਬੋਲ ਹਨਃ -

ਸਾਵਣ ਆਇਆ ਨੀ ਸੱਸੀਏ
ਸਾਵਣ ਆਇਆ
ਇਕ ਤਾਂ ਆਇਆ ਮੇਰੀ ਅੰਮੀ ਦਾ ਜਾਇਆ
ਚੜ੍ਹਦੇ ਸਾਵਣ ਮੇਰਾ ਵੀਰ ਨੀ ਆਇਆ
ਆ ਜਾ ਵੇ ਵੀਰਾ
ਸੱਸ ਨਨਾਣ ਮੁਖ ਮੋੜਿਆ

ਆ ਜਾ ਵੀਰਾ ਚੜ੍ਹ ਉੱਚੀ ਅਟਾਰੀ
ਮੇਰੇ ਕਾਨ੍ਹ ਉਸਾਰੀ
ਦੇ ਜਾ ਵੀਰਾ ਮੇਰੀ ਮਾਂ ਦੇ ਸੁਨੇਹੜੇ
ਮਾਂ ਤਾਂ ਤੇਰੀ ਭੈਣੇਂ ਪਲੰਘੇ ਬਠਾਈ
ਪਲੰਘੋਂ ਪੀਹੜੇ ਬਠਾਈ
ਸਾਥ ਅਟੇਹਨ ਸੂਹੀ ਰੰਗਲੀ ਰਾਮ

ਆ ਵੇ ਵੀਰਾ ਚੜ੍ਹੀਏ ਉੱਚੀ ਅਟਾਰੀ
ਮੇਰੇ ਕਾਨ੍ਹ ਉਸਾਰੀ
ਦੇ ਜਾ ਮੇਰੀ ਭਾਬੋ ਦੇ ਸੁਨੇਹੜੇ ਰਾਮ
ਭਾਬੋ ਤਾਂ ਤੇਰੀ ਬੀਬੀ ਗੀਗੜਾ ਜਾਇਆ
ਨੀ ਤੇਰਾ ਭਤੀਜੜਾ ਜਾਇਆ
ਉਠਦੀ ਬਹਿੰਦੀ ਦਿੰਦੀ ਲੋਰੀਆਂ ਰਾਮ

ਆ ਵੇ ਵੀਰਾ ਚੜ੍ਹ ਉੱਚੀ ਅਟਾਰੀ
ਮੇਰੇ ਕਾਨ੍ਹ ਉਸਾਰੀ

ਮੇਰੀਆਂ ਸਈਆਂ ਦੇ ਦੇ ਵੇ ਸੁਨੇਹੜੇ ਰਾਮ
ਸਈਆਂ ਤੇਰੀਆਂ ਭੈਣੇ ਛੋਪ ਨੀ ਪਾਏ
ਵਿਹੜੀਂ ਚਰਖੇ ਨੀ ਡਾਹੇ
ਤੂੰ ਹੀ ਪ੍ਰਦੇਸਣ ਬੈਠੀ ਦੂਰ ਨੀ ਰਾਮ
ਚਲ ਵੇ ਵੀਰਾ ਚਲੀਏ ਮਾਂ ਦੇ ਕੋਲੇ
ਸਾਡੀਆਂ ਸਖੀਆਂ ਕੋਲੇ
ਚੁਕ ਭਤੀਜੜਾ ਲੋਰੀ ਦੇਵਾਂਗੀ ਰਾਮ

ਪ੍ਰਦੇਸਾਂ ਵਿੱਚ ਬੈਠੀ ਮੁਟਿਆਰ ਜਿਥੇ ਆਪਣੇ ਦੂਰ ਵਸੇਂਦੇ ਮਾਪਿਆਂ ਦੇ ਦਰਦ ਦਾ ਸਲ ਸਹਿੰਦੀ ਹੈ... ਉਥੇ ਪ੍ਰਦੇਸੀਂ ਖਟੀ ਕਰਨ ਗਏ ਆਪਣੇ ਮਾਹੀ ਨੂੰ ਯਾਦ ਕਰੇਂਦੀ ਨਹੀਂ ਥਕਦੀ। ਸਾਵਣ ਦੇ ਅਨੇਕਾਂ ਲੰਬੇ ਗੀਤ ਮਿਲਦੇ ਹਨ ਜਿਨ੍ਹਾਂ ਵਿੱਚ ਬ੍ਰਿਹੋਂ ਕੁੱਠੀ ਮੁਟਿਆਰ ਆਪਣੇ ਦਿਲੀ ਵਲਵਲੇ ਪ੍ਰਗਟਾਉਂਦੀ ਹੈ। ਬੜੇ ਦਰਦ ਨਾਲ਼ ਇਹ ਗੀਤ ਗਾਇਆ ਜਾਂਦਾ ਹੈ। ਸੁਣਨ ਵਾਲਿਆਂ ਦੀਆਂ ਅੱਖਾਂ ਸੇਜਲ ਹੋ ਜਾਂਦੀਆਂ ਹਨ:

ਕੂੰਜੇ ਨੀ ਕੀ ਸਰ ਨ੍ਹਾਉਂਨੀ ਏਂ
ਕੀ ਮਲ ਨ੍ਹਾਉਨੀ ਏਂ
ਕੀ ਪਛਤਾਉਨੀ ਏਂ
ਰਾਮ ਬਰੇਤੀਆਂ ਪੈ ਰਹੀਆਂ ਵੇ

ਬੀਬਾ ਵੇ ਕੀ ਮਲ ਨਾਉਨੀ ਆਂ
ਕੀ ਪਛਤਾਉਨੀ ਆਂ
ਰਾਮ ਬਰੇਤੀਆਂ ਪੈ ਰਹੀਆਂ ਵੇ

ਬੀਬਾ ਵੇ ਲੰਬਾ ਸੀ ਵਿਹੜਾ
ਵਿੱਚ ਨਿਮ ਨਸ਼ਾਨੀ
ਡਾਹ ਪੀਹੜਾ ਹੇਠ ਬੇਹਨੀਆਂ ਵੇ
ਬੀਬਾ ਵੇ ਰੰਗਲਾ ਸੀ ਚਰਖਾ
ਚਿੱਟੀਆਂ ਸੀ ਪੂਣੀਆਂ
ਤੰਦ ਹੁਲਾਰੇ ਦਾ ਪਾਉਨੀਆਂ ਵੇ

ਬੀਬਾ ਵੇ ਲਾਹ ਗਲੋਟਾ ਭਰ ਪਟਿਆਰੀ
ਹਟ ਪਸਾਰੀ ਦੀ ਜਾਨੀਆਂ ਵੇ
ਬੀਬਾ ਵੇ ਪਸਾਰੀ ਦਾ ਬੇਟੜਾ

ਜਾਤ ਪੁੱਛੇਂਦੜਾ ਵੇ
ਕੌਣ ਤੂੰ ਜਾਤ ਦੀ ਹੁੰਨੀ ਐਂ ਵੇ
ਬੀਬਾ ਵੇ ਨਾ ਮੈਂ ਬਾਹਮਣੀ
ਨਾ ਖਤਰੇਟੀ
ਹੀਰ ਰਾਂਝੇ ਦੀ ਸਦਾਉਨੀਆਂ ਵੇ
ਸੱਸੇ ਨੀ ਧੰਨ ਤੇਰਾ ਕਾਲਜਾ
ਧਨ ਤੇਰਾ ਹੀਆ
ਪੁੱਤ ਪ੍ਰਦੇਸਾਂ ਨੂੰ ਤੋਰਿਆ ਨੀ
ਨੂੰਹੇਂ ਨੀ ਜਲੇ ਬੁਝੇ ਕਾਲਜਾ
ਅੱਗ ਲੱਗੇ ਹੀਆ
ਪੁੱਤ ਖੱਟੀ ਨੂੰ ਤੋਰਿਆ ਨੀ
ਨਣਦੇ ਨੀ ਕਢ ਫੁਲਕਾਰੀਆਂ
ਪੱਲਿਆਂ ਵਾਲੀਆਂ ਨੀ
ਜੇ ਤੇਰਾ ਵੀਰਜ ਆਉਂਦਾ ਨੀ
ਭਾਬੋ ਨੀ ਕੱਢੀਆਂ ਫੁਲਕਾਰੀਆਂ
ਪੱਲਿਆਂ ਵਾਲੀਆਂ ਨੀ
ਵੀਰਨ ਨੇ ਮੋੜਾ ਨਾ ਪਾਇਆ ਨੀ
ਭਾਬੋ ਨੀ ਲਿਪ ਬਨੇਰਾ
ਝਾਕ ਚੁਫੇਰਾ ਨੀ
ਜੇ ਤੇਰਾ ਕੰਤ ਆਵੇ ਨੀ
ਨਣਦੇ ਲਿੱਪਿਆ ਬਨੇਰਾ
ਝਾਕਿਆ ਚੁਫੇਰਾ ਨੀ
ਤੇਰੇ ਵੀਰਨ ਮੋੜਾ ਪਾਇਆ ਨੀ
ਸੱਸੇ ਨੀ ਦੰਮਾਂ ਦੀਆਂ ਬੋਰੀਆਂ
ਹੱਡਾਂ ਦੀਆਂ ਢੇਰੀਆਂ
ਉਹ ਤੇਰੇ ਕਿਸ ਕੰਮ ਆਈਆਂ ਨੀ
ਕੂੰਜੇ ਨੀ ਕੀ ਸਰ ਨ੍ਹਾਉਨੀ ਏਂ
ਕੀ ਪਛਤਾਉਨੀ ਏਂ
ਰਾਮ ਬਰੇਤੀਆਂ ਪੈ ਰਹੀਆਂ ਵੇ

ਬ੍ਰਿਹਾ ਕੁੱਠੇ ਗੀਤਾਂ ਤੋਂ ਉਪਰੰਤ ਸਾਉਣ ਦੇ ਦਿਨਾਂ ਵਿੱਚ ਹਾਸੇ ਮਖੌਲਾਂ ਭਰੇ ਗੀਤ ਵੀ ਗਾਏ ਜਾਂਦੇ ਹਨ। ਰਲ਼ ਮਿਲ਼ ਕੇ ਸਾਰੀਆਂ ਕੁੜੀਆਂ ਪੀਂਘਾਂ ਝੂਟਦੀਆਂ

ਹਨ; ਗੋਰੇ ਗੋਰੇ ਹੱਥਾਂ ਤੇ ਮਹਿੰਦੀ ਲਾਉਂਦੀਆਂ ਹਨ, ਗੋਰੀਆਂ ਬਾਹਾਂ ਰਾਂਗਲੀਆਂ ਵੰਗਾਂ ਨਾਲ਼ ਸਜਾਉਂਦੀਆਂ ਹਨ। ਰੰਗ ਬਰੰਗੀਆਂ ਪੁਸ਼ਾਕਾਂ ਪਹਿਨੀ ਪੀਂਘਾਂ ਝੂਟਦੀਆਂ ਮੁਟਿਆਰਾਂ ਇਕ ਮਨਮੋਹਕ ਨਜ਼ਾਰਾ ਪੇਸ਼ ਕਰਦੀਆਂ ਹਨ:

ਆਇਆ ਸਾਵਣ ਦਿਲ ਪ੍ਰਚਾਵਣ
ਝੜੀ ਲਗ ਗਈ ਭਾਰੀ
ਝੂਟੇ ਲੈਂਦੀ ਮਰੀਆਂ ਭਿਜ ਗਈ
ਨਾਲੇ ਰਾਮ ਪਿਆਰੀ
ਕੁੜਤੀ ਹਰੋ ਦੀ ਭਿੱਜੀ ਵਰੀ ਦੀ
ਕਿਸ਼ਨੋਂ ਦੀ ਫੁਲਕਾਰੀ
ਹਰਨਾਮੀ ਦੀ ਸੁਥਣ ਭਿਜਗੀ
ਬਹੁਤੇ ਗੋਟੇ ਵਾਲੀ
ਜੰਨਤ ਦੀਆਂ ਭਿੱਜੀਆ ਮੇਢੀਆਂ
ਗਿਣਤੀ 'ਚ ਪੂਰੀਆਂ ਚਾਲੀ
ਪੀਂਘ ਝੂਟਦੀ ਸੱਸੀ ਡਿਗ ਪਈ
ਨਾਲ਼ੇ ਨੂਰੀ ਨਾਭੇ ਵਾਲੀ
ਸ਼ਾਮੋ ਕੁੜੀ ਦੀ ਝਾਂਜਰ ਗੁਆਚ ਗਈ
ਆ ਰੱਖੀ ਨੇ ਭਾਲੀ
ਭਿਜ ਗਈ ਲਾਜੋ ਵੇ
ਬਹੁਤੇ ਹਿਰਖਾਂ ਆਲੀ
ਸਾਉਣ ਦਿਆ ਬੱਦਲਾ ਵੇ
ਹੀਰ ਭਿਉਂਤੀ ਸਿਆਲਾਂ ਵਾਲੀ

ਗਿੱਧਾ ਪੰਜਾਬਣਾਂ ਦੇ ਰੋਮ ਰੋਮ ਵਿੱਚ ਸਮਾ ਚੁੱਕਾ ਹੈ। ਤੀਆਂ ਦਾ ਗਿੱਧਾ ਇਕ ਅਜਿਹਾ ਪਿੜ ਹੈ ਜਿੱਥੇ ਮੁਟਿਆਰਾਂ ਆਪਣੇ ਦਿਲਾਂ ਦੇ ਗੁਭ ਗੁਵਾੜ ਕਢਦੀਆਂ ਹਨ:

ਸਿਖਰ ਦੁਪਹਿਰੇ ਵੰਗਾਂ ਵਾਲਾ ਆਇਆ
ਹੋਕਾ ਦਿੰਦਾ ਸੁਣਾ, ਸ਼ਾਵਾ
ਸੱਸ ਨੂੰ ਵੀ ਆਖਦੀ
ਨਨਾਣ ਨੂੰ ਵੀ ਆਖਦੀ
ਵੰਗਾਂ ਦਿਓ ਨੀ ਚੜ੍ਹਾ, ਸ਼ਾਵਾ
ਸੱਸ ਵੀ ਨਾ ਬੋਲਦੀ
ਨਨਾਣ ਵੀ ਨਾ ਬੋਲਦੀ

ਆਪੇ ਲਈਆਂ ਮੈਂ ਚੜ੍ਹਾ, ਸ਼ਾਵਾ
ਢਲੇ ਪ੍ਰਛਾਵੇਂ ਚਰਖੜਾ ਡਾਹਿਆ
ਕੱਤਦੀ ਮੈਂ ਵੰਗਾਂ ਦੇ ਚਾਅ, ਸ਼ਾਵਾ
ਬਾਹਰੋਂ ਆਇਆ ਉਹ ਹਸਦਾ ਹਸਦਾ
ਭਾਬੀਆਂ ਨੇ ਦਿੱਤਾ ਸਿਖਾ, ਸ਼ਾਵਾ
ਫੜਕੇ ਸੋਟਾ ਕੁੱਟਣ ਲੱਗਾ
ਵੰਗਾਂ ਨੂੰ ਕੀਤਾ ਸਫਾ-ਸ਼ਾਵਾ
ਨੈਣ ਕਟੋਰੇ ਭਰ ਭਰ ਡੁਲ੍ਹਣ
ਨੀਰ ਨਾ ਥੰਮਿਆ ਜਾ-ਸ਼ਾਵਾ
ਵੰਗਾਂ ਦੇ ਮੈਂ ਟੋਟੇ ਚੁਗ ਚੁਗ
ਲਏ ਝੋਲੀ ਵਿੱਚ ਪਾ-ਸ਼ਾਵਾ
ਆਓ ਵੇ ਕਹਾਰੋ ਡੋਲਾ ਚੁਕ ਲਓ
ਪਓ ਪੇਕਿਆਂ ਦੇ ਰਾਹ-ਸ਼ਾਵਾ
ਘੋੜਾ ਪੀੜ ਕੇ ਮੋੜਨ ਭੱਜਾ
ਮਗਰੇ ਵਾਹੋ ਧਾ-ਸ਼ਾਵਾ
ਆਖੇ ਆਹ ਲੈ ਪੰਜ ਰੁਪਏ
ਵੰਗਾਂ ਹੋਰ ਚੜ੍ਹਾ-ਸ਼ਾਵਾ
ਪੰਜ ਵੀ ਨਾ ਲੈਣੇ
ਪੰਜਾਹ ਵੀ ਨਾ ਲੈਣੇ
ਤੂੰ ਭਾਬੋ ਦੀਆਂ ਪੱਕੀਆਂ ਖਾ, ਸ਼ਾਵਾ।

ਸਾਉਣ ਦਾ ਮਹੀਨਾ ਖ਼ਤਮ ਹੁੰਦੇ ਸਾਰ ਹੀ ਵਿਆਹੀਆਂ ਮੁਟਿਆਰਾਂ ਸਹੁਰੀਂ ਟੁਰ ਜਾਂਦੀਆਂ ਹਨ :-

ਭਾਦੋਂ ਕੜਕ ਚੜ੍ਹੀ
ਕੁੜੀਆਂ ਦੇ ਪੈਣ ਵਿਛੋੜੇ

ਸਾਉਣ ਕੁੜੀਆਂ ਦਾ ਮੇਲ ਕਰਾਉਂਦਾ ਹੈ ਇਸ ਲਈ ਉਹ ਉਸ ਨੂੰ ਆਪਣੇ ਵੀਰ ਜਿਹਾ ਸਨਮਾਨ ਦੇਂਦੀਆਂ ਹਨ:

ਸੌਣ ਵੀਰ ਕੁੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ

# ਸਾਂਝੀ ਦੇ ਗੀਤ

ਸਾਂਝੀ ਮਾਈ ਜਾਂ ਸਾਂਝੀ ਦੇਵੀ ਕੁੜੀਆਂ ਦਾ ਦੁਸਹਿਰੇ ਦੇ ਦਿਨਾਂ ਦਾ ਤਿਉਹਾਰ ਹੈ। ਇਹ ਅੱਸੂ ਦੇ ਪਹਿਲੇ ਨਰਾਤੇ ਤੋਂ ਸ਼ੁਰੂ ਹੋ ਕੇ ਦੁਸਹਿਰੇ ਵਾਲੇ ਦਿਨ ਤੱਕ ਮਨਾਇਆ ਜਾਂਦਾ ਹੈ। ਕਹਿੰਦੇ ਹਨ 'ਸਾਂਝੀ ਮਾਈ' ਇੱਕ ਕੁਆਰੀ ਦੇਵੀ ਹੈ। ਇਸ ਨੂੰ ਜੇਕਰ ਕੁਆਰੀਆਂ ਕੁੜੀਆਂ ਪੂਜਣ ਤਾਂ ਉਹਨਾਂ ਨੂੰ ਸੁਸ਼ੀਲ ਤੇ ਸੁਨੱਖੇ ਵਰ ਪ੍ਰਾਪਤ ਹੁੰਦੇ ਹਨ। ਨਿੱਕੀਆਂ ਤੇ ਵੱਡੀਆਂ ਕੁੜੀਆਂ ਸਾਂਝੀ ਮਾਈ ਪਾਸ ਕਈ ਸੁੱਖਾਂ ਸੁਖਦੀਆਂ ਹਨ-ਕੋਈ ਵੀਰ ਮੰਗਦੀ ਹੈ ਕੋਈ ਭਾਬੋ ਤੇ ਕੋਈ ਭਤੀਜਾ।

ਪਹਿਲੇ ਨਰਾਤੇ ਤੋਂ ਇੱਕ ਦੋ ਦਿਨ ਪਹਿਲਾਂ ਗਲੀ ਗੁਆਂਢ ਦੀਆਂ ਨਿੱਕੀਆਂ ਵੱਡੀਆਂ ਕੁੜੀਆਂ ਕੱਠੀਆਂ ਹੋ ਕੇ ਚੀਕਣੀ ਮਿੱਟੀ ਦੇ, ਸੈਂਕੜਿਆਂ ਦੀ ਗਿਣਤੀ ਵਿੱਚ ਚੰਦਉਏ ਜਾਂ ਤਾਰੇ ਬਣਾ ਕੇ ਧੁੱਪ ਵਿੱਚ ਸੁਕਾ ਲੈਂਦੀਆਂ ਹਨ। ਫੇਰ ਇਹਨਾਂ ਨੂੰ ਵੱਖੋ-ਵੱਖਰੇ ਰੰਗਾਂ ਨਾਲ਼ ਰੰਗਿਆ ਜਾਂਦਾ ਹੈ। ਤਾਰੇ ਅਥਵਾ ਟਿੱਕੀਆਂ ਤੋਂ ਬਿਨਾਂ ਕਈ ਸਿਆਣੀਆਂ-ਕੁੜੀਆਂ ਸਾਂਝੀ ਮਾਈ ਲਈ ਗਹਿਣੇ, ਨੱਥ ਮੱਛਲੀ, ਚੂੜਾ, ਸੱਗੀ ਫੁੱਲ, ਬਾਂਕਾਂ ਤੇ ਚੌਕ ਆਦਿ ਮਿੱਟੀ ਦੇ ਹੀ ਬਣਾਉਂਦੀਆਂ ਹਨ। ਮਿੱਟੀ ਦੇ ਹੀ ਭਾਂਡੇ, ਚੱਕਲਾ ਬੇਲਣਾ, ਤਵਾ, ਪਰਾਤ ਵੀ ਬਣਾਏ ਜਾਂਦੇ ਹਨ। ਕੋਈ ਜਣੀ ਚੰਦ ਸੂਰਜ ਤੇ ਤਾਰੇ ਆਦਿ ਬਣਾਉਂਦੀ ਹੈ, ਕੋਈ ਮੋਹਨ ਦੀ ਆਕ੍ਰਿਤੀ, ਕੋਈ ਬਾਹਮਣੀ ਦੀ ਮੂਰਤ ਬਣਾ ਲੈਂਦੀ ਹੈ, ਕੋਈ ਹੁੱਕਾ ਪੀਂਦੇ ਮਰਾਸੀ ਦੀ। ਇਹ ਮੂਰਤੀਆਂ ਬੜੀ ਰੀਝ ਨਾਲ਼ ਬਣਾਈਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਪੇਂਡੂ ਕੁੜੀਆਂ ਦੀ ਲੋਕ ਕਲਾ ਰੂਪਮਾਨ ਹੋ ਉਠਦੀ ਹੈ।

ਪਹਿਲੇ ਨਰਾਤੇ ਨੂੰ ਸਵੇਰੇ ਸਵੇਰੇ ਕੁੜੀਆਂ ਨਹਾ ਧੋ ਕੇ ਗੋਹੇ ਨਾਲ਼ ਲਿੱਪੀ ਕੰਧ ਉਤੇ ਗੋਹੇ ਨਾਲ਼ ਸਾਂਝੀ ਮਾਈ ਦੀ ਮੂਰਤੀ ਚਿਪਕਾਉਂਦੀਆਂ ਹਨ। ਮੂਰਤੀਆਂ ਨੂੰ ਸਜਾਉਣ ਵਿੱਚ ਕੁੜੀਆਂ ਆਪਣੀ ਲੋਕ ਪ੍ਰਤਿਭਾ ਦਾ ਚਮਤਕਾਰ ਵਖਾਉਂਦੀਆਂ ਹਨ। ਇਹ ਮੂਰਤੀ ਬੜੀ ਖ਼ੂਬਸੂਰਤ ਹੁੰਦੀ ਹੈ। ਇਸ ਨੂੰ ਮਿੱਟੀ ਦੇ ਗਹਿਣਿਆਂ ਨਾਲ਼ ਸ਼ਿੰਗਾਰਿਆ ਜਾਂਦਾ ਹੈ। ਇਸ ਮੂਰਤੀ ਦੇ ਪਛੋਕੜ ਵਿੱਚ ਚੜ੍ਹ ਰਹੇ ਚੰਦ ਅਤੇ ਛਿਪ ਰਹੇ ਸੂਰਜ ਨੂੰ ਵੀ ਮੂਰਤੀ ਮਾਨ ਕੀਤਾ ਜਾਂਦਾ ਹੈ। ਕੁੜੀਆਂ ਆਪਣੇ ਆਪਣੇ ਘਰਾਂ ਵਿੱਚ ਸਾਂਝੀ ਮਾਈ ਦੀ ਮੂਰਤੀ ਆਪਣੀ ਪ੍ਰਤਿਭਾ ਅਨੁਸਾਰ ਬਣਾਉਂਦੀਆਂ ਹਨ। ਹਰ ਕੁੜੀ ਚਾਹੁੰਦੀ ਹੈ ਕਿ ਉਹਦੀ ਸਾਂਝੀ ਦੂਜੀ ਕੁੜੀ ਦੀ ਸਾਂਝੀ ਨਾਲ਼ੋਂ

ਸੋਹਣੀ ਹੋਵੇ। ਇਹ ਜ਼ਰੂਰੀ ਨਹੀਂ ਕਿ ਸਾਂਝੀ ਇੱਕੋ ਪਰਕਾਰ ਦੀ ਹੋਵੇ ਕੁੜੀਆਂ ਆਪਣੀ ਆਪਣੀ ਸੂਝ ਅਤੇ ਕਲਪਨਾ ਅਨੁਸਾਰ ਇਸ ਦੀ ਮੂਰਤੀ ਬਣਾਉਂਦੀਆਂ ਹਨ। ਸਾਂਝੀ ਮਾਈ ਦੀਆਂ ਮੂਰਤੀਆਂ ਪੇਂਡੂ ਲੋਕ ਕਲਾ ਦਾ ਇੱਕ ਦਿਲਚਸਪ ਨਮੂਨਾ ਹੁੰਦੀਆਂ ਹਨ।

ਸਾਂਝੀ ਮਾਈ ਦੀ ਮੂਰਤੀ ਬਣਾਉਣ ਮਗਰੋਂ ਘਰਾਂ ਦੀਆਂ ਸੁਆਣੀਆਂ ਸਾਂਝੀ ਮਾਈ ਦਾ ਪ੍ਰਸ਼ਾਦ ਬਣਾਉਂਦੀਆਂ ਹਨ। ਇਹ ਪ੍ਰਸ਼ਾਦ ਆਮ ਤੌਰ ਤੇ ਆਟੇ ਨੂੰ ਭੁੰਨ ਕੇ ਵਿੱਚ ਗੁੜ ਸ਼ੱਕਰ ਰਲਾ ਕੇ ਤਿਆਰ ਕੀਤਾ ਜਾਂਦਾ ਹੈ ਜਿਸ ਨੂੰ ਸੁੱਕੀ ਪੰਜੀਰੀ ਆਖਦੇ ਹਨ। ਕਈ ਪੰਜੀਰੀ ਦੀ ਥਾਂ ਗੁੜ ਸ਼ੱਕਰ ਹੀ ਵੰਡ ਕੇ ਕੰਮ ਸਾਰ ਲੈਂਦੀਆਂ ਹਨ। ਸਰਦੇ ਪੁਜਦੇ ਘਰਾਂ 'ਚ ਘਿਓ ਵਾਲੀ ਵਧੀਆ ਪੰਜੀਰੀ ਤਿਆਰ ਕੀਤੀ ਜਾਂਦੀ ਹੈ।

ਸਾਂਝੀ ਮਾਈ ਦੀ ਪੂਜਾ ਬੜੇ ਦਿਲ ਖਿਚਵੇਂ ਢੰਗ ਨਾਲ਼ ਕੀਤੀ ਜਾਂਦੀ ਹੈ। ਘਰ ਘਰ ਸਾਂਝੀ ਮਾਈ ਲੱਗੀ ਹੁੰਦੀ ਹੈ! ਕੁੜੀਆਂ ਤੇ ਛੋਟੇ ਬੱਚੇ ਕੱਠੇ ਹੋ ਕੇ ਹਰ ਘਰ ਜਾਂਦੇ ਹਨ ਤੇ ਸਾਂਝੀ ਦੇ ਗੀਤ ਗਾਉਂਦੇ ਹੋਏ ਸਾਂਝੀ ਦੀ ਪੂਜਾ ਕਰਦੇ ਹਨ।

ਪਹਿਲੇ ਨਰਾਤੇ ਦੀ ਆਥਣ ਤੋਂ ਸਾਂਝੀ ਮਾਈ ਦੀ ਪੂਜਾ ਸ਼ੁਰੂ ਹੋ ਜਾਂਦੀ ਹੈ। ਘਿਓ ਦਾ ਚਮੁੱਖੀਆ ਦੀਵਾ ਬਾਲ ਕੇ ਕੁੜੀਆਂ ਸਾਂਝੀ ਦੇ ਮੰਤਰ ਵਜੋਂ ਇਹ ਗੀਤ ਆਰੰਭਦੀਆਂ ਹਨ:

ਉਠ ਮੇਰੀ ਸਾਂਝੀ ਪਟੜੇ ਖੋਹਲ
ਕੁੜੀਆਂ ਆਈਆਂ ਤੇਰੇ ਕੋਲ

ਫੇਰ ਅਗਲਾ ਗੀਤ ਸ਼ੁਰੂ ਹੁੰਦਾ ਹੈ: -

ਜਾਗ ਸਾਂਝੀ ਜਾਗ
ਤੇਰੇ ਮੱਥੇ ਆਇਆ ਭਾਗ
ਤੇਰੇ ਪੱਟੀਆਂ ਸੁਹਾਗ।

ਇਸ ਮਗਰੋਂ ਉਹ ਸਾਂਝੀ ਨੂੰ ਖੁਸ਼ ਕਰਨ ਲਈ ਸਾਂਝੀ ਦੇ ਗੀਤ ਗਾਉਂਦੀਆਂ ਹਨ:

ਸਾਂਝੀ ਕੁੜੀਓ ਪਹਾੜ ਵਸਦੀ
ਰਾਜੇ ਰਾਮ ਦੀ ਪੋਤੀ
ਲੈਣ ਕਿਉਂ ਨੀ ਜਾਂਦਾ
ਭਾਈ ਮੋਧਨਾ ਵੇ।

ਤੇਰੀ ਲੰਮੀ ਲੰਮੀ ਬੋਦੀ
ਬੋਦੀ ਨੂੰ ਲਗੜੇ ਫੂੰਦੇ
ਤੇਰੀ ਮਖਮਲ ਦੀ ਟੋਪੀ
ਜਾਂਗੀਆਂ ਸਮਾਦੇ ਰੇਸ਼ਮੀ
ਵਿੱਚ ਸੁਚੜੇ ਮੋਤੀ।

ਉਹ ਸਾਂਝੀ ਪਾਸੋਂ ਗਾਉਂਦੀਆਂ ਹੋਈਆਂ ਪੁੱਛਦੀਆ ਹਨ:

ਸਾਂਝੀ ਦੇ ਆਲ਼ੇ ਦੁਆਲੇ
ਹਰੀਓ ਚਲਾਈ
ਮੈਂ ਤੈਨੂੰ ਪੁੱਛਾਂ ਸਾਂਝੀ
ਕੈ ਤੇਰੇ ਭਾਈ
ਅੱਠ ਸੱਤ ਭਤੀਜੇ ਭੈਣੋ
ਸੋਲਾਂ ਮੇਰੇ ਭਾਈ
ਸੱਤਾਂ ਦਾ ਮੈਂ ਵਿਆਹ ਰਚਾਇਆ
ਸੋਲਾਂ ਦੀ ਵਧਾਈ
ਹੋਰ
ਸਾਂਝੀ ਦੇ ਆਲ਼ੇ ਦੁਆਲ਼ੇ
ਦੋ ਚਰਖੀਰੇ
ਜੱਗ ਜਿਉਣ ਨੀ ਭੈਣ ਤੇਰੇ ਵੀਰੇ
ਸਾਂਝੀ ਦੇ ਆਲ਼ੇ ਦੁਆਲ਼ੇ
ਦੋ ਚਾਰ ਕਾਨੇ
ਜੱਗ ਜਿਉਣ ਭੈਣੇ ਤੇਰੇ ਮਾਮੇ।

ਸੁੱਖਾਂ ਸੁਖਦੀ ਭੈਣ ਨੂੰ ਸਾਂਝੀ ਨੇ ਵੀਰ ਦੇ ਦਿੱਤਾ, ਭਾਬੋ ਦੇ ਦਿੱਤੀ। ਹੁਣ ਉਹ ਸਾਂਝੀ ਦੀ ਹਰ ਲੋੜ ਪੂਰੀ ਕਰਦੀ ਹੈ: -

ਸਾਂਝੀ ਤਾਂ ਮੰਗਦੀ
ਹਰਾ ਹਰਾ ਗੋਬਰ
ਮੈਂ ਕਿੱਥੋਂ ਲਿਆਵਾਂ ਸਾਂਝੀ
ਹਰਾ ਹਰਾ ਗੋਬਰ?

ਵੀਰਨ ਮੇਰਾ ਗਊਆਂ ਦਾ ਪਾਲੀ
ਮੈਂ ਉਥੋਂ ਲਿਆਵਾਂ ਸਾਂਝੀ
ਹਰਾ ਹਰਾ ਗੋਬਰ
ਤੂੰ ਲੈ ਮੇਰੀ ਸਾਂਝੀ
ਹਰਾ ਹਰਾ ਗੋਬਰ।

ਸਾਂਝੀ ਤਾਂ ਮੰਗਦੀ
ਚਿੱਟੇ ਚਿੱਟੇ ਚਾਵਲ,
ਮੈਂ ਕਿੱਥੋਂ ਲਿਆਵਾਂ ਸਾਂਝੀ
ਚਿੱਟੇ ਚਿੱਟੇ ਚਾਵਲ?

ਵੀਰਨ ਮੇਰਾ ਧਾਨਾਂ ਦੀ ਰਾਖੀ
ਮੈਂ ਉੱਥੋਂ ਲਿਆਵਾਂ ਸਾਂਝੀ
ਚਿੱਟੇ ਚਿੱਟੇ ਚਾਵਲ

ਸਾਂਝੀ ਤਾਂ ਮੰਗਦੀ
ਸੂਹੀਆਂ ਸੂਹੀਆਂ ਚੁੰਨੀਆਂ?
ਮੈਂ ਕਿੱਥੋਂ ਲਿਆਵਾਂ ਸਾਂਝੀ
ਸੂਹੀਆਂ ਸੂਹੀਆਂ ਚੁੰਨੀਆਂ?

ਵੀਰਨ ਮੇਰਾ ਲਲਾਰੀ ਦਾ ਬੇਲੀ
ਮੈਂ ਉਥੋਂ ਲਿਆਵਾਂ ਸਾਂਝੀ
ਸੂਹੀਆਂ ਸੂਹੀਆਂ ਚੁੰਨੀਆਂ
ਤੂੰ ਲੈ ਮੇਰੀ ਸਾਂਝੀ
ਸੂਹੀਆਂ ਸੂਹੀਆਂ ਚੁੰਨੀਆਂ

ਇਸ ਗੀਤ ਦਾ ਹੋਰ ਰੁਪਾਂਤਰ ਵੀ ਹੈ: -

ਸਾਂਝੀ ਤਾ ਮੰਗਦੀ ਚੌਲਾਂ ਦੀਆਂ ਪਿੰਨੀਆਂ,
ਕਿੱਥੋਂ ਲਿਆਵਾਂ ਨੀ ਮੈਂ ਚੌਲਾਂ ਦੀਆਂ ਪਿੰਨੀਆਂ
ਵੀਰਨ ਮੇਰਾ ਧਾਨਾਂ ਦਾ ਪਾਲੀ,
ਉੱਥੋਂ ਲਿਆਵਾਂ ਨੀ ਮੈਂ ਚੌਲਾਂ ਦੀਆਂ ਪਿੰਨੀਆਂ

ਸਾਂਝੀ ਤਾਂ ਮੰਗਦੀ ਗਿਰੀਆਂ ਛੁਹਾਰੇ,
ਕਿੱਥੋਂ ਲਿਆਵਾਂ ਨੀ ਮੈਂ ਗਿਰੀਆਂ ਛੁਹਾਰੇ?
ਵੀਰਨ ਮੇਰਾ ਸੌਦਾਗਰ ਨੀ ਸਹੀਓ
ਉੱਥੋਂ ਲਿਆਵਾਂ ਨੀ ਮੈਂ ਗਿਰੀਆਂ ਛੁਹਾਰੇ।

ਸਾਂਝੀ ਤਾਂ ਮੰਗਦੀ ਚੰਬੇਲੀ ਦੇ ਫੁੱਲ ਨੀ,
ਕਿੱਥੋਂ ਲਿਆਵਾਂ ਨੀ ਮੈਂ ਚੰਬੇਲੀ ਦੇ ਫੁੱਲ ਨੀ?
ਵੀਰਨ ਮੇਰਾ ਬਾਗਾਂ ਦਾ ਮਾਲੀ,
ਉੱਥੋਂ ਲਿਆਵਾਂ ਨੀ ਮੈਂ ਚੰਬੇਲੀ ਦੇ ਫੁੱਲ ਨੀ।
ਸਾਂਝੀ ਤਾਂ ਮੰਗਦੀ ਲਾਲਾਂ ਦੀਆਂ ਲੜੀਆਂ
ਕਿੱਥੋਂ ਲਿਆਵਾਂ ਨੀ ਮੈਂ ਲਾਲਾਂ ਦੀਆਂ ਲੜੀਆਂ?
ਵੀਰਨ ਮੇਰਾ ਜੌਹਰੀ ਦੀ ਹੱਟੀ,
ਉੱਥੋਂ ਲਿਆਵਾਂ ਨੀ ਮੈਂ ਲਾਲਾਂ ਦੀਆਂ ਲੜੀਆਂ।

ਸਾਂਝੀ ਤਾਂ ਮੰਗਦੀ ਮੋਤੀਆਂ ਦੀ ਮਾਲਾ।
ਕਿੱਥੋਂ ਲਿਆਵਾਂ ਨੀ ਮੈਂ ਮੋਤੀਆਂ ਦੀ ਮਾਲਾ?
ਵੀਰਨ ਮੇਰਾ ਮਹਿਲਾਂ ਦਾ ਰਾਜਾ
ਉਥੋਂ ਅਿਲਾਵਾਂ ਨੀ ਮੈਂ ਮੋਤੀਆਂ ਦੀ ਮਾਲਾ।

ਸਾਂਝੀ ਦੇ ਗੀਤ ਗਾਉਂਦੀ ਭੈਣ ਕਲਪਨਾਂ ਵਿੱਚ ਹੀ ਆਪਣੇ ਵੀਰੇ ਦਾ ਵਿਆਹ ਰਚਾ ਦਿੰਦੀ ਹੈ। ਨਵੇਂ ਵਿਆਹਿਆਂ ਨੂੰ ਸਹੁਰਿਆਂ ਦਾ ਚਾਅ ਹੁੰਦਾ ਹੀ ਹੈ। ਉਹ ਕਈ-ਕਈ ਦਿਨ ਸਹੁਰਿਆਂ ਤੋਂ ਨਹੀਂ ਮੁੜਦਾ। ਉਹ ਸਾਂਝੀ ਦਾ ਗੀਤ ਗਾਉਂਦੀ ਹੋਈ ਵੀਰੇ ਪਾਸੋਂ ਜਵਾਬ ਮੰਗਦੀ ਹੈ :

ਬਾਜਰੇ ਦਾ ਸਿੱਟਾ ਵੀਰਾ
ਝਿਲਮਿਲ ਝਿਲਮਿਲ ਕਰਦਾ ਸੀ
ਮੈਂ ਤੈਨੂੰ ਪੁੱਛਾਂ ਵੀਰਾ
ਸਹੁਰੜੇ ਕੀ ਕਰਦਾ ਸੀ
ਸਾਲੀਆਂ ਕਸੀਦਾ ਕੱਢਣ
ਮੈਂ ਵੀ ਪੋਥੀ ਪੜ੍ਹਦਾ ਸੀ
ਸਤ ਸਤ ਕੋਠੀਏਂ

ਕਤਾਬਾਂ ਬੀਬੀ ਰੱਖਦਾ ਸੀ
ਸੋਨੇ ਦੀ ਮੇਰੀ ਕਲਮ ਦਵਾਤ
ਚਾਂਦੀ ਲੇਖਾ ਕਰਦਾ ਸੀ
ਛੋਟੀ ਸਾਲੀ ਖਰੀਓ ਪਿਆਰੀ
ਚਿਲਮਾਂ ਭਰ ਭਰ ਦਿੰਦੀ ਸੀ
ਬੜੀ ਸਾਲੀ ਦਾ ਸੁਭਰ ਪਾਟਾ
ਅੰਦਰ ਬੜ ਬੜ ਰੋਂਦੀ ਸੀ
ਪੇਕਿਆਂ ਦਾ ਨਾਈ ਆਇਆ
ਕਿਉਂ ਬੀਬੀ ਤੂੰ ਰੋਨੀ ਏਂ
ਮਿਠੀਆਂ ਪਕਾ ਬੀਬੀ
ਫਿਕੀਆਂ ਪਕਾ ਬੀਬੀ
ਪੇਕਿਆਂ ਦੇ ਬਾੜੇ ਬੀਬੀ ਹੋ ਹੋ

ਸਾਂਝੀ ਮਾਈ ਨੇ ਭੈਣ ਨੂੰ ਭਾਬੋ ਦੇ ਦਿੱਤੀ, ਭਤੀਜਾ ਦੇ ਦਿੱਤਾ। ਹੁਣ ਉਹ ਕੰਮ ਭਲਾ ਕਿਵੇਂ ਕਰੇ-ਭਤੀਜੇ ਦਾ ਚਾਅ ਹੀ ਝੱਲਿਆ ਨਹੀਂ ਜਾਂਦਾ:

ਨੀ ਸੁਣ ਸਾਂਝੜੀਏ
ਰੋਟੀ ਵੇਲਾ ਹੋਇਆ
ਨੀ ਸੁਣ ਸਾਂਝੜੀਏ
ਕੌਣ ਪਕਾਵੇ ਰੋਟੀ
ਨੀ ਸੁਣ ਸਾਂਝੜੀਏ
ਭਾਬੋ ਪਕਾਵੇ ਰੋਟੀ
ਨੀ ਸੁਣ ਸਾਂਝੜੀਏ
ਭਾਬੋ ਗੋਦੀ ਗੀਗਾ
ਨੀ ਸੁਣ ਸਾਂਝੜੀਏ
ਗੀਗੇ ਦੇ ਪੈਰੀਂ ਕੜੀਆਂ
ਨੀ ਸੁਣ ਸਾਂਝੜੀਏ
ਕਿਹੜੇ ਸੁਨਿਆਰ ਨੇ ਘੜੀਆਂ
ਨੀ ਸੁਣ ਸਾਂਝੜੀਏ
ਮਥਰੇ ਸੁਨਿਆਰ ਨੇ ਘੜੀਆਂ
ਨੀ ਸੁਣ ਸਾਂਝੜੀਏ।

ਇਸੇ ਗੀਤ ਦਾ ਇੱਕ ਹੋਰ ਰੂਪਾਂਤਰ ਇਸ ਪ੍ਰਕਾਰ ਹੈ: -

ਨੀ ਸੁਣ ਸਾਂਝੜੀਏ
ਤਿਓਰ ਵਿੱਚ ਤਲਾਈ
ਨੀ ਸੁਣ ਸਾਂਝੜੀਏ
ਭਾਬੋ ਗੋਦੀ ਗੀਗਾ
ਨੀ ਸੁਣ ਸਾਂਝੜੀਏ
ਗੀਗਾ ਮੇਰਾ ਪਤੀਜਾ
ਨੀ ਸੁਣ ਸਾਂਝੜੀਏ
ਗੀਗੇ ਪੈਰੀਂ ਕੜੀਆਂ
ਨੀ ਸੁਣ ਸਾਂਝੜੀਏ
ਕਿਹੜੇ ਸੁਨਿਆਰ ਨੇ ਘੜੀਆਂ
ਨੀ ਸੁਣ ਸਾਂਝੜੀਏ
ਆਸਾ ਰਾਮ ਨੇ ਘੜੀਆਂ
ਨੀ ਸੁਣ ਸਾਂਝੜੀਏ

ਵੀਰੇ ਲਈ ਭੈਣ ਸਦਾ ਸੁੱਖਾਂ ਸੁਖਦੀ ਹੋਈ ਉਹਦੇ ਪਰਿਵਾਰ ਨੂੰ ਵਧਦਾ ਫੁਲਦਾ ਅਤੇ ਆਰਥਿਕ ਪੱਖੋਂ ਉਨਤੀ ਕਰਦਾ ਵੇਖਣਾ ਲੋੜਦੀ ਹੈ। ਉਹ ਕਾਮਨਾ ਕਰਦੀ ਹੈ:

ਉਠਣ ਬੈਠਣ ਝੋਟੜੀਆਂ
ਵੀਰਨ ਮੇਰੇ ਦੇ ਬਾੜੇ ਮਾਂ
ਗੋਹਾ ਚੁਗਣ ਤੇਰੀਆਂ ਭੈਣੜੀਆਂ
ਭਾਈਆਂ ਦੇ ਲਿਸ਼ਕਾਰੇ ਮਾਂ
ਧਾਰਾਂ ਕੱਢਣ ਤੇਰੀਆਂ ਮਾਈਆਂ ਵੇ
ਪੁੱਤਾਂ ਦੇ ਲਲਕਾਰੇ ਮਾਂ
ਦੁੱਧ ਰਿੜਕਣ ਤੇਰੀਆਂ ਵਹੁਟੜੀਆਂ
ਚੂੜੇ ਦੇ ਛਣਕਾਟੇ ਮਾਂ

ਇਸ ਪ੍ਰਕਾਰ ਗੀਤ ਗਾਉਣ ਮਗਰੋਂ ਸਾਂਝੀ ਦੀ ਆਰਤੀ ਉਤਾਰੀ ਜਾਂਦੀ ਹੈ। ਥਾਲੀ ਵਿੱਚ ਜਗਦਾ ਦੀਵਾ ਰਖ ਕੇ ਸਾਂਝੀ ਮਾਈ ਦੀ ਮੂਰਤੀ ਦੇ ਆਲ਼ੇ ਦੁਆਲ਼ੇ ਥਾਲ ਘੁਮਾਉਂਦੇ ਹੋਏ ਗਾਉਂਦੀਆਂ ਹਨ:

ਮੇਰੀ ਆਹੇ ਦੀ ਡੋਲ
ਪੀੜ੍ਹੇ ਡਾਹੇ ਦੀ ਡੋਲ
ਗੋਦ ਘਲਾਏ ਦੀ ਡੋਲ
ਡੋਲਾ ਡੋਲੜੀਓ ਭੈਣੋ
ਡੋਲਾ ਭਰਿਆ ਕਟੋਰਿਆਂ ਨਾਲ਼
ਹੋਰ
ਸਾਂਝੀ ਮਾਈ ਆਰਤੀ
ਆਰਤੀ ਦਾ ਫੁਲ
ਚੰਗੇਰ ਸੌ ਡੰਡੀ
ਸੁਣੋ ਨੀ ਬਹੂਓ
ਕੰਤ ਤੁਹਾਡੇ
ਵੀਰਨ ਸਾਡੇ
ਲੇਫ ਤਲਾਈ ਵਿੱਚ ਬੈਠੀ
ਮੇਰੀ ਸਾਂਝੀ ਮਾਈ

ਇਸ ਮਗਰੋਂ ਹੇਠ ਲਿਖੀ ਆਰਤੀ ਪੰਜ ਵਾਰ ਗਾਈ ਜਾਂਦੀ ਹੈ: -

ਪਹਿਲੀ ਆਰਤੀ ਕਰਾਂ ਕਰਾਵਾਂ
ਜੀਵੇ ਮੇਰਾ ਵੀਰ ਪਰਾਹੁਣਾ ਅੜੀਓ
ਮੈਂ ਸ਼ਿਵ ਦੁਆਲੇ ਖੜੀਓ
ਮੈਂ ਹਰਕਾ ਦਰਸ਼ਣ ਪਾਇਆ
ਮੇਰਾ ਵੀਰ ਪਰਾਹੁਣਾ ਆਇਆ
ਖੋਹਲ ਨਰੈਣ ਅਟੜੀ
ਮੈਂ ਪੂਜਾਂ ਤੇਰੀ ਪਟੜੀ
ਮੈਂ ਪੂਜਾਂ ਹਰ ਕੇ ਪੈਰ

ਉਪਰੋਕਤ ਆਰਤੀ ਗਾਉਣ ਮਗਰੋਂ ਸੁੱਕੀ ਪੰਜੀਰੀ ਜਾਂ ਤਿਲਚੌਲੀ ਦਾ ਪ੍ਰਸ਼ਾਦ ਸਾਂਝੀ ਨੂੰ ਭੋਗ ਲੁਆਉਣ ਮਗਰੋਂ ਸਾਰੇ ਬੱਚਿਆਂ ਵਿਚਕਾਰ ਵੰਡਿਆ ਜਾਂਦਾ ਹੈ। ਇਸ ਮਗਰੋਂ ਕੁੜੀਆਂ ਅਗਲੀ ਕੁੜੀ ਦੇ ਘਰ ਜਾ ਕੇ ਪਹਿਲੀ ਰੀਤੀ ਅਨੁਸਾਰ ਮੁਢੋਂ ਸੁਢੋਂ ਮਾਈ ਦੀ ਪੂਜਾ ਕਰਦੀਆਂ ਹਨ। ਇਸ ਪਰਕਾਰ ਇੱਕ ਦਿਨ ਦਾ ਪ੍ਰੋਗਰਾਮ ਖ਼ਤਮ ਹੋ ਜਾਂਦਾ ਹੈ। ਇਹ ਪ੍ਰੋਗਰਾਮ ਨੌ ਦਿਨ ਚਲਦਾ ਰਹਿੰਦਾ ਹੈ।

ਦੁਸਹਿਰੇ ਵਾਲੇ ਦਿਨ ਸਾਰੇ ਮੁਹੱਲੇ ਦੀਆਂ ਕੁੜੀਆਂ ਸਾਂਝੀ ਮਾਈ ਦੀ ਮੂਰਤੀ ਨੂੰ ਕੰਧ ਤੋਂ ਇਹ ਗੀਤ ਗਾਉਂਦੀਆਂ ਹੋਈਆਂ ਲਾਹ ਲੈਂਦੀਆਂ ਹਨ:

ਗੁੱਸੇ ਨਾ ਹੋਈਂ ਸਾਂਝੜੀਏ
ਪਰ ਨੂੰ ਫੇਰ ਮੰਗਾਵਾਂਗੇ

ਸਾਂਝੀ ਦੀਆਂ ਸਾਰੀਆਂ ਮੂਰਤੀਆਂ ਨੂੰ ਇੱਕ ਸੁੱਚੀ ਟੋਕਰੀ ਵਿੱਚ ਪਾ ਕੇ ਕੁੜੀਆਂ ਇਹਨਾਂ ਨੂੰ ਪਿੰਡ ਦੇ ਲਾਗੇ ਕਿਸੇ ਟੋਭੇ ਜਾਂ ਸੂਏ ਵਿੱਚ ਜਲ ਪਰਵਾਹ ਕਰਨ ਲਈ ਟੁਰ ਪੈਂਦੀਆਂ ਹਨ। ਉਹ ਜਾਂਦੀਆਂ ਹੋਈਆਂ ਰਾਹ ਵਿੱਚ ਇਹ ਗੀਤ ਗਾਉਂਦੀਆਂ ਜਾਂਦੀਆਂ ਹਨ:

ਕਿਥੇ ਜੰਮੀ ਤੁਲਸਾਂ
ਕਿਥੇ ਜੰਮਿਆ ਰਾਮ
ਕਿਥੇ ਜੰਮਿਆ ਨੀ ਸਖੀਓ
ਮੇਰਾ ਸ੍ਰੀ ਭਗਵਾਨ
ਗੰਗਾ ਜੰਮੀ ਤੁਲਸਾਂ
ਪਹੋਏ ਜੰਮਿਆ ਰਾਮ
ਮਹਿਲੀਂ ਜੰਮਿਆ ਨੀ ਸਖੀਓ
ਮੇਰਾ ਸ਼੍ਰੀ ਭਗਵਾਨ
ਕਿਥੇ ਵਸੇ ਤੁਲਸਾਂ
ਤੇ ਕਿਥੇ ਵਸੇ ਰਾਮ
ਕਿਥੇ ਵਸੇ ਸਖੀਓ
ਮੇਰਾ ਸ਼੍ਰੀ ਭਗਵਾਨ
ਗੰਗਾ ਵਸੇ ਤੁਲਸਾਂ
ਪਹੋਏ ਵਸੇ ਰਾਮ
ਮਹਿਲੀਂ ਵਸੇ ਸਖੀਓ
ਨੀ ਮੇਰਾ ਸ਼੍ਰੀ ਭਗਵਾਨ

ਉਪਰੋਕਤ ਗੀਤ ਗਾਉਂਦੀਆਂ ਹੋਈਆਂ ਕੁੜੀਆਂ ਕਿਸੇ ਟੋਭੇ ਜਾਂ ਸੂਏ ਤੇ ਪੁੱਜ ਜਾਂਦੀਆਂ ਹਨ। ਉਹ ਉਥੇ ਜਾ ਕੇ ਕੀੜਿਆਂ ਦੇ ਭੌਣ ਉਤੇ ਤਿਲ ਚੌਲੀ ਪਾਉਂਦੀਆਂ ਹੋਈਆਂ ਗਾਉਂਦੀਆਂ ਹਨ: -

ਕੀੜਿਓ ਮਕੌੜਿਓ
ਅੰਨ ਦਿਓ
ਧੰਨ ਦਿਓ

ਭਾਈ ਦਿਓ
ਭਤੀਜਾ ਦਿਓ
ਕੱਢਣ ਨੂੰ ਕਸੀਦਾ ਦਿਓ
ਹੋਰ ਨਾ ਕੁਛ ਲੋੜੀਏ

ਇਸ ਮਗਰੋਂ ਕੁੜੀਆਂ ਸਾਂਝੀ ਨੂੰ ਜਲ ਪਰਵਾਹ ਕਰਨ ਲੱਗੀਆਂ ਇਹ ਗੀਤ ਗਾਉਂਦੀਆਂ ਹਨ:

ਨ੍ਹਾਈਂ ਸਾਂਝੀ
ਧੋਈਂ ਸਾਂਝੀ
ਰੋਈਂ ਨਾ
ਵਰ੍ਹੇ ਦਿਨਾਂ ਨੂੰ ਫੇਰ ਲਾਵਾਂਗੇ

ਸਾਂਝੀ ਨੂੰ ਜਲ ਪਰਵਾਹ ਕਰਨ ਮਗਰੋਂ ਉਹ ਸਾਂਝੀ ਮਾਈ ਦੇ ਗੀਤ ਗਾਉਂਦੀਆਂ ਹੋਈਆਂ ਆਪਣੇ ਘਰਾਂ ਨੂੰ ਪਰਤ ਜਾਂਦੀਆਂ ਹਨ। ਰਾਹ ਵਿੱਚ ਜੇ ਕਿਧਰੇ ਉਹਨਾਂ ਨੂੰ ਕੋਈ ਬ੍ਰਾਹਮਣ ਮਿਲ ਜਾਵੇ ਤਾਂ ਝਟ ਟਕੋਰ ਲਾ ਦਿੰਦੀਆਂ ਹਨ:

ਕਾਲਾ ਬਾਹਮਣ ਖਾ ਗਿਆ
ਮਟਕਾ ਗਿਆ
ਮੇਰੀ ਸਾਂਝੀ ਦੇ ਸਿਰ ਲਾ ਗਿਆ

ਗੀਤ ਗਾ ਰਹੀਆਂ ਨਿੱਕੀਆਂ ਬੱਚੀਆਂ ਝੂਮ ਝੂਮ ਜਾਂਦੀਆਂ ਹਨ। ਦੁਸਹਿਰੇ ਦਾ ਮੇਲਾ ਵੇਖਣ ਦਾ ਚਾਅ ਉਹਨਾਂ ਦੀਆਂ ਅੱਖਾਂ ਵਿੱਚ ਲਿਸ਼ਕਣ ਲੱਗ ਪੈਂਦਾ ਹੈ।

# *ਲੋਹੜੀ*

ਲੋਹੜੀ ਪੰਜਾਬੀਆਂ ਦਾ ਹਰਮਨ ਪਿਆਰਾ ਤਿਉਹਾਰ ਹੈ। ਇਹ ਤਿਉਹਾਰ ਪੋਹ ਮਹੀਨੇ ਦੀ ਆਖਰੀ ਰਾਤ ਨੂੰ ਮਨਾਇਆ ਜਾਂਦਾ ਹੈ। ਪੰਜਾਬ ਦੇ ਪੇਂਡੂ ਜੀਵਨ ਵਿੱਚ ਇਸ ਤਿਉਹਾਰ ਦੀ ਬਹੁਤ ਮਹੱਤਤਾ ਹੈ। ਇਹ ਤਿਉਹਾਰ 1947 ਤੋਂ ਬਾਅਦ ਪੰਜਾਬ ਦਾ ਨਾ ਹੋ ਕੇ ਸਾਰੇ ਭਾਰਤ ਦਾ ਹੀ ਬਣ ਗਿਆ ਹੈ। ਦੇਸ ਦੇ ਵੰਡਾਰੇ ਕਾਰਨ ਪੰਜਾਬੀ ਭਾਰਤ ਦੇ ਵਖਰੇ ਵਖਰੇ ਖੇਤਰਾਂ ਵਿੱਚ ਜਾ ਵਸੇ ਹਨ। ਜਿਥੇ ਵੀ ਉਹ ਰਹਿੰਦੇ ਹਨ ਲੋਹੜੀ ਨੂੰ ਬੜੇ ਚਾਅ ਤੇ ਮਲ੍ਹਾਰ ਨਾਲ਼ ਮਨਾਉਂਦੇ ਹਨ।

ਲੋਹੜੀ ਦਾ ਤਿਉਹਾਰ ਮਨਾਉਣ ਸੰਬੰਧੀ ਕਈ ਵੈਦਕ ਪਰੰਪਰਾਵਾਂ, ਪੁਰਾਣਕ ਮਾਣਤਾਵਾਂ ਅਤੇ ਲੌਕਿਕ ਧਾਰਨਾਵਾਂ ਪਰਚਲਿਤ ਹਨ।

ਕਿਹਾ ਜਾਂਦਾ ਹੈ ਕਿ ਹੋਲਿਕਾ ਅਤੇ ਲੋਹੜੀ ਹਰਨਾਕਸ਼ ਦੀਆਂ ਦੋ ਭੈਣਾਂ ਸਨ। ਇਹਨਾਂ ਭੈਣਾਂ ਨੂੰ ਇਹ ਵਰ ਪਰਾਪਤ ਸੀ ਕਿ ਅੱਗ ਉਹਨਾਂ ਨੂੰ ਸਾੜ ਨਹੀਂ ਸਕਦੀ। ਹਰਨਾਕਸ਼ ਦਾ ਪੁੱਤਰ ਪ੍ਰਹਿਲਾਦ ਸੀ। ਉਹ ਰੱਬ ਦਾ ਭਗਤ ਸੀ। ਉਹ ਆਪਣੇ ਪਿਤਾ ਹਰਨਾਕਸ਼ ਦੀ ਥਾਂ ਈਸ਼ਵਰ ਦੀ ਪੂਜਾ ਕਰਿਆ ਕਰਦਾ ਸੀ ਜਿਸ ਕਰਕੇ ਹਰਨਾਕਸ਼ ਉਹਨੂੰ ਘਿਰਣਾ ਕਰਦਾ ਸੀ ਅਤੇ ਮਰਵਾਉਣਾ ਚਾਹੁੰਦਾ ਸੀ। ਹਰਨਾਕਸ਼ ਨੇ ਹੋਲਿਕਾ ਨੂੰ ਕਿਹਾ ਕਿ ਉਹ ਪ੍ਰਹਿਲਾਦ ਨੂੰ ਗੋਦੀ ਵਿੱਚ ਲੈ ਕੇ ਜਲਦੀ ਹੋਈ ਚਿਖਾ ਵਿੱਚ ਬੈਠ ਜਾਵੇ। ਉਹ ਜਲਦੀ ਹੋਈ ਚਿਖਾ ਵਿੱਚ ਬੈਠ ਗਈ। ਉਹ ਆਪ ਤਾਂ ਜਲ ਗਈ ਪਰੰਤੂ ਪ੍ਰਹਿਲਾਦ ਦਾ ਵਾਲ ਵੀ ਵਿੰਗਾ ਨਾ ਹੋਇਆ। ਇਸ ਮਗਰੋਂ ਹਰਨਾਕਸ਼ ਨੇ ਲੋਹੜੀ ਨੂੰ ਵੀ ਅਜਿਹਾ ਹੀ ਕਰਨ ਲਈ ਕਿਹਾ। ਉਹ ਪ੍ਰਹਿਲਾਦ ਨੂੰ ਗੋਦੀ ਵਿੱਚ ਲੈ ਕੇ ਚਿਖਾ ਵਿੱਚ ਜਾ ਬੈਠੀ ਪਰੰਤੂ ਲੋਹੜੀ ਆਪ ਜਲ ਗਈ ਤੇ ਪ੍ਰਹਿਲਾਦ ਬਚ ਗਿਆ। ਉਦੋਂ ਤੋਂ ਸਾਰੇ ਲੋਕ ਆਪਣੀ ਲੰਮੇਰੀ ਉਮਰ ਦੀ ਕਾਮਨਾ ਕਰਨ ਲਈ ਲੋਹੜੀ ਬਾਲਣ ਲੱਗੇ ਤਾਂ ਜੋ ਉਹਨਾਂ ਸਾਰਿਆਂ ਦੀ ਉਮਰ ਪ੍ਰਹਿਲਾਦ ਵਾਂਗ ਲੰਮੀ ਹੋਵੇ। ਇਸ ਦਿਨ ਭੈਣਾਂ ਆਪਣੇ ਭਰਾਵਾਂ ਲਈ ਤੇ ਮਾਪੇ ਆਪਣੇ ਬੱਚਿਆਂ ਦੀ ਉਮਰ ਲੰਮੇਰੀ ਹੋਣ ਲਈ ਪ੍ਰਾਰਥਨਾਵਾਂ ਕਰਦੇ ਹਨ।

ਕਈ ਕਹਿੰਦੇ ਹਨ ਕਿ ਲੋਹੜੀ ਦੀ ਕਹਾਣੀ ਉਸ ਲੋਹਨੀ ਦੇਵੀ ਨਾਲ਼ ਸੰਬੰਧ ਰਖਦੀ ਹੈ ਜਿਸ ਨੇ ਇਕ ਭੈੜੇ ਦੈਂਤ ਨੂੰ ਜਲਾ ਕੇ ਰਾਖ ਕਰ ਦਿੱਤਾ ਸੀ। ਤਦ ਤੋਂ

ਲੋਕੀ ਉਹਦੀ ਯਾਦ ਨੂੰ ਸੁਲਗਾ ਸੁਲਗਾ ਕੇ ਯਾਦ ਕਰਦੇ ਹਨ।

ਪੰਜਾਬ ਵਿੱਚ ਗਾਏ ਜਾਂਦੇ ਲੋਹੜੀ ਦੇ ਗੀਤਾਂ ਵਿੱਚ ਸੁੰਦਰ ਮੁੰਦਰੀਏ ਨਾਂ ਦਾ ਇਕ ਲੋਕ ਗੀਤ ਬੜਾ ਪ੍ਰਸਿਧ ਹੈ ਜੋ ਲੋਹੜੀ ਦੇ ਪਛੋਕੜ ਨਾਲ਼ ਜੁੜੀ ਇੱਕ ਕਹਾਣੀ ਬਿਆਨ ਕਰਦਾ ਹੈ। ਇਹ ਕਹਾਣੀ ਮੁਗਲ ਸਮਰਾਟ ਅਕਬਰ ਦੇ ਸਮਕਾਲੀ ਦੁੱਲਾ ਭੱਟੀ ਨਾਮੇ ਡਾਕੂ ਨਾਲ਼ ਸੰਬੰਧ ਰਖਦੀ ਹੈ।

ਸੁੰਦਰ ਮੁੰਦਰੀਏ ਦਾ ਗੀਤ ਇਸ ਪ੍ਰਕਾਰ ਹੈ: –

ਸੁੰਦਰ ਮੁੰਦਰੀਏ – ਹੋ
ਤੇਰਾ ਕੌਣ ਵਿਚਾਰਾ – ਹੋ
ਦੁੱਲਾ ਭੱਟੀ ਵਾਲਾ – ਹੋ
ਦੁੱਲੇ ਧੀ ਵਿਆਹੀ – ਹੋ
ਸੇਰ ਸ਼ੱਕਰ ਪਾਈ – ਹੋ
ਕੁੜੀ ਦੇ ਬੋਝੇ ਪਾਈ – ਹੋ
ਕੁੜੀ ਦਾ ਲਾਲ ਪਟਾਕਾ – ਹੋ
ਕੁੜੀ ਦਾ ਸਾਲੂ ਪਾਟਾ – ਹੋ
ਸਾਲੂ ਕੌਣ ਸਮੇਟੇ – ਹੋ
ਚਾਚਾ ਗਾਲੀ ਦੇਸੇ – ਹੋ
ਚਾਚੇ ਚੂਰੀ ਕੁੱਟੀ – ਹੋ
ਜ਼ੀਮੀਦਾਰਾਂ ਲੁੱਟੀ – ਹੋ
ਜ਼ੀਮੀਂਦਾਰ ਸਦਾਓ – ਹੋ
ਗਿਣ ਗਿਣ ਪੋਲੇ ਲਾਓ – ਹੋ
ਇਕ ਪੋਲਾ ਘਸ ਗਿਆ – ਹੋ
ਜ਼ੀਮੀਂਦਾਰ ਵਹੁਟੀ ਲੈ ਕੇ ਨਸ ਗਿਆ – ਹੋ
ਹੋ- ਹੋ-ਹੋ-ਹੋ-ਹੋ-ਹੋ-ਹੋ

ਕਿਹਾ ਜਾਂਦਾ ਹੈ ਕਿ ਇਕ ਪਿੰਡ ਵਿੱਚ ਇਕ ਗ਼ਰੀਬ ਬ੍ਰਾਹਮਣ ਰਹਿੰਦਾ ਸੀ। ਉਸ ਦੇ ਦੋ ਮੁਟਿਆਰ ਧੀਆਂ ਸਨ-ਸੁੰਦਰੀ ਤੇ ਮੁੰਦਰੀ। ਉਹ ਦੋਨੋਂ ਮੰਗੀਆਂ ਹੋਈਆਂ ਸਨ ਪਰੰਤੂ ਗ਼ਰੀਬੀ ਕਾਰਨ ਉਹ ਉਹਨਾਂ ਦਾ ਵਿਆਹ ਨਹੀਂ ਸੀ ਕਰ ਸਕਿਆ। ਉਸ ਇਲਾਕੇ ਦਾ ਮੁਸਲਮਾਨ ਹਾਕਮ ਬੜਾ ਨਿਰਦਈ ਸੀ। ਉਹ ਨੌਜਵਾਨ ਕੁਆਰੀਆਂ ਕੁੜੀਆਂ ਨੂੰ ਚਕ ਕੇ ਲੈ ਜਾਇਆ ਕਰਦਾ ਸੀ। ਉਸ ਹਾਕਮ ਨੂੰ ਸੁੰਦਰੀ ਮੁੰਦਰੀ ਦੇ ਹੁਸਨ ਦੀ ਕਨਸੋ ਮਿਲੀ। ਉਹਨੇ ਇਹਨਾਂ ਨੂੰ ਜ਼ੋਰੀਂ ਚੁੱਕਣ ਦੀ ਵਿਉਂਤ ਬਣਾ ਲਈ। ਇਸ ਗਲ ਦੀ ਭਿਣਕ ਗ਼ਰੀਬ ਬ੍ਰਾਹਮਣ ਨੂੰ ਵੀ ਪੈ ਗਈ

ਉਹਨੇ ਕੁੜੀਆਂ ਦੇ ਸਹੁਰੇ ਘਰ ਜਾ ਕੇ ਆਖਿਆ ਕਿ ਸੁੰਦਰੀ ਮੁੰਦਰੀ ਨੂੰ ਬਿਨਾਂ ਵਿਆਹ ਦੇ ਹੀ ਆਪਦੇ ਘਰ ਲੈ ਜਾਣ। ਪਰੰਤੂ ਉਹ ਨਾ ਮੰਨੇ। ਉਹ ਹਾਕਮ ਤੋਂ ਡਰਦੇ ਸਨ ਤੇ ਬਿਨਾ ਵਿਆਹ ਤੋਂ ਕੁੜੀਆਂ ਆਣੇ ਘਰ ਲੈ ਜਾਣ ਲਈ ਰਾਜ਼ੀ ਨਾ ਹੋਏ। ਬ੍ਰਾਹਮਣ ਪਾਸ ਉਸ ਸਮੇਂ ਦੋ ਕੱਠੇ ਵਿਆਹ ਕਰਨ ਦੀ ਪਰੋਖੋਂ ਨਹੀਂ ਸੀ। ਉਹ ਨਿਰਾਸ਼ ਹੋਇਆ ਘਰ ਨੂੰ ਮੁੜ ਗਿਆ। ਰਾਹ ਵਿੱਚ ਜੰਗਲ ਪੈਂਦਾ ਸੀ ਜਿੱਥੇ ਦੁੱਲਾ ਭੱਟੀ ਨਾਂ ਦਾ ਇੱਕ ਡਾਕੂ ਰਹਿੰਦਾ ਸੀ। ਇਸ ਡਾਕੂ ਤੋਂ ਸਾਰੇ ਡਰਦੇ ਸਨ। ਦੁੱਲਾ ਭੱਟੀ ਗ਼ਰੀਬਾਂ ਦਾ ਬੜਾ ਹਮਦਰਦ ਸੀ, ਉਹ ਗ਼ਰੀਬਾਂ ਨੂੰ ਕੁਝ ਨਹੀਂ ਸੀ ਆਖਦਾ, ਅਮੀਰਾਂ ਨੂੰ ਲੁਟਦਾ ਸੀ ਤੇ ਲੁਟ ਦਾ ਮਾਲ ਗ਼ਰੀਬਾਂ ਵਿੱਚ ਵੰਡ ਦੇਂਦਾ ਸੀ। ਉਸ ਬ੍ਰਾਹਮਣ ਨੂੰ ਜੰਗਲ ਵਿੱਚ ਆ ਕੇ ਦੁੱਲੇ ਭੱਟੀ ਦਾ ਖ਼ਿਆਲ ਆ ਗਿਆ। ਉਹ ਦੁੱਲੇ ਦੀ ਭਾਲ ਕਰਦਾ ਹੋਇਆ ਦੁੱਲੇ ਪਾਸ ਪੁਜ ਗਿਆ ਤੇ ਆਪਣੀ ਵੇਦਨਾ ਉਹਨੂੰ ਜਾ ਸੁਣਾਈ। ਦੁੱਲੇ ਨੇ ਆਖਿਆ, "ਤੂੰ ਕੋਈ ਫ਼ਿਕਰ ਨਾ ਕਰ, ਤੇਰੀਆਂ ਧੀਆਂ ਮੇਰੀਆਂ ਧੀਆਂ ਹਨ। ਮੈਂ ਉਹਨਾਂ ਦਾ ਵਿਆਹ ਆਪਣੇ ਹਥੀਂ ਆਪ ਕਰਾਂਗਾ-ਤੂੰ ਨਿਸਚਿੰਤ ਹੋ ਕੇ ਆਪਣੇ ਘਰ ਨੂੰ ਮੁੜ ਜਾਹ।"

ਦੁੱਲੇ ਨੇ ਕੁੜੀਆਂ ਦੇ ਬਾਪ ਤੇ ਸਹੁਰਿਆਂ ਦਾ ਥਹੁ ਪਤਾ ਪੁਛ ਕੇ ਵਿਆਹ ਦਾ ਦਿਨ ਧਰ ਦਿੱਤਾ। ਕੁੜੀਆਂ ਦੇ ਸਹੁਰਿਆਂ ਨੇ ਹਾਕਮ ਤੋਂ ਡਰਦਿਆਂ ਕਿਹਾ ਕਿ ਉਹ ਰਾਤ ਸਮੇਂ ਹੀ ਵਿਆਹੁਣ ਆਉਣਗੇ। ਪਿੰਡ ਤੋਂ ਬਾਹਰ ਜੰਗਲ ਵਿੱਚ ਵਿਆਹ ਰਚਾਉਣ ਦਾ ਪ੍ਰਬੰਧ ਕੀਤਾ ਗਿਆ। ਰੋਸ਼ਨੀ ਲਈ ਲੱਕੜੀਆਂ ਕੱਠੀਆਂ ਕਰਕੇ ਅੱਗ ਬਾਲੀ ਗਈ। ਦੁੱਲੇ ਨੇ ਆਲ਼ੇ ਦੁਆਲ਼ੇ ਦੇ ਪਿੰਡਾਂ ਤੋਂ ਦਾਨ ਇਕੱਠਾ ਕੀਤਾ। ਪਿੰਡ ਵਿੱਚ ਜਿਨ੍ਹਾਂ ਦੇ ਘਰ ਨਵੇਂ ਵਿਆਹ ਹੋਏ ਸਨ ਜਾਂ ਜਿਨ੍ਹਾਂ ਦੇ ਬਾਲ ਜਨਮੇ ਸਨ ਉਹਨਾਂ ਨੇ ਵੀ ਸੁੰਦਰ ਮੁੰਦਰੀ ਦੇ ਵਿਆਹ ਤੇ ਆਪਣੇ ਵਲੋਂ ਕੁਝ ਨਾ ਕੁਝ ਗੁੜ ਸ਼ੱਕਰ ਤੇ ਦਾਣੇ ਆਦਿ ਦੇ ਰੂਪ ਵਿੱਚ ਦਾਨ ਦਿੱਤਾ। ਦੁੱਲੇ ਕੋਲ ਕੰਨਿਆਦਾਨ ਦੇਣ ਲਈ ਇਕ ਲੱਪ ਸ਼ੱਕਰ ਦੀ ਹੀ ਸੀ। ਕੁੜੀਆਂ ਦਾ ਡੋਲਾ ਟੁਰ ਗਿਆ ਤੇ ਗ਼ਰੀਬ ਬ੍ਰਾਹਮਣ ਨੇ ਦੁੱਲੇ ਦਾ ਲਖ ਲਖ ਸ਼ੁਕਰ ਕੀਤਾ। ਕਿਹਾ ਜਾਂਦਾ ਹੈ ਕਿ ਉਦੋਂ ਤੋਂ ਲੋਹੜੀ ਮਨਾਉਣ ਦਾ ਰਿਵਾਜ ਪੈ ਗਿਆ।

ਲੋਹੜੀ ਦੇ ਤਿਉਹਾਰ ਨਾਲ਼ ਮਨੁੱਖ ਦੀ ਆਪਣੀ ਵੰਸ ਨੂੰ ਚਾਲੂ ਰੱਖਣ ਦੀ ਭਾਵਨਾ ਜੁੜੀ ਹੋਈ ਹੈ। ਇਹ ਤਿਉਹਾਰ ਨਵੇਂ ਵਿਆਹੇ ਜੋੜਿਆਂ ਅਤੇ ਨਵ ਜਨਮੇਂ ਮੁੰਡਿਆਂ ਦੀ ਖ਼ੁਸ਼ੀ ਵਿੱਚ ਮਨਾਇਆ ਜਾਂਦਾ ਹੈ। ਮੁੰਡਾ ਕਿਸੇ ਕਿਸਾਨ ਦੇ ਘਰ ਜਨਮੇ ਜਾਂ ਕਿਸੇ ਕਾਮੇ ਦੇ ਘਰ, ਖ਼ੁਸ਼ੀ ਸਾਰੇ ਪਿੰਡ ਲਈ ਸਾਂਝੀ ਹੁੰਦੀ ਹੈ। ਇਸ ਦਿਨ ਸਾਰੇ ਰਲ ਕੇ ਨਵ ਜਨਮੇ ਮੁੰਡੇ ਦੇ ਘਰੋਂ ਵਧਾਈਆਂ ਦਾ ਗੁੜ ਮੰਗ ਕੇ ਲਿਆਉਂਦੇ ਹਨ। ਲੋਹੜੀ ਮੰਗਦੇ ਸਮੇਂ ਕਾਮਨਾ ਕੀਤੀ ਜਾਂਦੀ ਹੈ:

ਉਖਲੀ 'ਚ ਪਰਾਲੀ
ਤੇਰੇ ਆਉਣ ਬਹੂਆਂ ਚਾਲੀ

ਸਾਡੀ ਲੋਹੜੀ ਮਨਾ ਦੋ

ਕੋਠੀ ਹੇਠ ਡੱਕਾ
ਥੋਨੂੰ ਰਾਮ ਦਊਗਾ ਬੱਚਾ
ਸਾਡੀ ਲੋਹੜੀ ਮਨਾ ਦੋ

ਭੈਣਾਂ ਨੂੰ ਵੀਰੇ ਦੇ ਵਿਆਹੇ ਜਾਣ ਤੇ ਭਤੀਜੇ ਦੇ ਜੰਮਣ ਦਾ ਚਾਅ ਹੁੰਦਾ ਹੈ। ਉਹ ਗੁੜ ਮੰਗਦੀਆਂ ਹੋਈਆਂ ਪ੍ਰਾਰਥਨਾ ਕਰਦੀਆਂ ਹਨ :

ਆ ਵੀਰਾ ਤੂੰ ਜਾਹ ਵੀਰਾ
ਵੰਨੀ ਨੂੰ ਲਿਆ ਵੀਰਾ
ਵੰਨੀ ਤੇਰੀ ਹਰੀ ਭਰੀ
ਰਾਜੇ ਦੇ ਦਰਬਾਰ ਖੜੀ
ਇਕ ਫੁਲ ਜਾ ਪਿਆ
ਰਾਜੇ ਦੇ ਦਰਬਾਰ ਪਿਆ
ਰਾਜੇ ਬੇਟੀ ਸੁੱਤੀ ਪਈ
ਸੁੱਤੀ ਨੂੰ ਜਗਾ ਲਿਆ
ਰੱਤੇ ਡੋਲੇ ਪਾ ਲਿਆ
ਰੱਤਾ ਡੋਲਾ ਚੀਕਦਾ
ਭਾਬੋ ਨੂੰ ਉਡੀਕਦਾ
ਭਾਬੋ ਕੁਛੜ ਗੀਗਾ
ਉਹ ਮੇਰਾ ਭਤੀਜਾ
ਭਤੀਜੇ ਪੈਰੀਂ ਕੜੀਆਂ
ਕਿਸ ਸੁਨਿਆਰੇ ਘੜੀਆਂ
ਆਸਾ ਰਾਮ ਨੇ ਘੜੀਆਂ
ਘੜਨ ਵਾਲਾ ਜੀਵੇ
ਘੜਾਉਣ ਵਾਲਾ ਜੀਵੇ
ਪਾ ਦੇ ਗੁੜ ਦੀ ਰੋੜੀ

ਦਾਨ ਕਰਨ ਨਾਲ ਸਾਰੇ ਕਾਰਜ ਰਾਸ ਆਉਂਦੇ ਹਨ। ਸਮੁੱਚੇ ਪਰਿਵਾਰ ਲਈ ਸ਼ੁਭ ਕਾਮਨਾਵਾਂ ਭੇਂਟ ਕਰਦੀਆਂ ਹੋਈਆਂ ਕੁੜੀਆਂ ਗਾਉਂਦੀਆਂ ਹਨ :

ਪਾ ਨੀ ਮਾਏਂ ਪਾ
ਕਾਲੇ ਕੁੱਤੇ ਨੂੰ ਵੀ ਪਾ
ਕਾਲਾ ਕੁੱਤਾ ਦਏ ਵਧਾਈ

ਤੇਰੀ ਜੀਵੇ ਮੱਝੀਂ ਗਾਈਂ
ਮੱਝੀਂ ਗਾਈਂ ਨੇ ਦਿੱਤਾ ਦੁੱਧ
ਤੇਰੇ ਜੀਵਣ ਸੱਤੇ ਪੁੱਤ
ਸੱਤਾਂ ਪੁੱਤਾਂ ਦੀ ਕੁੜਮਾਈ
ਸਾਨੂੰ ਸੇਰ ਸ਼ਕਰ ਪਾਈ
ਡੋਲੀ ਛਮ ਛਮ ਕਰਦੀ ਆਈ

ਜਿਸ ਘਰ ਬਾਲ ਨਹੀਂ ਹੁੰਦੇ ਉਹਨਾਂ ਦੇ ਦਰ ਅਗੇ ਜਾ ਕੇ ਬੱਚੇ ਲੋਹੜੀ ਮੰਗਦੇ ਹੋਏ ਪ੍ਰਾਰਥਨਾ ਕਰਦੇ ਹਨ :

ਕੋਠੇ ਹੇਠ ਡੱਕਾ
ਥੋਨੂੰ ਰਾਮ ਦਊਂਗਾ ਬੱਚਾ
ਸਾਡੀ ਲੋਹੜੀ ਮਨਾ ਦੋ

ਕੋਠੇ ਹੇਠ ਚਾਕੂ
ਗੁੜ ਦਊ ਮੁੰਡੇ ਦਾ ਬਾਪੂ
ਸਾਡੀ ਲੋਹੜੀ ਮਨਾ ਦੋ

ਕਲਪਨਾ ਵਿੱਚ ਹੀ ਕੁੜੀਆਂ ਲੋਹੜੀ ਦੇ ਗੀਤ ਗਾਉਂਦੀਆਂ ਹੋਈਆਂ ਨਿੱਕੇ ਕਾਕੇ ਦਾ ਵਿਆਹ ਵੀ ਰਚਾ ਦੰਦੀਆਂ ਹਨ। ਅਗੋਂ ਮੁੰਡੇ ਦੀ ਮਾਂ ਦਿਲ ਖੋਹਲ ਕੇ ਰਿਉੜੀਆਂ, ਦਾਣੇ ਤੇ ਸ਼ੱਕਰ ਦਿੰਦੀ ਹੈ :

ਤਿਲ ਛੱਟੇ ਛੰਡ ਛੰਡਾਏ
ਗੁੜ ਦੇਹ ਮੁੰਡੇ ਦੀਏ ਮਾਏਂ
ਅਸੀਂ ਗੁੜ ਨਹੀਂ ਲੈਣਾ ਥੋਹੜਾ
ਅਸੀਂ ਲੈਣਾ ਗੁੜ ਦਾ ਰੋੜਾ।

ਤਿਲੀ ਹਰੀਓ ਭਰੀ
ਤਿਲੀ ਮੋਤੀਆਂ ਜੜੀ
ਤਿਲੀ ਓਸ ਘਰ ਜਾਹ
ਜਿੱਥੇ ਕਾਕੇ ਦਾ ਵਿਆਹ
ਕਾਕਾ ਜੰਮਿਆ ਸੀ
ਗੁੜ ਵੰਡਿਆ ਸੀ

ਗੁੜ ਦੀਆਂ ਰੋੜੀਆਂ ਸੀ
ਭਰਾਵਾਂ ਜੋੜੀਆਂ ਸੀ।

ਲੋਹੜੀ ਵਿੱਚ ਬੱਚੇ ਵਧ ਚੜ੍ਹ ਕੇ ਭਾਗ ਲੈਂਦੇ ਹਨ। ਜਿਧਰ ਵੀ ਵੇਖੋ ਬੱਚਿਆਂ ਦੀਆਂ ਟੋਲੀਆਂ ਗੀਤ ਗਾਉਂਦੀਆਂ ਫਿਰਦੀਆਂ ਹਨ। ਵਧਾਈਆਂ ਦੇ ਗੁੜ ਤੋਂ ਬਿਨਾਂ ਬੱਚੇ ਭੂਤ ਪਿੰਨੇ, ਰਿਉੜੀਆਂ, ਤਲੂਏਂ, ਬੱਕਲੀਆਂ, ਦਾਣੇ ਤੇ ਪਾਥੀਆਂ ਘਰ ਜਾ ਜਾ ਕੇ ਗੀਤ ਗਾਉਂਦੇ ਹੋਏ ਮੰਗਦੇ ਹਨ। ਬੱਚੇ ਬੜੇ ਚਾਅ ਨਾਲ ਗੀਤ ਗਾਉਂਦੇ ਹਨ। ਦਿਨ ਖੜੇ ਹੀ ਲੋਹੜੀ ਮੰਗ ਰਹੇ ਬੱਚਿਆਂ ਦੀਆਂ ਆਵਾਜ਼ਾਂ ਸੁਣਾਈ ਦੇਣ ਲਗਦੀਆਂ ਹਨ। ਕੁੜੀਆਂ ਦੀਆਂ ਵੱਖਰੀਆਂ ਵੱਖਰੀਆਂ ਟੋਲੀਆਂ ਹੁੰਦੀਆਂ ਹਨ। ਕਈਆਂ ਨੇ ਚੁੰਨੀਆਂ ਤੇ ਪਰਨਿਆਂ ਨੂੰ ਗੱਠਾਂ ਦੇ ਕੇ ਝੋਲੇ ਬਣਾਏ ਹੁੰਦੇ ਹਨ। ਮੰਗਣ ਵਾਲੇ ਬੱਚਿਆਂ ਵਿੱਚ ਛੋਟੇ ਵੱਡੇ ਘਰਾਂ ਦਾ ਕੋਈ ਵਿਤਕਰਾ ਨਹੀਂ ਹੁੰਦਾ ਨਾ ਹੀ ਜਾਤ ਪਾਤ ਦਾ ਕੋਈ ਭੇਦ ਭਾਵ ਹੁੰਦਾ ਹੈ। ਬੱਚੇ ਸਮੂਹਕ ਰੂਪ ਵਿੱਚ ਹੀ ਗੀਤ ਗਾਉਂਦੇ ਹਨ। ਮੁੰਡਿਆਂ ਦੇ ਗੀਤਾਂ ਦਾ ਕੁੜੀਆਂ ਦੇ ਗੀਤਾਂ ਨਾਲੋਂ ਕੁਝ ਫਰਕ ਹੁੰਦਾ ਹੈ ਤੇ ਉਹਨਾ ਦੇ ਗੀਤ ਗਾਉਣ ਦਾ ਢੰਗ ਵੀ ਕੁਝ ਵਖਰਾ ਹੁੰਦਾ ਹੈ। ਮੁੰਡੇ ਰੌਲਾ ਰੱਪਾ ਬਹੁਤਾ ਪਾਉਂਦੇ ਹਨ ਤੇ ਕੁੜੀਆਂ ਬੜੇ ਸਲੀਕੇ ਨਾਲ ਗੀਤ ਗਾਉਂਦੀਆਂ ਹਨ।

ਵੱਡੀਆਂ ਕੁੜੀਆਂ ਤੇ ਸੁਆਣੀਆਂ ਇੱਕਠੀਆਂ ਹੋ ਕੇ ਵਧਾਈ ਵਾਲੇ ਘਰ ਜਾ ਕੇ ਗੁੜ ਦੀ ਭੇਲੀ ਮੰਗਦੀਆਂ ਹਨ। ਉਹ ਘਰ ਦੇ ਦਲਾਨ ਵਿੱਚ ਜਾ ਕੇ ਗਿੱਧਾ ਪਾਉਂਦੀਆਂ ਹਨ। ਖੂਬ ਨੱਚਦੀਆਂ ਹਨ। ਗਿੱਧੇ ਵਿੱਚ ਵਧੇਰੇ ਕਰਕੇ ਵੀਰ ਪਿਆਰ ਦੀਆਂ ਬੋਲੀਆਂ ਪਾਈਆਂ ਜਾਂਦੀਆਂ ਹਨ :

ਵੀਰ ਘਰ ਪੁਤ ਜੰਮਿਆ
ਚੰਨ ਚੜ੍ਹਿਆ ਬਾਪ ਦੇ ਖੇੜੇ

ਚੱਕ ਕੇ ਭਤੀਜੇ ਨੂੰ
ਵੇ ਮੈਂ ਬਿਨ ਪੌੜੀ ਚੜ੍ਹ ਜਾਵਾਂ

ਵੀਰਾ ਵੇ ਬੁਲਾ ਸੁਹਣਿਆਂ
ਤੈਨੂੰ ਵੇਖ ਕੇ ਭੁੱਖੀ ਰੱਜ ਜਾਵਾਂ

ਮੁੰਡੇ ਆਪਣੀ ਭੇਲੀ ਮੰਗਦੇ ਹਨ। ਇਸ ਮਗਰੋਂ ਸਥ ਵਿੱਚ ਸਾਰੀਆਂ ਭੇਲੀਆਂ ਕੱਠੀਆਂ ਕਰਕੇ ਗੁੜ ਦੀਆਂ ਰੋੜੀਆਂ ਬਣਾ ਲਈਆਂ ਜਾਂਦੀਆਂ ਹਨ ਤੇ ਇਸ ਮਗਰੋਂ ਸਾਂਝੀਆਂ ਵਧਾਈਆਂ ਦਾ ਗੁੜ ਸਭ ਨੂੰ ਇਕੋ ਜਿਹਾ ਵਰਤਾ ਦਿੱਤਾ ਜਾਂਦਾ

ਹੈ।

ਪਿੰਡ ਵਿੱਚ ਵੱਖ ਵੱਖ ਥਾਵਾਂ ਤੇ ਲੋਹੜੀ ਬਾਲੀ ਜਾਂਦੀ ਹੈ-ਲੱਕੜ ਦੇ ਵੱਡੇ ਵੱਡੇ ਖੁੰਢਾਂ ਨੂੰ ਅਗ ਲਾ ਕੇ ਲੋਕੀ ਸੇਕ ਰਹੇ ਹੁੰਦੇ ਹਨ ਨਾਲ ਕਿਸੇ ਵਡਾਰੂ ਪਾਸੋਂ ਕੋਈ ਰੋਚਕ ਗਲ ਸੁਣੀ ਜਾਂਦੇ ਹਨ ਨਾਲੇ ਅਗ ਉਪਰ ਤਿਲ ਸੁੱਟੀ ਜਾਂਦੇ ਹਨ। ਤਿਲ ਪਟਾਕ ਪਟਾਕ ਕੇ ਇਕ ਅਨੂਪਮ ਰਾਗ ਉਤਪਨ ਕਰਦੇ ਹਨ। ਬਲਦੀ ਲੋਹੜੀ ਤੇ ਤਿਲ ਸੁਟਣ ਦਾ ਕੁਝ ਵਿਸ਼ੇਸ਼ ਮਹੱਤਵ ਸਮਝਿਆ ਜਾਂਦਾ ਹੈ।

ਕਹਾਵਤ ਹੈ :

ਜਿੰਨੇ ਜਠਾਣੀ ਤਿਲ ਸੁਟੇਗੀ।
ਉਨੇ ਦਰਾਣੀ ਪੁਤ ਜਣੇਗੀ।

ਇਹ ਤਿਉਹਾਰ ਸਮੁੱਚੇ ਪੰਜਾਬੀਆਂ ਦੀ ਭਾਵ-ਆਤਮਕ ਏਕਤਾ ਦਾ ਪ੍ਰਤੀਕ ਹੈ।

# ਕਰੂਏ ਦੇ ਵਰਤ

'ਕਰੂਏ ਦੇ ਵਰਤ' ਪੰਜਾਬ ਦੀਆਂ ਮੁਟਿਆਰਾਂ ਦਾ ਬੜਾ ਹਰਮਨ ਪਿਆਰਾ ਤਿਉਹਾਰ ਹੈ। ਇਸ ਨੂੰ 'ਕਰਵਾ ਚੌਥ' ਵੀ ਆਖਦੇ ਹਨ। ਨਵ-ਵਿਆਹੀਆਂ ਮੁੱਟਿਆਰਾਂ ਇਸ ਤਿਉਹਾਰ ਨੂੰ ਬੜਿਆਂ ਚਾਵਾਂ ਨਾਲ ਮਨਾਉਂਦੀਆਂ ਹਨ। ਕੱਤਕ ਮਹੀਨੇ ਦੇ ਪਿਛਲੇ ਪਖ ਦੀ ਚੌਥ ਨੂੰ ਕਰੂਏ ਦੇ ਵਰਤ ਰੱਖੇ ਜਾਂਦੇ ਹਨ। ਅਣਲੱਗ ਕੁੱਜੇ ਨੂੰ ਕਰੂਆ ਕਹਿੰਦੇ ਹਨ। ਹਰ ਵਿਆਹੀ ਕੁੜੀ ਚਾਹੁੰਦੀ ਹੈ ਕਿ ਉਹ ਪੇਕੀਂ ਜਾ ਕੇ ਵਰਤ ਰੱਖੇ। ਇਸੇ ਲਈ ਤਾਂ ਉਹ ਆਪਣੇ ਭਰਾ ਨੂੰ ਤਾੜਨਾ ਕਰਦੀ ਹੈ:-

ਗੱਡੀ ਜੋੜ ਕੇ ਮੰਗਾ ਲੀਂ ਮੇਰੇ ਵੀਰਨਾ
ਕਰੂਆਂ ਦੇ ਵਰਤਾਂ ਨੂੰ

ਕਿਸੇ ਕਾਰਨ ਵਸ ਉਹ ਆਪਣੀ ਭੈਣ ਨੂੰ ਵਰਤਾਂ ਨੂੰ ਲੈ ਜਾ ਨਹੀਂ ਸਕਦਾ। ਉਸ ਨੂੰ ਬੜੀ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦ ਉਸ ਦਾ ਭਰਾ ਉਸ ਨੂੰ ਮਿਲਣ ਆਉਂਦਾ ਹੈ ਤਾਂ ਉਹ ਵਰਤਾਂ ਨੂੰ ਨਾ ਲਜਾਏ ਜਾਣ ਤੇ ਉਲਾਂਭਾ ਦੇਂਦੀ ਹੈ:-

ਕਰੂਆਂ ਦੇ ਵਰਤ ਗਏ
ਕਾਹਨੂੰ ਆਇਐਂ ਬਸ਼ਰਮਾ ਵੀਰਾ

ਕਈ ਸੱਸਾਂ ਤਾਹਨੇ ਮਾਰਨੋਂ ਨਹੀਂ ਖੁੰਝਦੀਆਂ। ਆਪਣੀ ਨੂੰਹ ਦੇ ਬਹੁਤੇ ਭਰਾਵਾਂ ਦੇ ਮਾਣ ਨੂੰ ਵੀ ਸੱਟ ਮਾਰਦੀਆਂ ਹਨ:-

ਬਹੁਤਿਆਂ ਭਰਾਵਾਂ ਵਾਲੀਏ
ਤੈਨੂੰ ਕਰੂਆਂ ਨੂੰ ਲੈਣ ਨਾ ਆਏ

ਪਰ ਅੱਗੋਂ ਭੈਣ ਆਪਣੇ ਭਰਾਵਾਂ ਦਾ ਹੰਮਾ ਰਖਦੀ ਹੋਈ ਸੱਸ ਦੇ ਸੁਭਾਅ ਤੇ ਟਕੋਰ ਮਾਰਦੀ ਹੈ:-

ਸੱਸੀਏ ਬੜੇਵੇਂ ਅੱਖੀਏ
ਤੈਥੋਂ ਡਰਦੇ ਲੈਣ ਨਾ ਆਏ।

ਵਰਤ ਆਪਣੇ ਸਿਰ ਦੇ ਸਾਈਂ ਦੀ ਸਲਾਮਤੀ ਲਈ ਰੱਖੇ ਜਾਂਦੇ ਹਨ। ਇਸ ਦਿਨ ਸਵੇਰੇ ਤੜਕਸਾਰ ਔਰਤਾਂ ਪੂਰੀਆਂ ਤੇ ਕੜਾਹ ਦਾ ਸੇਵਨ ਕਰਦੀਆਂ ਹਨ

ਤੇ ਫੇਰ ਸਾਰਾ ਦਿਨ ਕੁਝ ਵੀ ਨਹੀਂ ਖਾਂਦੀਆਂ ਤੇ ਰਾਤ ਨੂੰ ਚੰਦ ਚੜ੍ਹੇ ਤੇ ਹੀ ਵਰਤ ਖੋਲ੍ਹਿਆ ਜਾਂਦਾ ਹੈ।

ਪੰਜਾਬ ਦੇ ਪਿੰਡਾਂ ਵਿੱਚ ਇਹ ਤਿਉਹਾਰ ਬੜੇ ਰੌਚਕ ਢੰਗ ਨਾਲ ਮਨਾਇਆ ਜਾਂਦਾ ਹੈ। ਨਵੀਆਂ ਵਿਆਹੀਆਂ ਦਾ ਤਾਂ ਚਾਅ ਝੱਲਿਆ ਨਹੀਂ ਜਾਂਦਾ। ਜੇ ਵਿਆਹੀ ਕੁੜੀ ਸਹੁਰੀਂ ਹੋਵੇ ਤਾਂ ਉਹਦੇ ਲਈ ਉਹਦੇ ਮਾਪੇ ਪੂਰੀਆਂ, ਕੜਾਹ, ਸੂਟ ਅਤੇ ਕੋਈ ਬਰਤਨ ਲੈ ਕੇ ਆਉਂਦੇ ਹਨ। ਸੱਸ ਤੇ ਪਤੀ ਲਈ ਵੱਖਰੇ ਬਸਤਰ ਹੁੰਦੇ ਹਨ। ਜੇਕਰ ਕੁੜੀ ਪੇਕੀਂ ਹੋਵੇ ਤਾਂ ਸਹੁਰੇ ਉਹਦੇ ਲਈ ਸਰਘੀ ਲੈ ਕੇ ਜਾਂਦੇ ਹਨ।

ਸਰਘੀ ਆਮ ਕਰਕੇ ਵਿਆਹੀ ਕੁੜੀ ਦੀ ਸੱਸ, ਨਣਦ ਜਾਂ ਸਹੁਰੇ ਪਰਿਵਾਰ ਦਾ ਕੋਈ ਹੋਰ ਜੀਅ ਲੈ ਕੇ ਜਾਂਦਾ ਹੈ। ਨਾਲ ਨਾਈ ਹੁੰਦਾ ਹੈ। ਕਰੂਆਂ ਤੋਂ ਪਹਿਲੀ ਆਥਣ ਨੂੰ ਸਰਘੀਆਂ ਵਾਲੇ ਪਿੱਤਲ ਦੀਆਂ ਬਾਲਟੀਆਂ ਵਿੱਚ ਕੜਾਹ ਪੂਰੀਆਂ ਲਈ ਜਾਂਦੇ ਆਮ ਨਜ਼ਰੀਂ ਪੈਂਦੇ ਹਨ। ਉਹ ਪਿੰਡ ਪਿੰਡ ਨਵੀਆਂ ਵਿਆਹੀਆਂ ਦੇ ਘਰ ਪੁਛਦੇ ਹਨ :-

ਘਰ ਪੁਛਦੇ ਸਰਘੀਆਂ ਵਾਲੇ<br>
ਨਵੀਆਂ ਵਿਆਹੀਆਂ ਦੇ

ਸਰਘੀ ਵਿੱਚ ਪੂਰੀਆਂ ਕੜਾਹ , ਮਠਿਆਈ, ਸੂਟ ਤੇ ਉਹਦੇ ਲਈ ਕੋਈ ਸੋਨੇ ਦੀ ਟੂਮ ਹੁੰਦੀ ਹੈ। ਸਜ-ਵਿਆਹੀਆਂ ਮੁਟਿਆਰਾਂ ਪੇਕਿਆਂ ਜਾਂ ਸਹੁਰਿਆਂ ਤੋਂ ਆਈ ਸਮੱਗਰੀ ਖਾ ਕੇ ਵਰਤ ਰੱਖਦੀਆਂ ਹਨ। ਇਸ ਵਰਤ ਨੂੰ ਤੋੜਨਾ ਅਪਸ਼ਗਨ ਸਮਝਿਆ ਜਾਂਦਾ ਹੈ। ਕਹਿੰਦੇ ਹਨ ਕਿ ਜੇ ਵਰਤ ਟੁਟ ਜਾਵੇ ਤਾਂ ਇਸ ਦਾ ਭੈੜਾ ਅਸਰ ਉਹਦੇ ਸਿਰ ਦੇ ਸਾਈਂ ਤੇ ਪੈਂਦਾ ਹੈ। ਵਰਤ ਦੇ ਤੋੜੇ ਜਾਣ ਬਾਰੇ ਇੱਕ ਰਵਾਇਤ ਹੈ। "ਇੱਕ ਰਾਜੇ ਦੇ ਸੱਤ ਪੁੱਤ ਸਨ ਤੇ ਇੱਕ ਧੀ ਸੀ। ਉਹ ਕੁੜੀ ਆਪਣੇ ਭਰਾਵਾਂ ਨੂੰ ਬਹੁਤ ਪਿਆਰ ਕਰਦੀ ਸੀ ਤੇ ਭਰਾ ਵੀ ਉਹਨੂੰ ਪਿਆਰਦੇ ਸਨ ਤੇ ਉਹਦੇ ਬਿਨਾਂ ਰੋਟੀ ਨਹੀਂ ਸੀ ਖਾਂਦੇ। ਕੁੜੀ ਵਿਆਹੀ ਗਈ। ਉਹਨੇ ਪਹਿਲਾ ਕਰੂਏ ਦਾ ਵਰਤ ਰੱਖਿਆ। ਕੁੜੀ ਮਲੂਕ ਜਹੀ ਸੀ ਉਹਦੇ ਪਾਸੋਂ ਭੁੱਖ ਸਹਾਰੀ ਨਾ ਜਾਵੇ। ਉਹਦੇ ਭਰਾਵਾਂ ਕੋਲੋਂ ਉਹਦੀ ਇਹ ਹਾਲਤ ਝੱਲੀ ਨਾ ਗਈ। ਚੰਦ ਚੜ੍ਹਨ 'ਚ ਅਜੇ ਕਾਫੀ ਦੇਰ ਸੀ। ਉਹਦੇ ਭਰਾਵਾਂ ਨੇ ਉਹਨੂੰ ਆਖਿਆ ਕਿ ਉਹ ਰੋਟੀ ਖਾ ਲਵੇ। ਉਹ ਕਹਿਣ ਲੱਗੀ, " ਚੰਦ ਚੜ੍ਹੇ ਤੋਂ ਹੀ ਖਾਵਾਂਗੀ।" ਆਖਰ ਉਹਦੇ ਭਰਾਵਾਂ ਨੇ ਝੂਠੀ ਮੂਠੀ ਚੰਦ ਚੜ੍ਹਾਉਣ ਦੀ ਤਰਕੀਬ ਬਣਾ ਲਈ। ਦੋ ਭਰਾ ਪਿੰਡ ਤੋਂ ਕਾਫੀ ਦੂਰ ਇੱਕ ਦਰੱਖਤ ਉਤੇ ਜਾ ਚੜ੍ਹੇ ਤੇ ਪੂਲੀ ਨੂੰ ਅੱਗ ਲਾ ਦਿੱਤੀ। ਦੂਜੇ ਭਰਾਵਾਂ ਨੇ ਆਪਣੀ ਭੈਣ ਨੂੰ ਕੋਠੇ ਤੇ ਚੜ੍ਹਾ ਕੇ ਆਖਿਆ, "ਔਹ ਵੇਖ ਚੰਦ ਚੜ੍ਹ ਪਿਐ।" ਕੁੜੀ ਨੇ ਸੱਚੀ ਮੁੱਚੀ ਦਾ ਚੰਦ ਚੜ੍ਹਿਆ ਸਮਝ ਕੇ ਆਪਣਾ ਵਰਤ ਤੋੜ ਲਿਆ। ਉਹਦੇ ਵਰਤ ਤੋੜਨ ਦੀ ਦੇਰ ਸੀ ਕਿ ਕੁੜੀ ਦੇ ਪਤੀ ਦੇ ਲੂੰ ਸੂਈਆਂ ਬਣਕੇ ਉਹਦੇ ਸਰੀਰ ਵਿੱਚ ਚੁੱਭ ਗਏ ਤੇ ਉਹ ਬੇਹੋਸ਼ ਹੋ ਕੇ

ਡਿਗ ਪਿਆ। ਭਰਾ ਬੜਾ ਪਛਤਾਏ। ਉਹ ਕੁੜੀ ਆਪਣੇ ਪਤੀ ਦੀਆਂ ਸੂਈਆਂ ਸਾਰਾ ਸਾਲ  ਕਢਦੀ ਰਹੀ। ਅਗਲੇ ਸਾਲ ਫੇਰ ਕਰੂਏ ਦਾ ਵਰਤ ਆਇਆ। ਕੁੜੀ ਨੇ ਵਰਤ ਪੂਰਾ ਰੱਖਿਆ ਤਾਂ ਜਾ ਕੇ ਉਹਦੇ ਪਤੀ ਨੂੰ ਹੋਸ਼ ਆਈ।"ਵਰਤ ਦੀ ਮਹੱਤਤਾ ਬਾਰੇ ਹੋਰ ਵੀ ਕਈ ਕਹਾਣੀਆਂ ਪ੍ਰਚੱਲਤ ਹਨ।

ਨਵ-ਵਿਆਹੀਆਂ ਕੁੜੀਆਂ ਤੋਂ ਉਪਰੰਤ ਦੂਜੀਆਂ ਸੁਆਣੀਆਂ ਆਪ ਹੀ ਪੂਰੀਆਂ ਕੜਾਹ ਆਦਿ ਤਿਆਰ ਕਰਕੇ ਵਰਤ ਰੱਖਦੀਆਂ ਹਨ। ਕੁਆਰੀਆਂ ਕੁੜੀਆਂ ਵੀ ਆਪਣੀਆਂ ਮਾਵਾਂ, ਭੈਣਾਂ ਤੇ ਭਾਬੀਆਂ ਨਾਲ ਵਰਤ ਰੱਖ ਲੈਂਦੀਆਂ ਹਨ।

ਵਰਤਣਾ ਕੋਈ ਨਿੱਤ ਦਾ ਕੰਮ ਨਹੀਂ ਕਰਦੀਆਂ। ਉਹ ਆਪਣਾ ਵਿਹਲਾ ਸਮਾਂ ਬਿਤਾਉਣ ਲਈ ਆਪਣੀਆਂ ਸੁੰਦਰ ਪੁਸ਼ਾਕਾਂ ਅਤੇ ਗਹਿਣੇ ਪਾ ਕੇ ਇੱਕਠੀਆਂ ਹੋ ਕੇ ਬਾਹਰ ਖੇਤਾਂ ਵਿੱਚ ਚਲੀਆਂ ਜਾਂਦੀਆਂ ਹਨ। ਉਥੇ ਉਹ ਨੱਚਦੀਆਂ ਟੱਪਦੀਆਂ ਅਤੇ ਗਿੱਧਾ ਪਾਉਂਦੀਆਂ ਹਨ। ਸੂਰਜ ਛਿਪਣ ਤੋਂ ਪਹਿਲਾਂ ਉਹ ਘਰ ਪਰਤ ਆਉਂਦੀਆਂ ਹਨ ਅਤੇ ਸੂਰਜ ਛਿਪਣ ਤੋਂ ਪਹਿਲਾਂ ਗਲੀ ਗੁਆਂਢ ਦੀਆਂ ਸੁਆਣੀਆਂ ਇੱਕਠੀਆਂ ਹੋ ਕੇ ਕਰੂਏ ਵਟਾਉਂਦੀਆਂ ਹਨ:-

ਕਰੂਏ ਵਟਾਉਂਦੀਆਂ ਹੋਈਆਂ ਨਾਲੋ ਨਾਲ਼ ਇਹ ਗੀਤ ਗਾਉਂਦੀਆਂ ਹਨ:-

ਲੈ  ਭਾਈਆਂ ਦੀ ਭੈਣ ਕਰਵੜਾ
ਲੈ ਸਰਬ ਸੁਹਾਗਣ ਕਰਵੜਾ
ਕਰਵੜਾ ਵਟਾਇਆ
ਜੀਂਵਦਾ ਝੋਲੀ ਪਾਇਆ
ਕੱਤੀਂ ਨਾ ਅਟੇਰੀਂ ਨਾ
ਂਭੂੰਮ ਚਰਖੜਾ ਫੇਰੀਂ ਨਾ
ਵਾਹਣ ਪੈਰ ਪਾਈਂ ਨਾ
ਸੁੱਤੇ ਨੂੰ ਜਗਾਈਂ ਨਾ

ਜਿਹਨਾਂ ਕੁਆਰੀਆਂ ਕੁੜੀਆਂ ਨੇ ਵਰਤ ਰੱਖਿਆ ਹੁੰਦਾ ਹੈ ,ਉਹ ਕਰੂਏ ਕਪਾਹ ਅਤੇ ਅਨਾਜ ਦੇ ਭਰਕੇ ਬ੍ਰਾਹਮਣ ਦੇ ਘਰ ਦੇ ਆਉਂਦੀਆਂ ਹਨ ਤੇ ਤਾਰਾ ਚੜ੍ਹੇ ਤੇ ਵਰਤ ਖੋਹਲਦੀਆਂ ਹਨ।

ਸਾਰਾ ਦਿਨ ਹੱਸਣ ਕਰਕੇ ਵਰਤਣਾ ਦੀ ਭੁੱਖ ਚਮਕ ਪੈਂਦੀ ਹੈ ਤੇ ਉਹ ਚੰਦ ਚੜ੍ਹਨ ਦੀ ਉਡੀਕ ਵਿੱਚ ਕੋਠਿਆਂ ਤੇ ਜਾ ਚੜ੍ਹਦੀਆਂ ਹਨ। ਚੰਦ ਗੋਡੀ ਮਾਰਕੇ ਚੜ੍ਹਦਾ ਹੈ .... ਐਨਾ ਸਮਾ ਕੌਣ ਉਡੀਕ ਕਰੇ .... ਸਾਰਿਆਂ ਕੋਠਿਆਂ ਤੋਂ ਹੇਕਾਂ ਵਾਲੇ ਗੀਤਾਂ ਦੇ ਬੋਲ ਉਭਰਦੇ ਹਨ.... ਵੀਰ ਪਿਆਰ ਡੁਲ੍ਹ ਡੁਲ੍ਹ ਪੈਂਦਾ ਹੈ:-

ਚੰਨ ਚੜ੍ਹਿਆ ਮਾਏਂ
ਇਹਨਾਂ ਕਿੱਕਰਾਂ ਦੇ ਸਿਖਰੇ

ਵੀਰਨ ਫਿਰਦਾ ਮਾਏਂ
ਮੇਰੀ ਸੱਗੀ ਦੇ ਫਿਕਰੇ
ਤੂੰ ਮੁੜ ਆ ਵੀਰਾ
ਮੇਲਾ ਹੁਣ ਭਰਿਆ।

ਭੈਣਾ ਦੇ ਦਿਲਾਂ ਵਿੱਚ ਵੀਰਾਂ ਲਈ ਕਿੰਨਾ ਮੋਹ ਹੈ:-

ਚੰਨ ਚੜ੍ਹਿਆ ਤੀਜ ਦਾ ਜੀ ਕੁਲ ਦੁਨੀਆਂ ਵੇਖੇ
ਵੀਰਨਾ ਵੇ ਕੁਲ ਦੁਨੀਆਂ ਵੇਖੇ
ਹੋਰਨਾਂ ਨੇ ਦੇਖਿਆ ਰੂੜੀਏਂ
ਭੈਣ ਮਹਿਲੀਂ ਵੇਖੇ ਵੇ
ਹੋਰਨਾ ਨੂੰ ਚਾਨਣ ਚੰਦ ਦਾ
ਵੀਰਨਾ ਵੇ ਮੈਨੂੰ ਚਾਨਣ ਤੇਰਾ ਵੇ
ਵਿਹੜਾ ਭਰੀਆ ਮਾਲ ਦਾ
ਵੀਰਨਾ ਵੇ ਵਿੱਚ ਤੇਰਾ ਪਹਿਰਾ
ਹੋਰਨਾ ਨੂੰ ਝੋਰਾ ਮਾਲ ਦਾ
ਮੈਨੂੰ ਵੀਰਨਾ ਤੇਰਾ ਵੇ
ਲਿੱਪਿਆ ਸਮਾਰਿਆ ਚੌਂਤਰਾ
ਝਟ ਬਹਿਕੇ ਜਾਇਓ ਵੇ
ਕਟੋਰਾ ਭਰਿਆ ਦੁੱਧ ਦਾ
ਦੁੱਧ ਦਾ ਘੁਟ ਪੀ ਕੇ ਜਾਇਓ ਵੇ

ਹੋਰ ਵੀ ਕਈ ਪਰਕਾਰ ਦੇ ਗੀਤ ਸੁਣਾਈ ਦੇਂਦੇ ਹਨ: -

ਚੜ੍ਹ ਵੇ ਚੰਦਾ ਦੇ ਦੇ ਸੁਰਖੀ
ਘਰ ਹੈਨੀ ਬਾਗ਼ ਦਾ ਮੁਣਸ਼ੀ ਵੇ
ਚੜ੍ਹ ਵੇ ਚੰਦਾ ਦੇ ਦੇ ਲਾਲੀ
ਘਰ ਹੈ ਨੀ ਬਾਗ਼ ਦਾ ਮਾਲੀ ਵੇ।

ਚੜ੍ਹ ਚੜ੍ਹ ਚੰਦਾ ਵੇ
ਚੰਦ ਚੜ੍ਹਦਾ ਕਿਉਂ ਨਾ
ਰੁਸੜਾ ਮੇਰਾ ਲਾਲ

ਵਿਹੜੇ ਵੜਦਾ ਕਿਉਂ ਨਾ
ਵਾਲੀਆਂ ਤੇ ਵਾਲੇ ਦੇ ਵਿੱਚ
ਸੋਹੇ ਬਿੰਦੀ
ਚਤਰ ਜਿਹੀ ਨਾਰ
ਨਾਲ਼ ਮੂਰਖ ਮੰਗੀ
ਵਾਲੀਆਂ ਤੇ ਵਾਲੇ ਦੇ ਵਿੱਚ
ਸੋਹੇ ਟਿੱਕਾ
ਚਤਰੇ ਦੀ ਨਾਰ ਮੂਰਖ ਵਿਆਹੁਣ ਢੁੱਕਾ
ਚਤਰੇ ਦੀ ਨਾਰ ਬੈਠੀ ਸੀਸ ਗੁੰਦਾਵੇ
ਮੂਰਖ ਦੀ ਨਾਰ ਖੋਹਲ ਗਲਾਂ ਵਿੱਚ ਪਾਵੇ
ਚਤਰੇ ਦੀ ਨਾਰ ਬੈਠੀ ਧਾਗੇ ਵਟੇ
ਮੂਰਖ ਦੀ ਨਾਰ ਬੈਠੀ ਨੀਲ ਪਲੱਟੇ
ਚਤਰੇ ਦੀ ਨਾਰ ਬੈਠੀ ਹਾਰ ਪਰੋਵੇ
ਮੂਰਖ ਦੀ ਨਾਰ ਬੈਠੀ ਛਮ ਛਮ ਰੋਵੇ।

ਕਿਸੇ ਪਾਸੇ ਕੋਈ ਬਿਰਹਾ ਕੁੱਠੀ ਪ੍ਰਦੇਸੀਂ ਗਏ ਮਾਹੀ ਨੂੰ ਯਾਦ ਕਰਦੀ ਹੈ। ਨਵੇਂ ਤੋਂ ਨਵਾਂ ਗੀਤ ਉਗਮਦਾ ਹੈ ਤੇ ਦੂਰ ਦਿਸਹੱਦੇ ਤੇ ਚੰਦ ਦੀ ਲਾਲੀ ਉਭਰਨ ਲੱਗਦੀ ਹੈ ਤੇ ਸੁਆਣੀਆਂ ਬਲਟੋਹੀ ਜਾਂ ਝੱਕਰੇ ਵਿੱਚ ਕੱਚੀ ਲੱਸੀ ਪਾ ਕੇ ਉਹਦੇ ਵਿੱਚ ਆਪਣੇ ਆਪਣੇ ਹੱਥ ਪਾ ਕੇ ਧਰਤੀ ਤੇ ਬੈਠ ਜਾਂਦੀਆਂ ਹਨ ਤੇ ਉਸ ਨੂੰ ਘੁੰਮਾਉਂਦੀਆਂ ਹੋਈਆਂ ਹੇਠ ਲਿਖਿਆ ਗੀਤ ਗਾਉਂਦੀਆਂ ਹਨ:

ਸਿਉਂ ਦਿਓ ਪਰਸੋਂ ਦਿਓ
ਸਿਉਂ ਦਿਓ ਘਰ ਬਾਰ
ਬਾਲਾ ਚੰਦਾ ਅਰਘ ਦੇ
ਜਿਉਂ ਲਾੜੇ ਘਰ ਬਾਰ
ਹਥ ਫੜ੍ਹੀ ਸਿਰ ਧਰੀ
ਸੁਹਾਗਣ ਭਾਗਣ ਅਰਘ ਦੇ
ਚੁਬਾਰੇ ਚੜ੍ਹੀ।

ਇਹ ਗੀਤ ਸੱਤ ਵਾਰੀ ਗਾਇਆ ਜਾਂਦਾ ਹੈ ਤੇ ਇਸ ਮਗਰੋਂ ਕੱਚੀ ਲੱਸੀ ਦਾ ਚੰਦ ਨੂੰ ਛਿੱਟਾ ਦੇ ਕੇ ਅਰਘ ਦਿੱਤਾ ਜਾਂਦਾ ਹੈ। ਅਰਘ ਦੇਣ ਮਗਰੋਂ ਉਹ ਸਹੁਰਿਆਂ ਜਾਂ ਪੇਕਿਆਂ ਤੋਂ ਆਈ ਸਰਘੀ ਨਾਲ਼ ਵਰਤ ਖੋਹਲਦੀਆਂ ਹਨ ਤੇ ਇੰਜ ਕਰਵਾ ਚੌਥ ਦੀ ਰਸਮ ਸਮਾਪਤ ਹੋ ਜਾਂਦੀ ਹੈ।

# ਲੋਕ ਨਾਇਕ ਸੁੱਚਾ ਸਿੰਘ ਸੂਰਮਾ

ਪੁਰਾਤਨ ਸਮੇਂ ਤੋਂ ਹੀ ਪੰਜਾਬ ਦਾ ਲੋਕ ਮਾਨਸ ਉਨ੍ਹਾਂ ਯੋਧਿਆਂ ਤੇ ਸੂਰਬੀਰਾਂ ਨੂੰ ਆਪਣੀ ਦਿਲ ਤਖ਼ਤੀ 'ਤੇ ਬਿਠਾਉਂਦਾ ਆਇਆ ਹੈ ਜੋ ਆਪਣੇ ਸਮਾਜ, ਭਾਈਚਾਰੇ, ਸਵੈ-ਅਣਖ ਤੇ ਸਵੈਮਾਨ ਲਈ ਜੂਝਦੇ ਹੋਏ ਸੂਰਮਤਾਈ ਵਾਲੇ ਕਾਰਨਾਮੇ ਕਰ ਵਿਖਾਉਂਦੇ ਰਹੇ ਹਨ। ਇਹ ਸੂਰਬੀਰ ਯੋਧੇ ਜਨ ਸਾਧਾਰਨ ਲਈ ਇਕ ਆਦਰਸ਼ ਸਨ ਤੇ ਲੋਕ ਕਵੀ ਇਨ੍ਹਾਂ ਲੋਕ ਨਾਇਕਾਂ ਦੀ ਜੀਵਨ ਕਹਾਣੀ ਆਪਣੇ ਕਿੱਸਿਆਂ ਵਿੱਚ ਬੜਿਆਂ ਲਟਕਾਂ ਨਾਲ਼ ਬਿਆਨ ਕਰਦੇ ਰਹੇ ਹਨ। ਦੁੱਲਾ ਭੱਟੀ, ਜਿਊਣਾ ਮੌੜ, ਰਾਜਾ ਰਸਾਲੂ, ਮਿਰਜ਼ਾ ਅਤੇ ਸੁੱਚਾ ਸਿੰਘ ਸੂਰਮਾ ਪੰਜਾਬੀਆਂ ਦੇ ਹਰਮਨ ਪਿਆਰੇ ਲੋਕ ਨਾਇਨ ਹਨ।

ਸੁੱਚਾ ਸਿੰਘ ਸੂਰਮਾ ਪੰਜਾਬ ਦੇ ਮਾਲਵੇ ਦੇ ਇਲਾਕੇ ਦਾ ਪ੍ਰਸਿੱਧ ਡਾਕੂ ਹੋਇਆ ਹੈ ਜਿਸ ਨੂੰ ਹਾਲਾਤ ਨੇ ਡਾਕੇ ਮਾਰਨ ਲਈ ਮਜ਼ਬੂਰ ਕਰ ਦਿੱਤਾ ਸੀ। ਉਹ ਬੜਾ ਬਹਾਦਰ, ਨਿਰਭੈ, ਗਊ ਗ਼ਰੀਬ ਦੀ ਰੱਖਿਆ ਕਰਨ ਵਾਲਾ ਅਤੇ ਅਣਖ-ਸਵੈਮਾਨ ਲਈ ਜਾਨ ਹੂਲਣ ਵਾਲਾ ਗੱਭਰੂ ਸੀ ਜਿਸ ਦੀਆਂ ਵਾਰਾਂ ਪੰਜਾਬੀ ਬੜੇ ਉਤਸ਼ਾਹ ਨਾਲ ਗਾਉਂਦੇ ਹਨ:

> ਵਿੱਚ ਸਮਾਹਾਂ ਦੇ ਜਨਮਿਆ ਸੁੱਚਾ ਸਿੰਘ ਜੁਆਨ
> ਕੱਟ ਗਿਆ ਦਿਨ ਚਾਰ ਜੋ ਜਾਣੇ ਕੁੱਲ ਜਹਾਨ।

ਗੱਲ ਅੰਗਰੇਜ਼ਾਂ ਦੇ ਰਾਜ ਵੇਲੇ ਦੀ ਹੈ। ਰਿਆਸਤ ਪਟਿਆਲਾ ਦੇ ਪਿੰਡ ਸਮਾਂਹ ਵਿੱਚ ਅਤਰ ਸਿੰਘ ਦੇ ਘਰ ਸੁੱਚੇ ਦਾ ਜਨਮ ਹੋਇਆ। ਬਚਪਨ ਵਿੱਚ ਹੀ ਉਹਦੇ ਮਾਂ-ਬਾਪ ਮਰ ਗਏ। ਉਹਦੇ ਵੱਡੇ ਭਰਾ ਨਰੈਣੇ ਨੇ ਉਹਦੀ ਪਾਲਣਾ ਪੋਸਣਾ ਕੀਤੀ। ਉਹ ਬਹੁਤ ਥੋੜ੍ਹੀ ਜ਼ਮੀਨ ਦੇ ਮਾਲਕ ਸਨ। ਗੁਜ਼ਾਰਾ ਬੜੀ ਮੁਸ਼ਕਲ ਨਾਲ਼ ਹੋ ਰਿਹਾ ਸੀ। ਰੁਲ ਖੁਲ ਕੇ ਪਲਦਾ ਸੁੱਚਾ ਜਵਾਨੀ ਦੀਆਂ ਬਰੂਹਾਂ 'ਤੇ ਪੁੱਜ ਗਿਆ... ਗੁੰਦਵਾਂ ਤੇ ਛਾਂਟਵਾਂ ਸਰੀਰ, ਚੋ-ਚੋ ਪੈਂਦਾ ਗੁਲਾਬੀ ਭਾਅ ਮਾਰਦਾ ਰੰਗ ਰਾਹ ਜਾਂਦਿਆਂ ਦੇ ਦਿਲ ਧੂਹ ਕੇ ਲੈ ਜਾਂਦਾ:

> ਛੈਲ ਛਬੀਲਾ ਨਿਕਲਿਆ ਸੁੱਚਾ, ਭਰਿਆ ਨਾਲ਼ ਜਵਾਨੀ
> ਸੋਹਣਾ ਰੂਪ ਸੁੰਦਰ ਸੀ ਵਸਦਾ, ਨੈਣ ਭਰੇ ਮਸਤਾਨੀ

ਨਿਕਲਿਆ ਬਾਂਕਾ ਸੂਰਮਾ ਸੁੱਚਾ,
ਪਿੰਡ ਵਿੱਚ ਨਹੀਂ ਕੋਈ ਸਾਨੀਂ
ਹੱਥ ਵਿੱਚ ਖੂੰਡਾ ਮਾਝੇ ਵਾਲਾ,
ਦਿੱਸੇ ਬੜਾ ਸੁਹਾਨੀ
ਸੁੱਚੇ ਸੂਰਮੇ ਦੀ,
ਕਰਾਂ ਕੀ ਸਿਫ਼ਤ ਜ਼ਬਾਨੀ।

(ਗੁਰਮੁਖ ਸਿੰਘ ਬੇਦੀ)

ਸਮਾਂਹ ਵਿੱਚ ਘੁੱਕਰ ਨਾਂ ਦਾ ਵੈਲੀ ਪਹਿਲਵਾਨ ਸੀ ਜਿਸ ਦੀ ਸੁੱਚੇ ਨਾਲ਼ ਦੋਸਤੀ ਹੋ ਗਈ। ਦੋਨੋਂ ਇਕੱਠੇ ਕਸਰਤ ਕਰਦੇ, ਘੋਲ ਘੁਲਦੇ। ਘੁੱਕਰ ਨੇ ਸੁੱਚੇ ਨੂੰ ਆਪਣਾ ਪਗ-ਵੱਟ ਭਰਾ ਬਣਾ ਲਿਆ। ਉਹ ਅਕਸਰ ਸੁੱਚੇ ਦੇ ਘਰ ਆਉਣ ਲੱਗਾ। ਸੁੱਚੇ ਦੇ ਵੱਡੇ ਭਰਾ ਨਰੈਣੇ ਦੀ ਭਰ ਜੋਬਨ ਮੁਟਿਆਰ ਵਹੁਟੀ ਬੀਰੋ ਦੀ ਮਸ਼ਾਲ ਵਾਂਗ ਲਟ ਲਟ ਬਲਦੀ ਅੱਖ ਜਦੋਂ ਘੁੱਕਰ ਨਾਲ਼ ਲੜੀ ਤਾਂ ਉਹ ਵਿਨ੍ਹਿਆਂ ਗਿਆ। ਬੀਰੋ ਨੂੰ ਪਾਉਣ ਲਈ ਉਹ ਬਿਉਂਤਾਂ ਬਨਾਉਣ ਲੱਗਾ। ਉਸ ਦਾ ਮਨ ਬੇਈਮਾਨ ਹੋ ਗਿਆ। ਉਸ ਦੇ ਲਈ ਸੁੱਚਾ ਰਾਹ ਦਾ ਰੋੜਾ ਬਣਿਆ ਖਲੋਤਾ ਸੀ। ਰੋੜਾ ਕਿਵੇਂ ਦੂਰ ਹੋਵੇ... ਮੰਦਵਾੜੇ ਦੇ ਦਿਨ ਸਨ, ਘੁੱਕਰ ਸੁੱਚੇ ਨੂੰ ਵਰਗਲਾ ਕੇ ਫੌਜ ਵਿੱਚ ਭਰਤੀ ਹੋਣ ਲਈ ਫਿਰੋਜ਼ਪੁਰ ਛਾਉਣੀ ਲੈ ਵੜਿਆ। ਸੁੱਚਾ ਤਾਂ ਭਰਤੀ ਹੋ ਗਿਆ ਪਰੰਤੂ ਘੁੱਕਰ ਬਹਾਨਾ ਘੜ ਕੇ ਵਾਪਸ ਪਿੰਡ ਆ ਗਿਆ।

ਧੋਖਾ ਕਰਿਆ ਮੱਲ ਨੇ ਸੁੱਚੇ ਦੇ ਨਾਲ ਜੀ
ਦੇ ਕੇ ਦਲਾਸਾ ਪਹਿਲਾਂ ਲੈ ਗਿਆ ਨਾਲ ਜੀ
ਕਿੱਡਾ ਦਗ਼ਾ ਕੀਤਾ ਨਾਲ ਪਾਜੀ ਯਾਰ ਦੇ
ਨੌਕਰ ਕਰਾਤਾ ਪਿੱਛੇ ਬੀਰੋ ਨਾਰ ਦੇ

(ਗੀਠਾ ਦੀਨ)

ਓਧਰ ਸੁੱਚਾ ਫੌਜ ਵਿੱਚ ਭਰਤੀ ਹੋ ਕੇ ਦੂਰ ਚਲਿਆ ਗਿਆ। ਏਧਰ ਘੁੱਕਰ ਨੇ ਅਤਿ ਚੁੱਕ ਲਈ। ਉਸ ਦੇ ਵੈਲਪੁਣੇ ਕਾਰਨ ਪਿੰਡ ਵਿੱਚ ਉਹਦੇ ਸਾਹਮਣੇ ਕੋਈ ਕੁਸਕਦਾ ਨਹੀਂ ਸੀ। ਉਹਨੇ ਨਰੈਣੇ ਦੀ ਪ੍ਰਵਾਹ ਨਾ ਕਰਦਿਆਂ ਬੀਰੋ ਨੂੰ ਅਜਿਹਾ ਫੁਸਲਾਇਆ ਕਿ ਉਹ ਸ਼ਰੇਆਮ ਘੁੱਕਰ ਦੇ ਘਰ ਆਉਣ ਜਾਣ ਲੱਗੀ। ਸਾਰੇ ਪਿੰਡ ਵਿੱਚ ਤੋਏ-ਤੋਏ ਹੋ ਰਹੀ ਸੀ। ਨਰੈਣੇ ਨੇ ਘੁੱਕਰ ਦੇ ਲੱਖ ਵਾਸਤੇ ਪਾਏ, ਸੁੱਚੇ ਦੀ ਵਟਾਈ ਪੱਗ ਦੀ ਲਾਜ ਪਾਲਣ ਲਈ ਆਖਿਆ। ਉਹਨੇ ਬੀਰੋ ਨੂੰ ਵੀ ਵੱਖ ਸਮਝਾਇਆ, ਘੂਰਿਆ-ਘਪਿਆ ਪਰ ਹੰਕਾਰਿਆ ਘੁੱਕਰ ਸਗੋਂ ਹੋਰ ਮਸਤ ਗਿਆ:

ਆਖਦਾ ਘੁੱਕਰ ਮੇਰੀ ਸੁਣੋ ਗੱਲ ਜੋ
ਬੋਲਿਆ ਜਾਂ ਇਹਨੂੰ ਤੇਰੀ ਲਾਹਦੂੰ ਖੱਲ ਜੋ
ਤੂੰ ਕੀ ਦੱਸ ਲਗਦਾ ਹੈਂ ਬੀਰੋ ਨਾਰ ਦਾ

ਆਖਦਾ ਘੁੱਕਰ ਭਰਿਆ ਹੰਕਾਰ ਦਾ
ਦੋਹਾਂ ਦਾ ਮੈਂ ਕੁੱਟ ਕੇ ਬਣਾ ਦੂੰ ਚੂਰਮਾ
ਉਹਨੂੰ ਵੀ ਸਦਾ ਲੈ ਜੋ ਕਹਾਵੇ ਸੂਰਮਾ
ਪੀਊਂ ਥੋਡੀ ਰੱਤ ਖੜ੍ਹਾ ਲਲਕਾਰਦਾ
ਆਖਦਾ ਘੁੱਕਰ ਭਰਿਆ ਹੰਕਾਰ ਦਾ

(ਰੀਠਾ ਦੀਨ)

ਘੁੱਕਰ ਨੇ ਵਟਾਈ ਪੱਗ ਦੀ ਲਾਜ ਨਾ ਰੱਖੀ। ਨਰੈਣੇ ਦਾ ਜੀਣਾ ਹਰਾਮ ਹੋ ਗਿਆ। ਸ਼ਰੇਆਮ ਉਹਦੀ ਵਹੁਟੀ ਘੁੱਕਰ ਦੇ ਘਰ ਵਸਦੀ ਪਈ ਸੀ। ਸੱਥ ਵਿੱਚ ਰੁਲਦੀ ਪੱਗ ਉਸ ਤੋਂ ਸਹਾਰੀ ਨਾ ਗਈ। ਉਸ ਨੇ ਆਪਣੇ ਛੋਟੇ ਵੀਰ ਸੁੱਚੇ ਨੂੰ ਖ਼ਤ ਲਿਖ ਕੇ ਸਾਰੇ ਹਾਲਾਤ ਤੋਂ ਜਾਣੂੰ ਕਰਵਾ ਦਿੱਤਾ।

ਸੁੱਚਾ ਨਰੈਣੇ ਦੀ ਚਿੱਠੀ ਪੜ੍ਹਦੇ ਸਾਰ ਹੀ ਤੜਫ਼ ਉੱਠਿਆ। ਉਹਦੀ ਅਣਖ ਜਾਗ ਪਈ ਤੇ ਖ਼ੂਨ ਉਬਾਲੇ ਖਾਣ ਲੱਗਾ। ਉਹਨੇ ਆਪਣੇ ਅੰਗਰੇਜ਼ ਅਫ਼ਸਰ ਕੋਲ ਜਾ ਅਰਜ਼ ਗੁਜ਼ਾਰੀ। ਅਜੇ ਕੁਝ ਦਿਨ ਪਹਿਲਾਂ ਹੀ ਸੁੱਚੇ ਨੇ ਸਾਹਿਬ ਦੇ ਬੰਗਲੇ ਨੂੰ ਜਦੋਂ ਅੱਗ ਲੱਗੀ ਹੋਈ ਸੀ, ਮੇਮ ਤੇ ਉਹਦੇ ਦੋ ਬੱਚਿਆਂ ਨੂੰ ਬਲਦੀਆਂ ਲਾਟਾਂ ਵਿਚੋਂ ਕੱਢ ਕੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਉਨ੍ਹਾਂ ਦੀ ਜਾਨ ਬਚਾਈ ਸੀ....। ਸਾਹਿਬ ਉਹਦੀ ਬਹਾਦਰੀ 'ਤੇ ਅਸ਼ ਅਸ਼ ਕਰ ਉਠਿਆ ਸੀ। ਉਸ ਨੇ ਸੁੱਚੇ ਨੂੰ ਸ਼ੁਕਰਾਨੇ ਵਜੋਂ ਇਕ ਰਾਈਫਲ ਤੇ 500 ਰੁਪਏ ਨਕਦ ਇਨਾਮ ਦੇ ਦਿੱਤੇ ਸਨ।

ਸਾਹਿਬ ਨੇ ਸੁੱਚੇ ਦੀ ਛੁੱਟੀ ਮਨਜ਼ੂਰ ਕਰ ਦਿੱਤੀ। ਉਹਨੇ ਰਾਈਫ਼ਲ ਤੇ ਕਾਰਤੂਸ ਆਪਣੇ ਬਿਸਤਰੇ 'ਚ ਬੰਨ੍ਹੇ ਤੇ ਸਮਾਂਹ ਨੂੰ ਚੱਲ ਪਿਆ। ਇਕ ਜਵਾਲਾ ਉਹਦੇ ਸੀਨੇ 'ਚ ਭੜਕ ਰਹੀ ਸੀ, ਅੱਖੀਆਂ ਅੰਗਿਆਰ ਵਰ੍ਹਾ ਰਹੀਆਂ ਸਨ।

ਕਈ ਦਿਨਾਂ ਦੇ ਸਫ਼ਰ ਮਗਰੋਂ ਸੁੱਚਾ ਸਮਾਂਹ ਪੁੱਜ ਗਿਆ। ਨਰੈਣੇ ਨੇ ਧਾ ਗਲਵੱਕੜੀ ਪਾਈ:

ਰੋ ਕੇ ਪਾ ਲਈ ਨਰੈਣੇ ਨੇ ਭਰਾ ਨੂੰ ਜਫੜੀ
ਖੁਸ਼ਕੀ ਸੇ ਹੋ ਗਈ ਐ ਪਿੰਡੇ 'ਤੇ ਧਫੜੀ
ਮਰ ਗਿਆ ਸੁੱਚਾ ਸਿੰਘਾ ਪਾ ਦੇ ਠੰਢ ਵੀਰਨਾ
ਆ ਗਿਆ ਸਬੱਬੀਂ ਦੁੱਖ ਵੰਡ ਵੀਰਨਾ

(ਰਜਬ ਅਲੀ)

ਨਰੈਣੇ ਨੇ ਦਿਲ ਦੀਆਂ ਖੋਲ੍ਹ ਸੁਣਾਈਆਂ। ਬੀਰੋ ਉਪਰੋਂ ਉਪਰੋਂ ਸੁੱਚੇ ਦੁਆਲੇ ਅਸ਼ਨੇ ਪਸ਼ਨੇ ਕਰਦੀ ਫਿਰਦੀ ਸੀ। ਕਈ ਦਿਨ ਲੰਘ ਗਏ। ਸੁੱਚਾ ਅੰਦਰੋਂ ਅੰਦਰ

ਵਿਸ ਘੋਲ ਰਿਹਾ ਸੀ। ਘੁੱਕਰ ਤੇ ਭਾਗ ਉਹਦੀਆਂ ਅੱਖੀਆਂ 'ਚ ਰੜਕ ਰਹੇ ਸਨ। ਕੋਈ ਸਬੱਬ ਨਹੀਂ ਸੀ ਬਣ ਰਿਹਾ।

ਆਖਰ ਇਕ ਦਿਨ ਸਬੱਬ ਬਣ ਹੀ ਗਿਆ। ਪਿੰਡ ਵਿੱਚ ਗਾਉਣ ਲੱਗਿਆ ਹੋਇਆ ਸੀ। ਘੁੱਕਰ ਹੋਰੀਂ ਸ਼ਰਾਬ ਵਿੱਚ ਮਸਤ ਹੋਏ ਚਾਂਭੜਾਂ ਪਾ ਰਹੇ ਸਨ। ਸੁੱਚਾ ਅਖਾੜੇ ਵਿੱਚ ਖੇਸ ਦੀ ਬੁੱਕਲ ਮਾਰ ਰਫਲ ਲਕੋਈ ਬੈਠਾ ਸੀ। ਬੱਕਰੇ ਬੁਲਾਉਂਦੇ ਘੁੱਕਰ ਨੂੰ ਵੇਖਦੇ ਸਾਰ ਹੀ ਸੁੱਚੇ ਨੇ ਖੇਸੀ ਪਰੇ ਵਗਾਹ ਮਾਰੀ ਤੇ ਰਫਲ ਨਾਲ਼ ਫ਼ਾਇਰ ਕਰ ਦਿੱਤਾ। ਅਖਾੜੇ ਵਿੱਚ ਹਫੜਾ ਦਫੜੀ ਪੈ ਗਈ ਤੇ ਉਹਨੇ ਘੁੱਕਰ ਨੂੰ ਜਾ ਘੇਰਿਆ:

ਰਾਤ ਦਿਨ ਭੋਗ ਕੇ ਪਰਾਈਆਂ ਤੀਵੀਆਂ
ਸੂਰਮਾ ਸਦਾਮੇਂ ਅੱਖਾਂ ਪਾਵੇਂ ਨੀਵੀਆਂ
ਪਾਈ ਨਾ ਕਦਰ ਲਾਲ ਦੀ ਪਰਖ ਕੇ
ਲਾਲ ਸੂਹਾ ਹੋ ਗਿਆ ਸੂਰਮਾ ਹਰਖ ਕੇ
ਮੋਢੇ ਨਾਲ਼ ਲਾਵੇ ਚੱਕ ਕੇ ਮਸ਼ੀਨ ਨੂੰ
ਪੇਚ ਨੂੰ ਨਕਾਲ ਭਰੇ ਮੈਗ਼ਜ਼ੀਨ ਨੂੰ
ਮੱਲ ਵੰਨੀ ਛੱਡੇ ਜੋੜ ਜੋੜ ਸ਼ਿਸ਼ਤਾਂ
ਦੇਰ ਨਾ ਲ਼ਗਾਵੇ ਤਾਰ ਦੇਵੇ ਕਿਸ਼ਤਾਂ
ਰਜਬ ਅਲੀ ਘੜੀ ਵਿਚ ਉਡ਼ਾਤੀ ਗਰਦ ਐ
ਆਖਰ ਸ਼ਰਮ ਜੀਹਦੇ ਜਾਣੋ ਮਰਦ ਐ

ਘੁੱਕਰ ਮੱਲ ਨੂੰ ਗੋਲੀਆਂ ਨਾਲ਼ ਭੁੰਨ ਕੇ ਸੁੱਚੇ ਨੇ ਭਾਗ ਨੂੰ ਆ ਘੇਰਿਆ ਤੇ ਉਸ ਦੇ ਗੋਲੀ ਮਾਰ ਦਿੱਤੀ। ਇਸ ਮਗਰੋਂ ਉਹਨੇ ਘਰੋਂ ਜਾ ਕੇ ਬੀਰੋ ਨੂੰ ਧੂਹ ਲਿਆਂਦਾ ਤੇ ਦੋਹਾਂ ਲੋਥਾਂ ਕੋਲ ਲਿਆ ਕੇ ਉਹ ਨੂੰ ਵੀ ਪਾਰ ਬੁਲਾ ਦਿੱਤਾ। ਤਿੰਨਾਂ ਨੂੰ ਮਾਰਨ ਮਗਰੋਂ ਸੁੱਚਾ ਬੱਕਰੇ ਬੁਲਾਉਂਦਾ ਹੋਇਆ ਬੋਤੇ 'ਤੇ ਸਵਾਰ ਹੋ ਕੇ ਫਰਾਰ ਹੋ ਗਿਆ। ਸਾਰੇ ਇਲਾਕੇ ਵਿਚ 'ਸੁੱਚਾ' 'ਸੁੱਚਾ' ਹੋਣ ਲੱਗੀ। ਇਕ ਪਠਾਣ ਉਹਦਾ ਪਿੱਛਾ ਕਰਦਾ ਹੋਇਆ ਆਪਣੀ ਜਾਨ ਗੰਵਾ ਬੈਠਾ। ਪੁਲੀਸ ਦੇ ਉਹ ਹੱਥ ਨਾ ਲੱਗਾ ਤੇ ਬੀਕਾਨੇਰ ਦੇ ਇਲਾਕੇ ਵਿੱਚ ਡਾਕੂਆਂ ਨਾਲ਼ ਜਾ ਰਲਿਆ। ਡਾਕੂ ਦੇ ਰੂਪ ਵਿੱਚ ਉਹਦੀ ਥਾਂਕ ਪੈ ਗਈ। ਕਈ ਰੱਜੇ ਪੁੱਜੇ ਸੂਦਖੋਰ ਸ਼ਾਹੂਕਾਰ ਉਹਨੇ ਲੁੱਟੇ। ਉਹ ਗ਼ਰੀਬ ਦਾ ਦਰਦੀ ਸੀ, ਲੁੱਟ ਦਾ ਮਾਲ ਉਹ ਗ਼ਰੀਬਾਂ ਵਿੱਚ ਵੰਡ ਦਿੰਦਾ। ਉਹਦੀ ਬਹਾਦਰੀ ਦੀਆਂ ਧੁੰਮਾਂ ਪਈਆਂ ਹੋਈਆਂ ਸਨ ਜਿਸ ਕਰਕੇ ਪੁਲੀਸ ਉਹਦੇ ਨਾਲ਼ ਟਾਕਰਾ ਕਰਨੋਂ ਕੰਨੀ ਕਤਰਾਉਂਦੀ ਸੀ। ਉਹ ਆਮ ਲੋਕਾਂ ਦੇ ਘਰੀਂ ਜਾ ਲੁਕਦਾ। ਇਕ ਦਿਨ ਉਹਨੇ ਇਕ ਮਾਈ ਦੇ ਆਖਣ 'ਤੇ ਪੰਜ ਬੁੱਚੜਾਂ ਨੂੰ ਮਾਰ ਕੇ ਕਈ ਗਊਆਂ ਦੀ ਜਾਨ ਬਚਾਈ। ਸਾਰੇ ਇਲਾਕੇ ਵਿੱਚ ਸੁੱਚੇ

ਦੀ ਬੱਲੇ ਬੁੱਲੇ ਸੀ। ਉਹ ਲੁਕਵੇਂ ਰੂਪ ਵਿਚ ਆਪਣੇ ਇਲਾਕੇ ਵਿੱਚ ਗੇੜਾ ਮਾਰਦਾ। ਇਕ ਦਿਨ ਉਹਦੇ ਚਾਚੇ ਦੇ ਪੁੱਤ ਬਸੰਤ ਨੇ ਜੋ ਗਹਿਰੀ ਦਾ ਰਹਿਣ ਵਾਲਾ ਸੀ, ਸੁੱਚੇ ਅੱਗੇ ਆ ਦੁੱਖ ਰੋਇਆ ਕਿ ਉਹਦੀ ਚਾਚੀ ਰਾਜੋ ਉਸੇ ਪਿੰਡ ਦੇ ਇਕ ਵੈਲੀ ਜੱਟ ਗੱਜਣ ਨੇ ਧੱਕੇ ਨਾਲ਼ ਸਾਂਭੀ ਹੋਈ ਹੈ। ਗਹਿਰੀ ਜਾ ਕੇ ਸੁੱਚੇ ਨੇ ਖੇਤਾਂ ਵਿੱਚ ਹਾੜ੍ਹੀ ਵੱਢਦੇ ਗੱਜਣ ਨੂੰ ਗੋਲੀ ਮਾਰੀ ਤੇ ਮਗਰੋਂ ਰਾਜੋ ਨੂੰ ਵੀ ਗੋਲੀਆਂ ਨਾਲ਼ ਭੁੰਨ ਦਿੱਤਾ।

ਅਣਖੀਲੇ ਸੂਰਮੇ ਸੁੱਚਾ ਸਿੰਘ ਦੀ ਬਹਾਦਰੀ ਦੇ ਚਰਚੇ ਸਾਰੇ ਇਲਾਕੇ ਵਿੱਚ ਹੋ ਰਹੇ ਸਨ। ਨਮੋਸ਼ੀ ਦੀ ਮਾਰੀ ਪੁਲੀਸ ਉਸ ਨੂੰ ਫੜਣੋਂ ਅਸਮਰਥ ਸੀ। ਸਰਕਾਰ ਨੇ ਸੁੱਚੇ ਨੂੰ ਫੜਾਉਣ ਲਈ ਇਨਾਮ ਵੀ ਐਲਾਨਿਆ ਹੋਇਆ ਸੀ।

ਲਾਲਚ ਮਿੱਤਰਾਂ ਨੂੰ ਵੀ ਭੁਲਾ ਦਿੰਦਾ ਹੈ। ਆਖਰ ਇਕ ਦਿਨ ਲਾਲਚ-ਵਸ ਸੁੱਚੇ ਦੇ ਮਿੱਤਰ ਮਹਾਂ ਸਿੰਘ ਨੇ, ਜਦੋਂ ਉਹ ਸੰਗਤਪੁਰੇ ਉਹਦੇ ਘਰ ਸੁੱਤਾ ਹੋਇਆ ਸੀ, ਪੁਲੀਸ ਨੂੰ ਬੁਲਾ ਕੇ ਉਹਨੂੰ ਫੜਾ ਦਿੱਤਾ। ਨਿਹੱਥਾ ਸੂਰਮਾ ਕਚੀਚੀਆਂ ਵੱਟਦਾ ਰਹਿ ਗਿਆ।

ਮੁਕੱਦਮਾ ਚੱਲਿਆ। ਪਟਿਆਲੇ ਦੇ ਰਾਜੇ ਨੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਪੰਜਾਬ ਦਾ ਅਣਖੀਲਾ ਗੱਭਰੂ ਹੱਸਦਾ ਹੱਸਦਾ ਫਾਂਸੀ 'ਤੇ ਲਟਕ ਗਿਆ ਤੇ ਲੋਕ-ਕਵੀਆਂ ਨੇ ਇਸ ਸੂਰਮੇ ਦੀ ਜੀਵਨ ਕਹਾਣੀ ਨੂੰ ਕਿੱਸਿਆਂ ਦੇ ਰੂਪ ਵਿੱਚ ਸਾਂਭ ਲਿਆ। ਗੀਠਾ ਦੀਨ, ਰਜਬ ਅਲੀ, ਗੁਰਮੁਖ ਸਿੰਘ ਬੇਦੀ, ਸ਼ਿਆਮ ਸਿੰਘ ਤੇ ਛੱਜੂ ਸਿੰਘ ਨੇ ਸੁੱਚਾ ਸਿੰਘ ਸੂਰਮੇ ਬਾਰੇ ਕਿੱਸੇ ਰਚੇ ਹਨ ਜਿਨ੍ਹਾਂ ਨੂੰ ਅੱਜ ਵੀ ਪੰਜਾਬ ਦੇ ਲੋਕ ਬੜੇ ਚਾਵਾਂ ਨਾਲ਼ ਪੜ੍ਹ ਕੇ ਆਨੰਦ ਮਾਣਦੇ ਹਨ ਅਤੇ ਅਣਖੀ ਸੂਰਮੇ ਨੂੰ ਸੈਆਂ ਸਲਾਮਾਂ ਕਰਦੇ ਹਨ।

## ਰਾਂਝਾ ਫੁੱਲ ਗੁਲਾਬ ਦਾ

ਹੀਰ ਜੰਮੀ ਸੀ ਝੰਗ ਸਿਆਲੀਂ
ਰਾਂਝਾ ਤਖਤ ਹਜ਼ਾਰੇ
ਦੁਖੀਏ ਆਸ਼ਕ ਨੂੰ
ਨਾ ਝਿੱੜਕੀਂ ਮੁਟਿਆਰੇ।

ਤਖਤ ਹਜ਼ਾਰੇ ਦੇ ਚੌਧਰੀ ਮੌਜੂ ਦਾ ਪੁੱਤਰ ਧੀਦੋ ਆਪਣੇ ਭਰਾਵਾਂ ਅਤੇ ਭਾਬੀਆਂ ਨਾਲ ਗੁੱਸੇ ਹੋ ਝੰਗ ਸਿਆਲੀਂ ਆ ਪੁੱਜਾ। ਏਥੋਂ ਦੇ ਚੌਧਰੀ ਚੂਚਕ ਦੀ ਅਲਬੇਲੀ ਧੀ ਹੀਰ ਨਾਲ ਧੀਦੋ ਰਾਂਝੇ ਦਾ ਪਿਆਰ ਪੈ ਗਿਆ। ਕਹਿੰਦੇ ਹਨ ਰਾਂਝਾ ਪੂਰੇ ਬਾਰਾਂ ਵਰ੍ਹੇ ਹੀਰ ਸਲੇਟੀ ਦੀਆਂ ਮੱਝਾਂ ਚਰਾਂਦਾ ਰਿਹਾ। ਪਰੰਤੂ ਹੀਰ ਦੇ ਮਾਪਿਆਂ ਨੇ ਇਨ੍ਹਾ ਦੇ ਪਿਆਰ ਨੂੰ ਪਰਵਾਨ ਨਾ ਕੀਤਾ ਸਗੋਂ ਹੀਰ ਦਾ ਵਿਆਹ ਰੰਗਪੁਰ ਖੇੜੇ ਦੇ ਸੈਦੇ ਨਾਲ ਜ਼ੋਰੀਂ ਕਰ ਦਿੱਤਾ। ਹੀਰ ਵਿਲਕਦੀ ਰਹੀ, ਉਸ ਦੀ ਕਿਸੇ ਇਕ ਨਾ ਮੰਨੀ। ਰਾਂਝੇ ਨੇ ਮੱਝੀਆਂ ਛੱਡ ਦਿੱਤੀਆਂ ਤੇ ਜੋਗੀ ਦਾ ਭੇਸ ਧਾਰ ਕੇ ਰੰਗਪੁਰ ਖੇੜੇ ਪੁੱਜ ਗਿਆ। ਹੀਰ ਦੀ ਨਣਦ ਸਹਿਤੀ ਦੁਆਰਾ ਰਾਂਝੇ ਦਾ ਮੇਲ ਹੀਰ ਨਾਲ ਹੋਇਆ। ਹੀਰ ਲੜੇ ਸੱਪ ਦਾ ਬਹਾਨਾ ਬਣਾ ਕੇ ਰਾਂਝੇ ਜੋਗੀ ਪਾਸ ਪੁੱਜੀ ਰਾਤ ਸਮੇ ਦੋਨੋ ਨੱਸ ਟੁਰੇ। ਖੇੜਿਆਂ ਨੇ ਉਨ੍ਹਾ ਦਾ ਪਿੱਛਾ ਕੀਤਾ, ਅੰਤ ਦੋਨੋ ਨਾਹੜਾਂ ਦੇ ਇਲਾਕੇ ਵਿੱਚ ਫੜੇ ਗਏ । ਝਗੜਾ ਕੋਟਕਬੂਲੇ ਦੇ ਹਾਕਮ ਪਾਸ ਪੁੱਜਾ। ਉਹਨੇ ਹੀਰ ਸੈਦੇ ਖੇੜੇ ਨੂੰ ਮੁੜਵਾ ਦਿੱਤੀ। ਕਹਿੰਦੇ ਨੇ ਉਸੇ ਵੇਲੇ ਕੋਟਕਬੂਲੇ ਨੂੰ ਅੱਗ ਲੱਗ ਗਈ। ਲੋਕਾਂ ਸਮਝਿਆ ਕਿ ਇਹ ਹੀਰ ਰਾਂਝੇ ਦੀ ਬਦਅਸੀਸ ਦਾ ਫਲ ਹੈ। ਸੋ ਉਸੇ ਵੇਲੇ ਹਾਕਮ ਨੂੰ ਆਪਣਾ ਫੈਸਲਾ ਬਦਲਨਾ ਪਿਆ। ਇਸ ਪ੍ਰਕਾਰ ਹੀਰ ਮੁੜ ਰਾਂਝੇ ਨੂੰ ਮਿਲ ਗਈ ਤੇ ਉਹ ਕਵੀ ਦਮੋਦਰ ਅਨੁਸਾਰ ਮੱਕੇ ਨੂੰ ਚਲੇ ਗਏ। ਇਸ ਰੁਮਾਂਸ ਦਾ ਅੰਤ ਇਹ ਵੀ ਦੱਸਿਆ ਜਾਂਦਾ ਹੈ ਕਿ ਰਾਂਝਾ ਕੋਟਕਬੂਲੇ ਤੋਂ ਹੀਰ ਲੈ ਆਇਆ ਤਾਂ ਹੀਰ ਦੇ ਬਾਪ ਚੂਚਕ ਨੇ ਰਾਂਝੇ ਨੂੰ ਆਖਿਆ ਕਿ ਉਹ ਤਖਤ ਹਜ਼ਾਰੇ ਤੋਂ ਜੰਝ ਚਾੜ੍ਹ ਲਿਆਵੇ ਤਾਂ ਜੋ ਉਹ ਹੀਰ ਨੂੰ ਸ਼ਗਨਾਂ ਨਾਲ ਤੋਰਨ । ਰਾਂਝਾ ਜੰਝ ਲੈਣ ਚਲਿਆ ਗਿਆ ਤੇ ਮਗਰੋਂ ਚੂਚਕ ਨੇ ਹੀਰ ਦੇ ਚਾਚੇ ਕੈਦੋਂ ਦੇ ਆਖੇ ਲਗ

ਕੇ ਹੀਰ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਰਾਂਝਾ ਜੰਞ ਲੈ ਆਇਆ-ਅੱਗੋਂ ਹੀਰ ਦੀ ਮੌਤ ਸੁਣ ਕੇ ਰਾਂਝੇ ਨੇ ਵੀ ਹੀਰ ਦੀ ਕਬਰ ਤੇ ਟੱਕਰਾਂ ਮਾਰ ਆਪਣੇ ਪ੍ਰਾਣ ਤਿਆਗ ਦਿੱਤੇ।

ਹੀਰ ਰਾਂਝੇ ਦੀ ਪ੍ਰੀਤ ਕਹਾਣੀ ਨੇ ਪੰਜਾਬੀਆਂ ਦੇ ਦਿਲਾਂ ਤੇ ਇਕ ਅਮਿੱਟ ਛਾਪ ਲਾ ਦਿੱਤੀ ਹੈ। ਪੰਜਾਬ ਦੇ ਰੋਮ ਰੋਮ ਵਿੱਚ ਇਹ ਕਹਾਣੀ ਰਚੀ ਪਈ ਹੈ!

ਪੰਜਾਬ ਦੀ ਗੋਰੀ ਨੇ ਇਸ ਕਥਾ ਨੂੰ ਆਪਣੇ ਗੀਤਾਂ ਵਿੱਚ ਬੜੇ ਪਿਆਰੇ ਅੰਦਾਜ ਨਾਲ ਗਾਇਆ ਹੈ।

ਗੋਰੀ ਆਪਣੇ ਆਪ ਨੂੰ ਹੀਰ ਅਤੇ ਆਪਣੇ ਗੱਭਰੂ ਨੂੰ ਰਾਂਝੇ ਦੇ ਸਮਾਨ ਸਮਝਦੀ ਹੈ: -

ਕੁੜੀਏ ਨੀ ਧਨੀਆ ਨੀ ਬੀਜੀਏ
ਝੰਗ ਸਿਆਲਾਂ ਦੇ ਖੂਹ ਤੇ
ਮੁੰਡਿਆ ਵੇ ਬੰਸਰੀ ਵਾਲਿਆ
"ਆ ਮਿਲੀਏ ਝੰਗ ਸਿਆਲਾਂ ਦੇ ਖੂਹ ਤੇ

ਆਪਣੇ ਰਾਂਝੇ ਨੂੰ ਉਹ ਗੁਲਾਬ ਦੇ ਫੁੱਲ ਨਾਲ ਤੁਲਨਾ ਦੇਂਦੀ ਹੈ: -

ਵਗਦੀ ਰਾਵੀ ਵਿੱਚ, ਦੁੰਬ ਵੇ ਜਵਾਰ ਦਾ
ਮੈਂ ਅੰਗ੍ਰੇਜਣ ਬੂਟੀ
ਰਾਂਝਾ ਫੁੱਲ ਵੇ ਗੁਲਾਬ ਦਾ

ਗੋਰੀ ਆਪਣੇ ਰਾਂਝੇ ਨਾਲ ਮਹੱਬਤ ਦੀ ਖੇਤੀ ਸਾਂਝੀ ਬੀਜਦੀ ਹੈ ਜਿੱਥੇ ਲੌਂਗ ਸੁਪਾਰੀ ਲੱਗਦੇ ਹਨ: -

ਕਾਹੇ ਦੀ ਕਾਰਨ ਮਹਿਲ ਚੁਣਾਏ
ਕਾਹੇ ਨੂੰ ਰੱਖੀਆਂ ਮੋਰੀਆਂ
ਵਸਣੇ ਦੇ ਕਾਰਨ ਮਹਿਲ ਚੁਣਾਏ
ਵੇਖਣੇ ਨੂੰ ਰੱਖੀਆਂ ਮੋਰੀਆਂ
ਆ ਮੀਆਂ ਰਾਂਝਾ ਖੇਤੀ ਵੀ ਕਰੀਏ
ਖੇਤੀ ਕਰ ਲਈਏ ਨਿਆਰੀ
ਇਸ ਕਿਆਰੀ ਵਿੱਚ ਕੀ ਕੁਝ ਬੀਜਿਆ
ਬੀਜਿਆ ਲੌਂਗ ਸੁਪਾਰੀ
ਗੜਵਾ ਗੜਵਾ ਸੱਜਨਾ ਨੇ ਪਾਇਆ
ਲੱਗੇ ਲੌਂਗ ਸੁਪਾਰੀ

ਉਹ ਆਪਣੇ ਦਿਲ ਦੇ ਮਹਿਰਮ ਨੂੰ ਮਿਲਣ ਲਈ ਸੈਆਂ ਔਂਕੜਾਂ ਦਾ ਸਾਮ੍ਹਣਾ ਕਰਦੀ ਹੈ: -

ਤੇਰੀ ਤੇਰੀ ਕਾਰਨ ਚੀਰੇ ਵਾਲਿਆ
ਮੈਂ ਬਾਗੋਂ ਲਿਆਈ ਭੂੰਕਾਂ ਵੇ
ਰਿੰਨ੍ਹ ਬਣਾ ਕੇ ਥਾਲੀ ਪਾਵਾਂ
ਕੋਈ ਆਪਣੇ ਰਾਂਝੇ ਜੋਗੀ ਵੇ
ਤੇਰੀ ਤੇਰੀ ਕਾਰਨ ਚੀਰੇ ਵਾਲਿਆ
ਮੈ ਸਿਖਰ ਦੁਪਹਿਰੇ ਆਈ ਵੇ
ਪੈਰੀਂ ਛਾਲੇ ਪੈ ਗਏ
ਤਪੇ ਟਿੱਬਿਆਂ ਦਾ ਰੇਤ ਵੇ
ਤੇਰੀ ਤੇਰੀ ਕਾਰਨ ਚੀਰੇ ਵਾਲਿਆ
ਮੈ ਮੀਂਹ ਵਰਸੇਂਦੇ ਆਈ ਵੇ
ਭਿੱਜਗੀ ਤੇੜ ਦੀ ਲੂੰਗੀ
ਕੋਈ ਭਿੱਜਗੀ ਜਰਦ ਕਨਾਰੀ ਵੇ
ਤੇਰੀ ਤੇਰੀ ਕਾਰਨ ਚੀਰੇ ਵਾਲਿਆ
ਮੈਂ ਅੱਧੜੀ ਰਾਤੋਂ ਆਈ ਵੇ
ਗਲੀ ਗਲੀ ਦੇ ਕੁੱਤੇ ਭੌਂਕਣ
ਕੋਈ ਚਰਚਾ ਕਰੇ ਲੁਕਾਈ ਵੇ

ਤੇ ਅੱਗੋਂ ਰਾਂਝੇ ਜੋਗੀ ਦੇ ਨਖਰੇ ਵੇਖੋ:-

ਉੱਚੀ ਰੋੜੀ ਜੀ ਜੋਗੀ ਕਿਉਂ ਖੜਾ
ਵਿਹੜੇ ਆਵੋ ਜੀ ਅਲਖ ਜਗਾਵੋ
ਵਿਹੜੇ ਤੇਰੇ ਨੀ ਮੈਂ ਕਿਕਣ ਆਵਾਂ
ਨੀ ਹੀਰੇ ਨਿਆਣੀਏਂ
ਮਾਂ ਜੋ ਮੇਰੀ ਨੀ ਬੋਲਣ ਹਾਰੇ
ਮਾਂ ਜੋ ਤੇਰੀ ਜੀ ਸੱਸ ਜੋ ਮੇਰੀ ਬੀਬਾ
ਵਿਹੜੇ ਆਵੋ ਜੀ ਅਲਖ ਜਗਾਵੋ
ਵਿਹੜੇ ਤੇਰੇ ਮੈਂ ਕਿਕਣ ਆਵਾਂ
ਨੀ ਹੀਰੇ ਨਿਆਣੀਏਂ
ਘੋੜੇ ਮੇਰੇ ਨੀ ਹਿਣਕਣ ਹਾਰੇ
ਘੋੜੇ ਤੇਰੇ ਜੀ ਦਾਣਾ ਮੈਂ ਪਾਵਾਂ

ਜੀ ਭਲਿਆ ਜੀ ਜੋਗੀਆ
ਵਿਹੜੇ ਆਵੋ ਜੀ ਅਲਖ ਜਗਾਵੋ
ਵਿਹੜੇ ਤੇਰੇ ਮੈਂ ਕਿਕਣ ਆਵਾਂ
ਨੀ ਹੀਰੇ ਨਿਆਣੀਏਂ
ਕੁੱਤੇ ਤੇਰੇ ਨੀ ਭੌਂਕਣ ਹਾਰੇ
ਕੁੱਤੇ ਤੇਰੇ ਜੀ ਚੂਰੀ ਮੈਂ ਪਾਵਾਂ
ਜੀ ਭਲਿਆ ਜੀ ਜੋਗੀਆ
ਵਿਹੜੇ ਆਵੋ ਜੀ ਅਲਖ ਜਗਾਵੋ।

ਪ੍ਰਦੇਸੀ ਰਾਂਝੇ ਨੂੰ ਹੀਰ ਤੋਤੇ ਰਾਹੀਂ ਆਪਣੇ ਦਿਲ ਦੀ ਵੇਦਨਾ ਦੱਸਦੀ ਹੈ:-

ਉਡ ਜਾਈਂ ਵੇ ਤੋਤਿਆ
ਗਿਰਨੀ ਖਾਈਂ ਵੇ ਤੋਤਿਆ
ਲੰਬੀ ਲਾਈਂ ਵੇ ਉਡਾਰੀ
ਵੇ ਮੈਂ ਤੇਰੀ ਰਾਂਝਾ
ਤੇਰੇ ਦਿਲ ਦੀ ਹੀਰ
ਤੈਂ ਮੈਂ ਮਨੋ ਵੇ ਵਸਾਰੀ
ਪਹਾੜੀਂ ਨਾ ਜਾਈਏ
ਖੱਟੇ ਮਿੱਠੇ ਨਾ ਖਾਈਏ
ਦਿਹ ਨੂੰ ਰੋਗ ਨਾ ਲਾਈਏ
ਪਹਾੜਾਂ ਦੀਆਂ ਕੁੜੀਆਂ
ਹੱਥੀਂ ਲੌਂਗਾਂ ਦੀਆਂ ਪੁੜੀਆਂ
ਰੱਖਦੀਆਂ ਜਾਦੂੜੇ ਪਾਕੇ
ਪਹਾੜਾਂ ਦੀਆਂ ਰੰਨਾਂ
ਕੁਟਦੀਆਂ ਚੂਰੀ ਦਾ ਛੰਨਾ
ਰਖਦੀਆਂ ਦਿਲ ਪਰਚਾ ਕੇ

ਕਿਧਰੇ ਰਾਂਝੇ ਨੂੰ ਸਮਝਾਉਣੀ ਦੇ ਜਾਂਦੀ ਹੈ: -

ਮੌਤ ਮੌਤ ਨਾ ਕਰ ਵੇ ਰਾਂਝਿਆ
ਵੇਖ ਮੌਤ ਦੇ ਕਾਰੇ
ਪਹਿਲਾਂ ਮੌਤ ਨੇ ਦਿੱਲੀ ਢਾਹੀ

ਫੇਰ ਗਈ ਪਟਿਆਲੇ
ਦਿੱਲੀ ਆਲੇ ਦੀ ਕੰਜਰੀ ਮਰਗੀ
ਲੈਗੀ ਰੌਣਕਾਂ ਨਾਲੇ
ਪਟਿਆਲੇ ਆਲੇ ਦੇ ਘੋੜੇ ਮਰਗੇ
ਲਾਲ ਲਗਾਮਾਂ ਵਾਲੇ
ਲੱਡੂ ਜਲੇਬੀ ਗਲੀਏਂ ਰੁਲਦੇ
ਗੰਨੇ ਨਾ ਮਿਲਦੇ ਭਾਲੇ
ਮੋਤੀ ਚੁਗ ਲੈਂ ਨੀ--
ਕੂੰਜ ਪਤਲੀਏ ਨਾਰੇ

ਕਿਧਰੇ ਰਾਂਝਾ ਆਪਣੀ ਕੂੰਜ ਜਿਹੀ ਹੀਰ ਨੂੰ ਗਿੱਧੇ 'ਚ ਨੱਚਣ ਲਈ ਹਾਰ ਸ਼ਿੰਗਾਰ ਲਗਾਉਣ ਵਾਸਤੇ ਆਖ ਦੇਂਦਾ ਹੈ: -

ਰਾਂਝੇ ਦਾ ਕਹਿਣਾ ਮੰਨ ਲੈ ਹੀਰੇ
ਹਾਰ ਸ਼ਿੰਗਾਰ ਲਗਾਈਂ
ਪੁੰਨਿਆ ਦਾ ਚੰਦ ਆਪੇ ਚੜ੍ਹਜੂ
ਰੂਪ ਦੀ ਛਹਿਬਰ ਲਾਈਂ
ਕੁੜੀਆਂ ਨੂੰ ਸੱਦ ਕੇ ਗਿੱਧਾ ਪੁਆਈਂ
ਸੁੱਤੀਆਂ ਕਲਾਂ ਜਗਾਈਂ
ਸ਼ੌਂਕ ਨਾਲ ਨੱਚਕੇ ਨੀ
ਦਿਲ ਦੀਆਂ ਖੋਹਲ ਸੁਣਾਈਂ

ਗੋਰੀ ਆਪਣੇ ਰਾਂਝੇ ਲਈ ਹਾਰ ਸ਼ਿੰਗਾਰ ਲਗਾ ਕੇ ਗਿੱਧੇ ਦੇ ਪਿੜ ਵਿੱਚ ਧੁੱਮਾਂ ਪਾ ਦੇਂਦੀ ਹੈ: -

ਹੀਰ ਨੇ ਸੱਦੀਆਂ ਸੱਭੇ ਸਹੇਲੀਆਂ
ਸਭ ਦੀਆਂ ਨਵੀਆਂ ਪੁਸ਼ਾਕਾਂ
ਗਹਿਣੇ ਗੱਟੇ ਸਭ ਦੇ ਸੋਂਹਦੇ
ਮੈਂ ਹੀਰ ਗੋਰੀ ਵਲ ਝਾਕਾਂ
ਕੰਨੀ ਹੀਰ ਦੇ ਸਜਣ ਕੋਕਰੂ
ਪੈਰਾਂ ਦੇ ਵਿੱਚ ਬਾਂਕਾਂ
ਗਿੱਧੇ ਦੀਏ ਪਰੀਏ ਨੀ -

ਤੇਰੇ ਰੂਪ ਨੇ ਪਾਈਆਂ ਧਾਕਾਂ

ਰਾਂਝਾ ਆਪਣੇ ਦਿਲ ਦੀ ਟੁਕੜੀ ਹੀਰ ਸਲੇਟੀ ਦੀ ਸਿਫਤ ਕਰਦਾ ਨਹੀਂ ਥੱਕਦਾ:

ਆਖੇਂ ਗੱਲ ਤਾਂ ਹੀਰੇ ਕਹਿਕੇ ਸੁਣਾ ਦਿਆਂ ਨੀ
ਦੇਕੇ ਨੱਢੀਏ ਤੈਨੂੰ ਸੋਹਣੇ ਨੀ ਹਵਾਲੇ
ਇੰਦਰ ਖਾੜੇ ਦੇ ਵਿੱਚ ਪਰੀਆਂ ਸਭ ਤੋਂ ਚੰਗੀਆਂ ਨੀ
ਗਾਵਣ ਜਿਹੜੀਆਂ ਮਿੱਠੇ ਰਾਗ ਜੋ ਸੁਰਤਾਲੇ
ਮੋਹ ਲਿਆ ਮੈਨੂੰ ਪਰੀਏ ਤੇਰਿਆਂ ਨੀ ਨੈਣਾਂ ਨੇ
ਮੈਂ ਕੀ ਜਾਣਾਂ ਇਹਨਾ ਅੱਖੀਆਂ ਦੇ ਚਾਲੇ
ਜਾਲ ਫੈਲਾਇਆ ਹੀਰੇ ਤੇਰੀਆਂ ਅੱਖੀਆਂ ਨੇ
ਉਡਦੇ ਜਾਂਦੇ ਪੰਛੀ ਜਿਨ੍ਹਾ ਨੇ ਫਸਾਲੇ।

ਤਿੰਨ ਸੌ ਸਠ ਸਹੇਲੀ ਲੈ ਕੇ ਤੁਰਦੀ ਨਢੀਏ ਨੀ
ਸੂਬੇਦਾਰ ਜਿਊਂ ਸੋਂਹਦੀ ਸਭਦੇ ਤੂੰ ਵਿਚਾਲੇ
ਬਲਣ ਮਸਾਲਾਂ ਵਾਂਗੂੰ ਅੱਖੀਆਂ ਹੀਰੇ ਤੇਰੀਆਂ
ਆਸ਼ਕ ਘੇਰ ਤੈਂ ਭਮੱਕੜ ਵਿੱਚ ਮਚਾਲੇ
ਮੁਖੜਾ ਤੇਰਾ ਹੀਰੇ ਸੋਹਣਾ ਫੁੱਲ ਗੁਲਾਬ ਨੀ
ਆਸ਼ਕ ਭੌਰ ਜੀਹਦੇ ਫਿਰਦੇ ਨੀ ਉਦਾਲੇ
ਸੇਹਲੀ ਤੇਰੀ ਨੱਢੀਏ ਵਾਂਗ ਨੀ ਕਮਾਨ ਦੇ
ਅੱਖੀਆਂ ਤੇਰੀਆਂ ਨੇ ਤੀਰ ਨਸ਼ਾਨੇ ਲਾ ਲੇ
ਵਿਨ੍ਹਿਆ ਕਾਲਜਾ ਨਾ ਹਿਲਿਆ ਜਾਵੇ ਰਾਂਝੇ ਤੋਂ
ਇਹ ਜਿੰਦ ਕਰਤੀ ਮੈਂ ਤਾਂ ਤੇਰੇ ਨੀ ਹਵਾਲੇ
ਚੰਗੀ ਕਰਦੀ ਹੈਂ ਤੂੰ ਓੜ ਨਭਾਈਂ ਲੱਗੀਆਂ ਦੀ
ਡੋਬਣ ਲੱਗੀ ਹੈਂ ਕਿਉਂ ਧਾਰ ਦੇ ਵਿਚਾਲੇ

ਜਦੋਂ ਰਾਂਝੇ ਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਉਹਦੀ ਹੀਰ ਨੂੰ ਖੇੜੇ ਪਰਨਾ ਕੇ ਲੈ ਜਾ ਰਹੇ ਹਨ ਤਾਂ ਉਹਦਾ ਮੰਨ ਕੁਰਲਾ ਉਠਦਾ ਹੈ: -

ਹੀਰੇ ਨੀ ਬਿਨ ਸ਼ਗਨੀਏਂ
ਮੈਂ ਭੁਲਿਆ ਚਾਕ ਵਿਚਾਰਾ
ਦਿਹ ਜਵਾਬ ਘਰਾਂ ਨੂੰ ਚਲੀਏ
ਸੁੰਨਾ ਪਿਆ ਤਖਤ ਹਜ਼ਾਰਾ।

ਹੀਰ ਰਾਂਝੇ ਦੀ ਪੀੜਾ ਨੂੰ ਸਮਝਦੀ ਹੋਈ ਆਪਣੇ ਮਾਂ ਬਾਪ ਅਤੇ ਧਰਮ ਰੱਖਿਅਕ ਕਾਜ਼ੀ ਨਾਲ ਵੀ ਆਪਣਾ ਰਾਂਝਾ ਪ੍ਰਾਪਤ ਕਰਨ ਲਈ ਝਗੜਦੀ ਹੈ: -

ਛਣਕ ਛਣਕ ਦੋ ਛੱਲੇ ਕਰਾਲੇ
ਛੱਲੇ ਭਨਾ ਕੇ ਵੰਗਾਂ
ਬਾਹਰ ਗਈ ਨੂੰ ਬਾਬਲ ਝਿੜਕਦਾ
ਘਰ ਆਈ ਨੂੰ ਅੰਮਾ
ਵਿੱਚ ਕਚਹਿਰੀ ਹੀਰ ਝਗੜਦੀ
ਮੁਨਸਫ ਕਰਦੇ ਗੱਲਾਂ
ਵਿੱਚ ਤ੍ਰਿੰਜਣਾਂ ਕੁੜੀਆਂ ਝਿੜਕਣ
ਵਿੱਚ ਗਲੀਆਂ ਦੇ ਰੰਨਾ
ਏਹਨੀ ਓਹਨੀ ਦੋਹੀਂ ਜਹਾਨੀਂ
ਮੈਂ ਤਾਂ ਖ਼ੈਰ ਰਾਂਝੇ ਦੀ ਮੰਗਾਂ
ਜੇ ਜਾਣਾ ਦੁਖ ਰਾਂਝਣੇ ਨੂੰ ਪੈਣੇ
ਮੈਂ ਨਿਜ ਨੂੰ ਸਿਆਲੀਂ ਜੰਮਾਂ।

ਹੀਰ ਰਾਂਝੇ ਦੀ ਖ਼ੈਰ ਮੰਗਦੀ ਰਹਿ ਜਾਂਦੀ ਹੈ। ਉਹਦਾ ਜ਼ੋਰੀਂ ਸੈਦੇ ਖੋੜੇ ਨਾਲ ਵਿਆਹ ਕਰ ਦਿੱਤਾ ਜਾਂਦਾ ਹੈ: -

ਅੱਜ ਹੋਗੀ ਹੀਰ ਪਰਾਈ
ਕੁੜੀਆਂ ਨੂੰ ਲੈ ਜੋ ਮੋੜ ਕੇ

ਖੇੜੇ ਹੀਰ ਲੈ ਜਾਂਦੇ ਹਨ ਅਤੇ ਵਿਚਾਰਾ ਰਾਂਝਾ ਮੱਝਾਂ ਚਰਾਂਦਾ ਰਹਿ ਜਾਂਦਾ ਹੈ:-

ਰਾਂਝਾ ਮੱਝਾਂ ਦੇ ਸਿੰਗਾਂ ਨੂੰ ਫੜ ਰੋਵੇ
ਖੇੜੇ ਲੈਗੇ ਹੀਰ ਚੁੱਕ ਕੇ
ਅਤੇ
ਬੀਨ ਬਜਾਈ ਰਾਂਝੇ ਚਾਕ
ਲੱਗੀ ਮੰਨ ਮੇਰੇ
ਤਖਤ ਹਜ਼ਾਰੇ ਦਿਆ ਮਾਲਕਾ
ਕਿਥੇ ਲਾਏ ਨੀ ਡੇਰੇ
ਕਿਨ ਵੇ ਬਣਾਇਆ ਲਾੜਾ ਜੰਜਾਂ ਦਾ
ਕਿਨ ਬੱਧੇ ਸਿਹਰੇ
ਮਾਂ ਬਣਾਇਆ ਲਾੜਾ ਜੰਜਾਂ ਦਾ
ਭੈਣ ਬੱਧੇ ਸਿਹਰੇ
ਕੱਢ ਖਾਂ ਪਾਂਧਿਆ ਪੱਤਰੀ

ਲਿੱਖੀਂ ਲੇਖ ਮੇਰੇ
ਲਿਖਣ ਵਾਲਾ ਲਿਖ ਗਿਆ
ਵਸ ਨਹੀਂ ਮੇਰੇ
ਆਖਿਓ ਰਾਂਝੇ ਚਾਕ ਨੂੰ
ਮੱਝੀਆਂ ਛੇੜੇ
ਮੱਝੀਆਂ ਛੇੜਦਾ ਰਹਿ ਗਿਆ
ਹੀਰ ਲੈ ਗਏ ਖੇੜੇ

ਪੰਜਾਬ ਦੀ ਗੋਰੀ ਹੀਰ ਦੇ ਖੇੜੀਂ ਤੁਰਨ ਤੇ ਰਾਂਝੇ ਵਲੋਂ ਹੀਰ ਨੂੰ ਦਰਦ ਭਰਿਆ ਉਲਾਂਭਾ ਦਿੰਦੀ ਹੈ। ਇਹ ਉਲਾਂਭਾ ਦਿੰਦੇ ਸਮੇਂ ਸ਼ਾਇਦ ਗੋਰੀ ਆਪਣੇ ਰਾਂਝੇ ਨੂੰ ਚਿਤਵਦੀ ਏ: -

ਹੀਰੇ ਨੀ ਲਿਸ਼ਕੇ ਬਿਜਲੀ ਚਮਕਣ ਤਾਰੇ
ਨਾਗੀਂ ਡੰਗ ਸੰਵਾਰੇ ਨੀ
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ

ਹੀਰੇ ਨੀ ਖਾਰਿਆਂ ਖੂਹਾਂ ਦੇ ਪਾਣੀ ਮਿੱਠੇ ਨਾ ਹੁੰਦੇ
ਭਾਵੇਂ ਲੱਖ ਮਣਾ ਗੁੜ ਪਾਈਏ ਨੀ
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ

ਹੀਰੇ ਨੀ ਨਾਗਾਂ ਦੇ ਪੁੱਤ ਮਿੱਤ ਨਾ ਬਣਦੇ
ਭਾਵੇਂ ਲਖ ਮਣਾ ਦੁੱਧ ਪਿਆਈਏ ਨੀ
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ

ਹੀਰੇ ਨੀ ਬਾਰਾਂ ਵਰਸ ਤੇਰੀਆਂ ਮੱਝੀਆਂ ਨੀ ਚਾਰੀਆਂ
ਅਜੇ ਵੀ ਲਾਵੇਂ ਲਾਰੇ ਨੀ
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ

ਹੀਰੇ ਨੀ ਆਹ ਲੈ ਆਪਣੀਆਂ ਮੱਝੀਆਂ ਨੀ ਫੜਲੈ
ਕੀਲੇ ਪਏ ਧਲਿਆਰੇ ਨੀ

ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ

ਹੀਰੇ ਨੀ ਪਹਿਨ ਓਹੜ ਕੇ ਚੜ੍ਹਗੀ ਖਾਰੇ
ਤੈਨੂੰ ਸਬਰ ਫੱਕਰ ਦਾ ਮਾਰੇ ਨੀ
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ

ਰਾਂਝਾ ਹੀਰ ਬਿਨਾਂ ਇਕ ਪਲ ਵੀ ਸਹਾਰ ਨਹੀਂ ਸਕਦਾ! ਗੋਰੀ ਰਾਂਝੇ ਦੇ ਜੋਗੀ ਬਣਨ ਨੂੰ ਇਸ ਤਰ੍ਹਾ ਬਿਆਨ ਕਰਦੀ ਹੈ: –

ਸਾਂਵਲਿਆ ਤੇ ਸੌਲਿਆ ਵੇ ਮੁੰਡਿਆ
ਤੂੰ ਮੇਰਾ ਵੇ ਮੈਂ ਤੇਰੀ
ਤੂੰ ਮੇਰਾ ਤੇ ਮੈਂ ਤੇਰੀ ਚੀਰੇ ਵਾਲਿਆ
ਪਾ ਰਾਂਝਣ ਵਾਲੀ ਫੇਰੀ
ਪਾ ਜੋਗੀ ਵਾਲੀ ਫੇਰੀ ਚੀਰੇ ਵਾਲਿਆ
ਚਲੋ ਸਹੀਓ ਰਲ ਵੇਖਣ ਚੱਲੀਏ
ਰਾਂਝੇ ਬਾਗ ਲਵਾਇਆ
ਖਟੜੇ ਲਗੜੇ ਤੇ ਮਿਠੜੇ ਵੀ ਲਗੜੇ
ਨਿੰਬੂਆਂ ਦਾ ਰੂਪ ਸਵਾਇਆ
ਚਲੋ ਸਹੀਓ ਰਲ ਵੇਖਣ ਚੱਲੀਏ
ਟਾਂਝਣ ਵਾਲਾ ਚੁਬਾਰਾ
ਹੀਰ ਨਿਮਾਣੀ ਜੋ ਇੱਟਾਂ ਢੋਵੇ
ਰਾਂਝਣ ਢੋਂਦਾ ਗਾਰਾ
ਚਲੋਂ ਸਹੀਓ ਰਲ ਵੇਖਣ ਚੱਲੀਏ
ਰਾਂਝਣ ਭੇਸ ਵਟਾਇਆ
ਕੰਨ ਪੜਵਾ ਕੇ ਮੁੰਦਰਾਂ ਪਾਈਆਂ
ਮੱਥੇ ਤਿਲਕ ਲਗਾਇਆ
ਹੀਰ ਦੀ ਖਾਤਰ ਮੰਗਣ ਚੜ੍ਹਿਆ
ਘਰ ਘਰ ਅਲਖ ਜਗਾਇਆ

ਜੋਗੀ ਬਣਿਆਂ ਰਾਂਝਾ ਰੰਗਪੁਰ ਖੇੜੇ ਪੁੱਜ ਜਾਂਦਾ ਹੈ ਤੇ ਸੈਦੇ ਦੇ ਦਰ ਅੱਗੇ ਜਾ ਅਲਖ ਜਗਾਉਂਦਾ ਹੈ:

ਉਰਲੇ ਤਾਂ ਵਿਹੜੇ ਜੋਗੀ ਆ ਬੜਿਆ
ਉਥੇ ਕੁੜੀਆਂ ਦਾ ਤ੍ਰਿੰਜਣ ਗੂੰਜਦਾ ਸੀ

ਉੱਠੀਂ ਉੱਠੀਂ ਭਾਬੋ ਜੋਗੀ ਖੈਰ ਪਾ ਦੇ
ਜੋਗੀ ਖੜਿਆਂ ਨੂੰ ਰੈਣ ਬਤੀਤ ਗਈ
ਆਪ ਚੌਲ ਖਾਵੇਂ ਸਾਨੂੰ ਚੀਨਾ ਪਾਵੇਂ
ਸਾਡੀ ਡਾਹਡੇ ਅੱਗੇ ਫਰਿਆਦ ਹੋਵੇ
ਚੀਣਾ ਡੁਲ੍ਹ ਗਿਆ ਤੂੰਬੀ ਫੁਟ ਗਈ
ਸਾਨੂੰ ਚੁਗਦਿਆਂ ਨੂੰ ਰੈਣ ਵਿਹਾ ਗਈ
ਤੈਨੂੰ ਕੀ ਹੋਇਆ ਭਾਬੋ ਕੀ ਹੋਇਆ
ਤੇਰਾ ਰੰਗ ਅਸਮਾਨੀ ਜਰਦ ਹੋਇਆ
ਮੇਰੇ ਨਾਗ ਲੜਿਆ ਨੀ ਨਣਦੇ ਨਾਗ ਲੜਿਆ
ਡੰਗ ਮਾਰ ਬਾਗੀਂ ਜਾ ਨੀ ਬੜਿਆ
ਚਲ ਚਲ ਨੀ ਭਾਬੋ ਉਸ ਜੋਗੀ ਕੋਲੇ
ਟਾਹਣੀ ਉਸ ਜੋਗੀ ਕੋਲੋਂ ਕਰਵਾ ਲਈਏ ਨੀ
ਉੱਠੀਂ ਉੱਠੀਂ ਜੋਗੀ ਕੁੰਡਾ ਖੋਹਲ ਸਾਨੂੰ
ਖੜਿਆਂ ਨੂੰ ਰੈਣ ਵਿਹਾ ਗਈ
ਸਾਡਾ ਹਾਰ ਟੁੱਟਿਆ ਜੀ ਸੁੱਚੇ ਮੋਤੀਆਂ ਦਾ
ਸਾਨੂੰ ਚੁਗਦਿਆਂ ਨੂੰ ਰੈਣ ਵਿਹਾ ਗਈ।

ਗੋਰੀ ਹੀਰ ਅਤੇ ਉਸ ਦੀ ਨਣਾਨ ਸਹਿਤੀ ਦੇ ਜੋਗੀ ਨੂੰ ਮਿਲਣ ਦੇ ਵਿਰਤਾਂਤ ਨੂੰ ਚਿਤਰਦੀ ਹੋਈ ਆਪਣੇ ਦਿਲ ਦੇ ਜਾਨੀ ਦਾ ਵਰਣਨ ਬੜੀਆਂ ਲਟਕਾਂ ਨਾਲ ਕਰ ਜਾਂਦੀ ਹੈ। ਇਹ ਬੜਾ ਹਰਮਨ ਪਿਆਰਾ ਗੀਤ ਹੈ ਸਾਡੀਆਂ ਪੰਜਾਬਣਾਂ ਦਾ:-

ਅੰਬਾ ਤੇ ਤੂਤੀਂ ਠੰਡੀ ਛਾਂ
ਕੋਈ ਪਰਦੇਸੀ ਜੋਗੀ ਆਣ ਲੱਥੇ
ਚਲ ਨਣਦੇ ਪਾਣੀ ਨੂੰ ਚੱਲੀਏ
ਪਾਣੀ ਦੇ ਪੱਜ ਜੋਗੀ ਦੇਖੀਏ ਨੀ
ਕਿੱਥੇ ਰੱਖਾਂ ਨਣਦੇ ਡੋਲ ਨੀ
ਕਿੱਥੇ ਤਾਂ ਖੜਕੇ ਜੋਗੀ ਦੇਖੀਏ ਨੀ
ਨੀਵੇਂ ਤਾਂ ਧਰਦੇ ਭਾਬੋ ਡੋਲ ਨੀ
ਉੱਚੇ ਤਾਂ ਖੜਕੇ ਜੋਗੀ ਦੇਖੀਏ ਨੀ
ਇਸ ਜੋਗੀ ਤੇ ਲੰਬੇ ਲੰਬੇ ਕੇਸ ਨੀ
ਦਹੀਓਂ ਕਟੋਰੇ ਜੋਗੀ ਨਹਾਂਵਦਾ ਨੀ
ਇਸ ਜੋਗੀ ਦੇ ਚਿੱਟੇ ਚਿੱਟੇ ਦੰਦ ਨੀ
ਦਾਤਣ ਤੇ ਕੁਰਲੀ ਜੋਗੀ ਕਰ ਰਿਹਾ ਨੀ

ਇਸ ਜੋਗੀ ਦੇ ਸੋਹਣੇ ਸੋਹਣੇ ਨੈਣ ਨੀ
ਸੁਰਮਾ ਸਲਾਈ ਜੋਗੀ ਪਾਂਵਦਾ ਨੀ
ਇਸ ਜੋਗੀ ਦੇ ਸੋਹਣੇ ਸੋਹਣੇ ਪੈਰ ਨੀ
ਬੂਟ ਜਰਾਬਾਂ ਜੋਗੀ ਪਾਂਵਦਾ ਨੀ
ਚਲ ਨੀ ਭਾਬੋ ਘਰ ਨੂੰ ਚੱਲੀਏ
ਸੱਸ ਉਡੀਕੇ ਨੂੰਹੇ ਆ ਘਰੇ
ਸੱਸਾਂ ਨੂੰ ਨੂੰਹਾਂ ਨਣਦੇ ਹੋਰ ਹੋਰ ਨੀ
ਮੈਂ ਮਨ ਰੱਖਾਂ ਵਲ ਜੋਗੀ ਦੇ ਨੀ
ਸਹੁਰਾ ਉਡੀਕੇ ਨੂੰਹੇ ਆ ਘਰੇ
ਸਹੁਰੇ ਨੂੰ ਨੂੰਹਾਂ ਨਣਦੇ ਹੋਰ ਹੋਰ ਨੀ
ਮੈਂ ਮਨ ਰੱਖਾਂ ਵਲ ਜੋਗੀ ਦੇ ਨੀ
ਚਲ ਵੇ ਜੋਗੀ ਕਿਸੇ ਦੇਸ ਵੇ
ਕੂੰਡੀ ਸੋਟਾ ਤੇਰਾ ਮੈਂ ਚੁੱਕਾਂ ਵੇ
ਮਰਵੇ ਜੋਗੀ ਕਿਸੇ ਦੇਸ ਵੇ
ਤੈਂ ਮੇਰੀ ਚੰਚਲ ਭਾਬੋ ਮੋਹ ਲਈ ਵੇ
ਮਰਨ ਨੀ ਨਣਦੇ ਤੇਰੇ ਵੀਰ
ਇਹ ਪ੍ਰਦੇਸੀਂ ਜੋਗੀ ਕਿਉਂ ਮਰੇ।

ਹੀਰ ਰਾਂਝੇ ਦੀ ਪ੍ਰੀਤ ਕਥਾ ਨੂੰ ਵਾਪਰਿਆਂ ਸਦੀਆਂ ਬਤੀਤ ਹੋ ਗਈਆਂ ਹਨ। ਉਸ ਸਮੇਂ ਦੇ ਸਮਾਜ ਨੇ ਜਿਹੜਾ ਅਨਿਆਂ ਹੀਰ ਨਾਲ ਕੀਤਾ ਸੀ ਉਸ ਨੂੰ ਪੰਜਾਬਣਾਂ ਅਜੇ ਤੀਕਰ ਨਹੀਂ ਭੁਲੀਆਂ। ਅਜੋਕੇ ਸਮਾਜ ਵਿੱਚ ਵੀ ਜਦੋਂ ਕਿਸੇ ਹੀਰ ਸਲੇਟੀ ਨੂੰ ਖੇੜੇ ਪਰਨਾ ਲੈ ਜਾਂਦੇ ਹਨ ਤਾਂ ਗੋਰੀਆਂ ਉਸ ਦੇ ਵਿਰੋਧ ਲਈ ਲੋਕ ਕਚਿਹਰੀ ਵਿੱਚ ਆਵਾਜ ਬੁਲੰਦ ਕਰਦੀਆਂ ਹਨ। ਪਤਾ ਨਹੀਂ ਅਜੋਕਾ ਮਰਦ ਸਮਾਜ ਇਸ ਅਵਾਜ ਨੂੰ ਕਦੋਂ ਸੁਣੇਗਾ?

## ਝਨਾਂ ਦੀ ਨਾਇਕਾ

ਸੋਹਣੀ ਮਹੀਂਵਾਲ ਦੇ ਦੁਖਾਂਤ ਤੋਂ ਭਲਾ ਕਿਹੜਾ ਪੰਜਾਬੀ ਜਾਣੂੰ ਨਹੀਂ? ਇਸ ਪ੍ਰੀਤ ਕਥਾ ਨੂੰ ਪੰਜਾਬੀ ਬੜੀਆਂ ਲਟਕਾਂ ਨਾਂਲ ਗਾਉਂਦੇ ਹਨ।

ਬਲਖ ਬੁਖਾਰੇ ਦੇ ਇਕ ਅਮੀਰ ਮਿਰਜ਼ਾ ਅਲੀ ਦਾ ਨੌਜਵਾਨ ਪੁੱਤਰ ਇਜ਼ਤ ਬੇਗ ਪੰਜਾਬ ਵਿੱਚ ਵਪਾਰ ਕਰਨ ਦੀ ਨੀਤ ਨਾਲ ਆਇਆ। ਉਹ ਗੁਜਰਾਤ ਦੇ ਇਕ ਘੁਮਾਰ ਤੁਲੇ ਦੀ ਧੀ ਸੋਹਣੀ ਤੇ ਫ਼ਿਦਾ ਹੋ ਗਿਆ। ਉਹਨੇ ਸੋਹਣੀ ਦੀ ਖਾਤਰ ਗੁਜਰਾਤ ਵਿੱਚ ਹੀ ਇਕ ਭਾਂਡਿਆਂ ਦੀ ਦੁਕਾਨ ਪਾ ਲਈ। ਉਹ ਹਰ ਰੋਜ ਸੋਹਣੀ ਨੂੰ ਤੱਕਣ ਲਈ ਭਾਂਡੇ ਖਰੀਦਣ ਦੇ ਪੱਜ ਤੁਲੇ ਦੀ ਹੱਟੀ ਤੇ ਜਾਂਦਾ। ਆਖਰ ਵਪਾਰ ਵਿੱਚ ਇਜ਼ਤ ਬੇਗ ਨੂੰ ਐਨਾ ਘਾਟਾ ਪੈ ਗਿਆ ਕਿ ਉਸ ਨੂੰ ਮਜਬੂਰ ਹੋਕੇ ਤੁੱਲੇ ਦੇ ਘਰ ਹੀ ਮੱਝਾਂ ਚਾਰਨ ਤੇ ਨੌਕਰੀ ਕਰਨੀ ਪੈ ਗਈ। ਉਹ ਹਰ ਰੋਜ਼ ਮੱਝੀਆਂ ਚਾਰਨ ਜਾਂਦਾ ਮਗਰੇ ਸੋਹਣੀ ਭੱਤਾ ਲੈ ਟੁਰਦੀ। ਇਜ਼ਤਬੇਗ ਤੋਂ ਉਹ ਹੁਣ ਮਹੀਂਵਾਲ ਬਣ ਗਿਆ ਸੀ।

ਸੋਹਣੀ ਮਹੀਂਵਾਲ ਦੀ ਹੋ ਗਈ। ਦੋਹਾਂ ਦਾ ਪਿਆਰ ਦਿਨੋਂ ਦਿਨ ਗੂੜ੍ਹਾ ਹੁੰਦਾ ਗਿਆ। ਪਰ ਇਨ੍ਹਾ ਦੇ ਪਿਆਰ ਨੂੰ, ਹੋਰਨਾਂ ਆਸ਼ਕਾਂ ਵਾਂਗ, ਸਮਾਜ ਨੇ ਜਰਿਆ ਨਾ। ਲੋਕਾਂ ਨੇ ਸੋਹਣੀ ਦੇ ਮਾਂ ਬਾਪ ਪਾਸ ਇਨ੍ਹਾ ਦੇ ਪਿਆਰ ਬਾਰੇ ਸ਼ਕਾਇਤਾਂ ਕੀਤੀਆਂ। ਉਲਾਂਭੇ ਦਿੱਤੇ। ਮਹੀਂਵਾਲ ਨੂੰ ਨੌਕਰੀਉਂ ਜਵਾਬ ਮਿਲ ਗਿਆ ਅਤੇ ਸੋਹਣੀ ਨੂੰ ਉਨ੍ਹਾਂ ਗੁਜਰਾਤ ਦੇ ਇਕ ਹੋਰ ਘੁਮਾਰਾਂ ਦੇ ਮੁੰਡੇ ਨਾਲ ਵਿਆਹ ਦਿੱਤਾ।

ਸੋਹਣੀ, ਮਹੀਂਵਾਲ ਲਈ ਦੜਫਦੀ ਰਹੀ, ਮਹੀਂਵਾਲ ਸੋਹਣੀ ਦੇ ਵੈਰਾਗ ਵਿੱਚ ਹੰਝੂ ਕੇਰਦਾ ਰਿਹਾ। ਝੂਠੀ ਲੋਕ ਲਾਜ ਨੇ ਦੋ ਪਿਆਰੇ ਵਿਛੋੜ ਦਿੱਤੇ, ਦੋ ਰੂਹਾਂ ਘਾਇਲ ਕਰ ਦਿੱਤੀਆਂ।

ਇਜ਼ਤ ਬੇਗੋਂ ਮਹੀਂਵਾਲ ਬਣਿਆਂ ਮਹੀਂਵਾਲੋਂ ਫਕੀਰ ਬਣ ਗਿਆ ਅਤੇ ਗੁਜਰਾਤ ਤੋਂ ਵਜ਼ੀਰਾ ਬਾਦ ਦੇ ਪਾਸੇ ਇਕ ਮੀਲ ਦੀ ਦੂਰੀ ਤੇ ਦਰਿਆ ਦੇ ਪਾਰਲੇ ਕੰਢੇ ਝੁੱਗੀ ਜਾ ਪਾਈ।

ਸੋਹਣੀ ਆਪਣੇ ਸਹੁਰਿਆਂ ਦੇ ਘਰੋਂ ਰਾਤ ਸਮੇਂ ਚੋਰੀ ਮਹੀਂਵਾਲ ਨੂੰ ਮਿਲਣ ਲਈ ਦਰਿਆ ਕੰਢੇ ਤੇ ਪੁੱਜ ਜਾਂਦੀ, ਮਹੀਂਵਾਲ ਦਰਿਆ ਪਾਰ ਕਰਕੇ ਉਸ ਨੂੰ

ਆਣ ਮਿਲਦਾ। ਉਹ ਆਪਣੇ ਨਾਲ ਮੱਛੀ ਦਾ ਮਾਸ ਲਈ ਆਉਂਦਾ। ਕਿਹਾ ਜਾਂਦਾ ਹੈ ਕਿ ਇਕ ਦਿਨ ਮਹੀਂਵਾਲ ਨੂੰ ਮੱਛੀਆਂ ਨਾ ਮਿਲੀਆਂ, ਉਹਨੇ ਆਪਣਾ ਪੱਟ ਚੀਰਕੇ ਕਬਾਬ ਬਣਾ ਲਿਆ। ਸੋਹਣੀ ਉਸ ਦਿਨ ਤੋਂ ਆਪ ਦਰਿਆ ਪਾਰ ਕਰਕੇ ਆਪਣੇ ਕਹੀਂਵਾਲ ਦੀ ਝੁੱਗੀ ਵਿੱਚ ਜਾਣ ਲੱਗ ਪਈ। ਸੋਹਣੀ ਦੀ ਨਨਾਣ ਜਾਂ ਸੱਸ ਨੂੰ ਉਹਦੇ ਰਾਤ ਸਮੇਂ ਘੜੇ ਰਾਹੀਂ ਦਰਿਆ ਪਾਰ ਕਰਕੇ ਜਾਣ ਦਾ ਪਤਾ ਲੱਗ ਗਿਆ।ਇਕ ਰਾਤ ਉਨ੍ਹਾਂ ਪੱਕੇ ਘੜੇ ਦੀ ਥਾਂ ਕੱਚਾ ਘੜਾ ਰੱਖ ਦਿੱਤਾ। ਸੋਹਣੀ ਕੱਚੇ ਘੜੇ ਸਮੇਤ ਤੂਫਾਨੀ ਦਰਿਆ ਵਿੱਚ ਠਿਲ੍ਹ ਪਈ। ਘੜਾ ਖੁਰ ਗਿਆ ਤੇ ਸੋਹਣੀ ਅਧ ਵਿਚਕਾਰ ਡੁੱਬ ਮੋਈ। ਮਹੀਂਵਾਲ ਨੇ ਡੁਬਦੀ ਸੋਹਣੀ ਦੀ ਚੀਕ ਸੁਣੀ ਅਤੇ ਆਪ ਵੀ ਮਗਰੇ ਛਾਲ ਮਾਰ ਦਿੱਤੀ। ਦੋਨੋਂ ਪਿਆਰੇ ਝਨਾਂ ਦੀਆਂ ਤੂਫਾਨੀ ਲਹਿਰਾਂ ਵਿੱਚ ਰੁੜ੍ਹ ਗਏ ...

ਪੰਜਾਬ ਦੀ ਗੋਰੀ ਇਸ ਪ੍ਰੀਤ ਕਥਾ ਨੂੰ ਆਪਣੇ ਲੋਕ ਗੀਤਾਂ ਵਿੱਚ ਇਸ ਪਕਾਰ ਗਾਉਂਦੀ ਹੈ :

ਗਰੀ ਹਾਰ ਸ਼ਿੰਗਾਰ ਲਗਾ ਕੇ ਗਿੱਧੇ ਵਿੱਚ ਪੁੱਜ ਜਾਂਦੀ ਹੈ। ਉਹਦਾ ਨੱਚਦੀ ਦਾ ਚਾਅ ਝਲਿਆ ਨੀ ਜਾਂਦਾ, ਹਰ ਪਾਸੇ ਉਹਨੂੰ ਆਪਣਾ ਮਹੀਂਵਾਲ ਹੀ ਨਜ਼ਰ ਆਉਂਦਾ ਹੈ: -

ਨ੍ਹਾਵੇ ਧੋਵੇ ਸੋਹਣੀ ਪਹਿਨੇ ਪੁਸ਼ਾਕਾਂ
ਅਤਰ ਫੁਲੇਲ ਲਗਾਵੇ
ਗਿੱਧੇ ਵਿੱਚ ਉਹ ਹਸ ਹਸ ਆਵੇ
ਮਹੀਂਵਾਲ ਮਹੀਂਵਾਲ ਗਾਵੇ
ਸੋਹਣੀ ਦੀ ਠੋਡੀ ਤੇ -
ਮਛਲੀ ਹੁਲਾਰੇ ਖਾਵੇ

ਉਹ ਆਪਣੇ ਮਹੀਂਵਾਲ ਨੂੰ, ਨਿਹੁੰ ਲਾਣ ਕਰਕੇ ਜਿਹੜੇ ਦੁੱਖ ਝਲਣੇ ਪੈਂਦੇ ਹਨ, ਉਨ੍ਹਾਂ ਦੀ ਚਣੌਤੀ ਵੀ ਦੇ ਜਾਂਦੀ ਹੈ: -

ਹਸਕੇ ਨਿਹੁੰ ਨਾ ਲਾਇਆ ਕਰ ਤੂੰ
ਸੁਣ ਲੈ ਨਿਹੁੰ ਦੇ ਝੇੜੇ
ਕੱਚਾ ਭੂਤਨਾ ਬਣਕੇ ਚਿੰਬੜਦਾ
ਨਿਹੁੰ ਨੂੰ ਜਿਹੜਾ ਛੇੜੇ
ਛੱਤੀ ਕੋਠੜੀਆਂ ਨੌਂ ਦਰਵਾਜੇ
ਜਿੱਥੇ ਨਿਹੁੰ ਦੇ ਡੇਰੇ
ਸੋਹਣੀ ਪੁੱਛੇ ਮਹੀਂਵਾਲ ਨੂੰ
ਕੀ ਹਾਲ ਆ ਗਭਰੂਆ ਤੇਰੇ

ਮਹੀਂਵਾਲ ਨੂੰ ਵੀ ਆਪਣੀ ਸੋਹਣੀ ਦੀ ਸੂਰਤ ਪਿਆਰੀ ਪਿਆਰੀ ਲਗਦੀ

ਹੈ, ਚੰਗੀ ਚੰਗੀ ਲੱਗਦੀ ਹੈ: -

ਮੱਥਾ ਤੇਰਾ ਚੌਰਸ ਖੂੰਜਾ
ਜਿਉਂ ਮੱਕੀ ਦੇ ਕਿਆਰੇ
ਉਠ ਖੜ ਸੋਹਣੀਏ ਨੀ
ਮਹੀਂਵਾਲ ਹਾਕਾਂ ਮਾਰੇ

ਉਹ ਉਸ ਨੂੰ ਜਦੋਂ ਹਸਦੀ ਵੇਖਦਾ ਹੈ ਤਾਂ ਉਹਦਾ ਮਨ ਖਿੜ ਜਾਂਦਾ ਹੈ। ਉਹਦੇ ਬੋਲ ਉਹਦੇ ਕੰਨਾਂ ਵਿੱਚ ਕੋਈ ਮਿਸ਼ਰੀ ਘੋਲ ਜਾਂਦੇ ਹਨ। ਉਹ ਸੁਆਦ ਸੁਆਦ ਹੋਇਆ ਗਾ ਉਠਦਾ ਹੈ: -

ਤੂੰ ਹੱਸਦੀ ਦਿਲ ਰਾਜੀ ਮੇਰਾ
ਲਗਦੇ ਨੇ ਬੋਲ ਪਿਆਰੇ
ਚਲ ਕਿਧਰੇ ਦੋ ਗੱਲਾਂ ਕਰੀਏ
ਬਹਿਕੇ ਨਦੀ ਕਿਨਾਰੇ
ਲੁਕ ਲੁਕ ਲਾਈਆਂ ਪਰਗਟ ਹੋਈਆਂ
ਬਜ ਗਏ ਢੋਲ ਨਗਾਰੇ
ਸੋਹਣੀਏਂ ਆ ਜਾ ਨੀ-
ਡੁੱਬਦਿਆਂ ਨੂੰ ਰੱਬ ਤਾਰੇ

ਉਹ ਮਹੀਂਵਾਲ ਦੇ ਪੱਟ ਚੀਰਨ ਦੀ ਘਟਣਾ ਨੂੰ ਬਿਆਨਦਾ ਹੋਇਆ ਆਪਣੇ ਆਪ ਨੂੰ ਮਹੀਂਵਾਲ ਸਮਝਦਾ ਹੈ: -

ਮਹੀਂਵਾਲ ਨੇ ਕਰੀ ਤਿਆਰੀ
ਮੋਢੇ ਜਾਲ ਟਕਾਇਆ
ਲੀੜੇ ਲਾਹਕੇ ਰੱਖੇ ਪੱਤਣ ਤੇ
ਜਾਲ ਚੁਫੇਰੇ ਲਾਇਆ
ਅੱਗੇ ਤਾਂ ਮੱਛਲੀ ਸੌ ਸੌ ਫਸਦੀ
ਅੱਜ ਲੋਹੜਾ ਕੀ ਆਇਆ
ਯਾਰ ਮੇਰੇ ਨੇ ਮੰਗਣਾ ਗੋਸ਼ਤ
ਮੈਨੂੰ ਨਹੀਂ ਥਿਆਇਆ
ਲੈਕੇ ਫਿਰ ਨਾਮ ਗੁਰਾਂ ਦਾ
ਚੀਰਾ ਪੱਟ ਨੂੰ ਲਾਇਆ
ਡੇਢ ਸੇਰ ਜਾਂ ਕੱਢ ਲਿਆ ਗੋਸ਼ਤ
ਵਿੱਚ ਥਾਲ ਦੇ ਪਾਇਆ
ਲੈ ਕੇ ਮਹੀਂਵਾਲ ਤੁਰ ਪਿਆ

ਕੋਲ ਸੋਹਣੀ ਦੇ ਆਇਆ
ਖਾਤਰ ਸੋਹਣੀ ਦੀ -
ਪੱਟ ਚੀਰ ਕਬਾਬ ਬਣਾਇਆ

ਪੰਜਾਬ ਦੀ ਗੋਰੀ ਸੋਹਣੀ ਦੇ ਕੱਚੇ ਘੜੇ ਤੇ ਦਰਿਆ ਨੂੰ ਪਾਰ ਕਰਨ ਦੇ ਵਿਰਤਾਂਤ ਨੂੰ ਬੜੇ ਦਰਦੀਲੇ ਸ਼ਬਦਾਂ ਨਾਲ ਬਿਆਨ ਕਰਦੀ ਹੈ। ਪੰਜਾਬਣਾਂ ਇਸ ਗੀਤ ਨੂੰ ਕਰੁਣਾਮਈ ਅੰਦਾਜ ਵਿੱਚ ਗਾਉਂਦੀਆਂ ਹਨ। ਗਾਉਂਣ ਸਮੇਂ ਗਲਾ ਭਰ ਭਰ ਆਉਂਦਾ ਹੈ ਤੇ ਅੱਖੀਆਂ ਸਿਮ ਸਿਮ ਜਾਂਦੀਆਂ ਹਨ.... ਸੋਹਣੀ ਮਹੀਂਵਾਲ ਦੀ ਪ੍ਰੀਤ ਕਹਾਣੀ ਨੈਣਾਂ ਅਗੇ ਲਟਕ ਲਟਕ ਜਾਂਦੀ ਹੈ ..... ਸੁਣਨ ਵਾਲਿਆਂ ਦੇ ਕਲੇਜੇ ਧਰੂਹੇ ਜਾਂਦੇ ਹਨ..........ਸੋਗ ਮਈ ਬੋਲ ਉਭਰਦੇ ਹਨ...... ਸਨਾਟਾ ਛਾ ਜਾਂਦਾ ਹੈ...... ਸਿਰਫ ਗੀਤ ਦੇ ਦਰਦ ਵਿੰਨ੍ਹੇ ਬੋਲ ਸੁਣਾਈ ਦੇਂਦੇ ਹਨ: -

ਕਿੱਕਰੇ ਨੀ ਕੰਡਿਆਲੀਏ
ਤੇਰੀ ਠੰਡੜੀ ਛਾਂ
ਲਗ ਲਗ ਜਾਂਦੀਆਂ ਮਜਲਸਾਂ
ਬਹਿ ਬਹਿ ਜਾਣ ਦੀਵਾਨ
ਨੀਲੇ ਘੋੜੇ ਵਾਲਿਆ
ਘੋੜਾ ਸਹਿਜ ਦੁੜਾ
ਧਮਕ ਪਵੇ ਮੇਰੇ ਮਹਿਲ ਨੂੰ
ਕਜਲੇ ਪਏ ਰਵਾਲ
ਬਾਰੀ ਵਿੱਚ ਖੜੋਤੀਏ
ਸ਼ੀਸ਼ਾ ਨਾ ਲਿਸ਼ਕਾ
ਕਹਿਰ ਪਵੇ ਤੇਰੇ ਰੂਪ ਨੂੰ
ਗਿਆ ਕਲੇਜੇ ਨੂੰ ਖਾ
ਪੱਟੀਆਂ ਰੱਖ ਗੰਵਾ ਲਈਆਂ
ਨੈਣ ਗੰਵਾ ਲਏ ਰੋ
ਏਸ ਜਵਾਨੀ ਦੇ ਹਾਣ ਦਾ
ਮਹਿਰਮ ਮਿਲਿਆ ਨਾ ਕੋ
ਪੱਟੀਆਂ ਰਖ ਗੁੰਦਾ ਕੇ
ਨੈਣਾ ਨੂੰ ਸਮਝਾ
ਏਸ ਜਵਾਨੀ ਦੇ ਹਾਣ ਦਾ
ਮਹਿਰਮ ਹੈ ਮਹੀਂਵਾਲ
ਬੇਟਾ ਵੇ ਸੁਣ ਮੇਰਿਆ

ਸੋਹਣੀ ਨੂੰ ਸਮਝਾ
ਤੈਨੂੰ ਸੁੱਤਾ ਛੋੜਕੇ
ਜਾਂਦੀ ਕੋਲ ਮਹੀਂਵਾਲ
ਮਾਏਂ ਨੀ ਸੁਣ ਮੇਰੀਏ
ਐਡੇ ਬੋਲ ਨਾ ਬੋਲ
ਦਿਨੇ ਕਢ੍ਹੇ ਕਸੀਦੜਾ
ਰਾਤੀਂ ਸੌਂਦੀ ਸਾਡੇ ਕੋਲ
ਨਾਰੀਆਂ ਚੰਚਲ ਹਾਰੀਆਂ
ਚੰਚਲ ਕੰਮ ਕਰਨ
ਦਿਨੇ ਡਰਨ ਥਰ ਥਰ ਕਰਨ
ਰਾਤੀਂ ਨਦੀ ਤਰਨ
ਸੱਸ ਗਈ ਘੁੰਮਿਆਰ ਦੇ
ਕੱਚਾ ਘੜਾ ਪਥਾ
ਛੇਤੀ ਜਾਕੇ ਰੱਖਿਆ
ਉਸ ਬੂਝੇ ਲਾਗੇ ਜਾ
ਆ ਸੋਹਣੀ ਲੈ ਤੁਰ ਪਈ
ਠਿਲ੍ਹ ਪਈ ਦਰਿਆ
ਕੱਚਾ ਘੜਾ ਤੇ ਖੁਰ ਗਿਆ
ਸੋਹਣੀ ਵੀ ਡੁੱਬੀ ਨਾਲ
ਮੱਛੀਓ ਨੀ ਜਲ ਰਹਿੰਦੀਓ
ਵੱਢ ਵੱਢ ਖਾਇਓ ਮਾਸ
ਇਕ ਨਾ ਖਾਵੋ ਨੈਣ ਅਸ਼ਾਡੜੇ
ਸਾਨੂੰ ਅਜੇ ਮਿਲਣ ਦੀ ਆਸ
ਦੁਧੋਂ ਦਹੀਂ ਜਮਾਇਆ
ਦਹੀਉਂ ਬਣ ਗਈ ਛਾਹ
ਅੱਜ ਨਹੀਂ ਸੋਹਣੀ ਆਂਵਦੀ
ਕਿਤੇ ਪੈ ਗਈ ਲੰਬੜੇ ਰਾਹ
ਦੁੱਧੋਂ ਦਹੀਂ ਜਮਾ ਲਿਆ
ਦਹੀਉਂ ਬਣਿਆਂ ਪਨੀਰ
ਅੱਜ ਨਹੀਂ ਸੋਹਣੀ ਆਂਵਦੀ
ਕਿਤੇਂ ਪੈ ਗਈ ਡੂੰਘੇ ਨੀਰ

ਗੀਤ ਦੇ ਬੋਲ ਸੋਗੀ ਵਾਵਾਂ ਵਿੱਚ ਗੁੰਮ ਹੋ ਜਾਂਦੇ ਹਨ। ਕਿਸੇ ਦੀ ਦ੍ਰਿੜਤਾ

ਭਰੀ ਆਵਾਜ ਉੱਭਰਦੀ ਹੈ:

ਰਾਤ ਹਨੇਰੀ ਲਿਸ਼ਕਣ ਤਾਰੇ
ਕੱਚੇ ਘੜੇ ਤੇ ਮੈਂ ਤਰਦੀ
ਵੇਖੀਂ ਰੱਬਾ ਖੈਰ ਕਰੀਂ
ਤੇਰੀ ਆਸ ਤੇ ਮੂਲ ਨਾ ਡਰਦੀ

ਪਤਾ ਨਹੀਂ ਪੰਜਾਬ ਦੀਆਂ ਕਿੰਨੀਆਂ ਕੁ ਸਹੁਣੀਆਂ ਨੂੰ ਕੱਚਿਆਂ ਤੇ ਤੈਰਨਾ ਪੈਂਦਾ ਹੈ: -

ਨਦੀਓਂ ਪਾਰ ਮੇਰੇ ਮਾਹੀ ਦਾ ਡੇਰਾ
ਮੈਨੂੰ ਵੀ ਲੈ ਚਲ ਪਾਰ ਘੜਿਆ
ਵੇਖਣ ਨੂੰ ਦੋਵੇਂ ਨੈਣ ਤਰਸਦੇ
ਮੇਲ ਦਈਂ ਦਿਲਦਾਰ ਘੜਿਆ

ਨੀਵਾਂ ਨੀਵਾਂ ਕਿਊਂ ਹੁੰਦਾ ਜਾਵੇਂ
ਦਰਿਆ ਠਾਠਾਂ ਮਾਰਦਾ ਏ
ਬੇਵਫ਼ਾਈ ਨਹੀਂ ਕਰਨੀ ਚਾਹੀਏ
ਖੜ੍ਹਕੇ ਅਧ ਵਿਚਕਾਰ ਘੜਿਆ
ਬਣ ਸਾਥੀ ਅੱਜ ਸਾਥ ਨਭਾਵੀਂ

ਰੋ ਰੋ ਸੋਹਣੀ ਪੁਕਾਰਦੀ ਸੀ
ਯਾਰ ਮਿਲਾਂਵੀਂ ਨਾ ਖੁਰ ਜਾਵੀਂ
ਆਖਾਂ ਮੈਂ ਅਰਜ਼ ਗੁਜਾਰ ਘੜਿਆ
ਨਦੀਓਂ ਪਾਰ ਮੇਰੇ ਮਾਹੀ ਦਾ ਡੇਰਾ
ਮੈਨੂੰ ਵੀ ਲੈ ਚਲ ਪਾਰ ਘੜਿਆ
ਵੇਖਣ ਨੂੰ ਦੋਵੇਂ ਨੈਣ ਤਰਸਦੇ
ਮੇਲ ਦਈਂ ਦਿਲਦਾਰ ਘੜਿਆ

ਸ਼ਹੁ ਪਾਣੀ ਵਿੱਚ ਮਿੱਟੀ ਇਹ ਖੁਰਸੀ
ਮੈਂ ਇਆਣੀ ਇਹ ਨਾ ਜਾਣਦੀ ਸਾਂ
ਜੀਵਨ ਕੁਠੜੀ ਆਜਿਜ ਲੁਠੜੀ
ਆ ਗਈ ਸਾਜਨ ਵਾਲੀ ਤਾਰ ਘੜਿਆ
ਨਦੀਓਂ ਪਾਰ ਮੇਰੇ ਮਾਹੀ ਦਾ ਡੇਰਾ
ਮੈਨੂੰ ਵੀ ਲੈ ਚਲ ਪਾਰ ਘੜਿਆ

ਵੇਖਣ ਨੂੰ ਦੋਵੇਂ ਨੈਣ ਤਰਸਦੇ
ਮੇਲ ਦਈਂ ਦਿਲਦਾਰ ਘੜਿਆ

ਮੂੰਹ ਜ਼ੋਰ ਪਾਣੀਆਂ ਅੱਗੇ ਕੱਚਿਆਂ ਨੇ ਕਿੱਥੇ ਠਹਿਰਨਾ ਹੋਇਆ। ਘੜਾ ਅੱਧ ਵਿਚਕਾਰ ਹੀ ਖੁਰ ਗਿਆ ਤੇ ਸੋਹਣੀ ਆਪਣੀ ਵਫ਼ਾ ਨਭਾਉਂਦੀ ਹੋਈ ਆਪਣੀ ਲਾਜ ਪਾਲ ਗਈ -

ਕੱਚੇ ਘੜੇ ਨੇ ਖੈਰ ਨਾ ਕੀਤੀ
ਡਾਢਾ ਜ਼ੁਲਮ ਕਮਾਇਆ
ਜਿੱਥੇ ਸੋਹਣੀ ਡੁੱਬ ਕੇ ਮਰੀ
ਉੱਥੇ ਮੱਛੀਆਂ ਨੇ ਘੇਰਾ ਪਾਇਆ

ਜਿਸ ਸਿਦਕ ਦਿਲੀ ਨਾਲ ਸੋਹਣੀ ਨੇ ਆਪਣੀ ਪ੍ਰੀਤ ਨਿਭਾਈ ਹੈ ਉਸ ਦੇ ਸਦਕੇ ਅੱਜ ਸਦੀਆਂ ਬੀਤਣ ਮਗਰੋਂ ਵੀ ਸੋਹਣੀ ਦੀ ਆਤਮਾ ਨੂੰ ਅੱਜ ਦੀ ਲੋਕ ਆਤਮਾ ਪਰਨਾਮ ਕਰਦੀ ਹੈ ਅਤੇ ਸਿਜਦੇ ਵਿੱਚ ਸਿਰ ਝੁਕਾਉਂਦੀ ਹੈ: -

ਸੋਹਣੀ ਜਹੀ ਕਿਸੇ ਪ੍ਰੀਤ ਕੀ ਕਰਨੀ
ਉਹਦਾ ਪ੍ਰੀਤ ਵੀ ਪਾਣੀ ਭਰਦੀ
ਵਿੱਚ ਝਨਾਵਾਂ ਦੇ
ਸੋਹਣੀ ਆਪ ਡੁੱਬੀ ਰੂਹ ਤਰਦੀ

ਸ਼ਾਲਾ! ਜੁਗ ਜੁੱਗ ਜਿਊਣ ਸਾਡੀਆਂ ਸੋਹਣੀਆਂ ਤੇ ਜਵਾਨੀਆਂ ਮਾਨਣ ਸਾਡੇ ਮਹੀਂਵਾਲ!

## ਗੋਰੀ ਦਾ ਪੁੰਨੂੰ

ਨਾਜ਼ਕ ਪੈਰ ਮਲੂਕ ਸੱਸੀ ਦੇ
ਮਹਿੰਦੀ ਨਾਲ ਸ਼ਿੰਗਾਰੇ
ਬਾਲੂ ਰੇਤ ਤਪੇ ਵਿੱਚ ਥਲ ਦੇ
ਜਿਉਂ ਜੌਂ ਭੁੰਨਣ ਭੱਠਿਆਰੇ
ਸੂਰਜ ਭੱਜ ਵੜਿਆ ਵਿੱਚ ਬਦਲੀਂ
ਡਰਦਾ ਲਿਸ਼ਕ ਨਾ ਮਾਰੇ
ਹਾਸ਼ਮ ਵੇਖ ਯਕੀਨ ਸੱਸੀ ਦਾ
ਸਿਦਕੋਂ ਮੂਲ ਨਾ ਹਾਰੇ।

ਸੱਸੀ ਪੁੰਨੂੰ ਸਿੰਧ ਦੇ ਇਲਾਕੇ ਦੀ ਪ੍ਰੀਤ ਕਥਾ ਹੈ। ਕਹਿੰਦੇ ਹਨ ਕੋਈ ਸੱਤ ਕੁ ਸੌ ਵਰ੍ਹੇ ਪਹਿਲਾਂ ਭੰਬੋਰ ਸ਼ਹਿਰ ਵਿਖੇ ਰਾਜਾ ਆਦਿਮ ਖਾਨ ਰਾਜ ਕਰਦਾ ਸੀ। ਬੰਦਾ ਬੜਾ ਨੇਕ ਬਖਤ ਸੀ ਪਰ ਉਸ ਦੇ ਘਰ ਔਲਾਦ ਕੋਈ ਨਾ ਸੀ। ਕਈ ਮੰਨਤਾਂ ਮੰਨ ਕੇ ਆਖਰ ਇਕ ਧੀ ਨੇ ਉਹਦੇ ਘਰ ਜਨਮ ਲਿਆ। ਧੀ ਦਾ ਨਾਂ ਉਨ੍ਹਾਂ ਸੱਸੀ ਰੱਖਿਆ। ਉਸ ਸਮੇ ਦੇ ਰਿਵਾਜ ਅਨੁਸਾਰ ਰਾਜੇ ਨੇ ਨਜੂਮੀਆਂ ਪਾਸੋਂ ਸੱਸੀ ਦੇ ਭਵਿਖਤ ਬਾਰੇ ਪੁੱਛਿਆ! ਉਨ੍ਹਾਂ ਵਹਿਮ ਪਾ ਦਿੱਤਾ ਕਿ ਸੱਸੀ ਆਪਣੀ ਜਵਾਨੀ ਦੇ ਦਿਨਾਂ ਵਿੱਚ ਇਕ ਮਨਚਲੇ ਨੌ ਜਵਾਨ ਪਿੱਛੇ ਥਲਾਂ ਵਿੱਚ ਮਰ ਜਾਵੇਗੀ। ਰਾਜੇ ਨੇ ਆਪਣੀ ਬਦਨਾਮੀ ਤੋਂ ਡਰਦਿਆਂ ਪਹਿਲਾਂ ਸੱਸੀ ਨੂੰ ਜ਼ਹਿਰ ਦੇਣਾ ਚਾਹਿਆ ਪਰ ਮਗਰੋਂ ਉਹਨੂੰ ਇਕ ਸੰਦੂਕ ਵਿੱਚ ਬੰਦ ਕਰਕੇ ਦਰਿਆ ਸਿੰਧ ਵਿੱਚ ਰੋੜ੍ਹ ਦਿੱਤਾ!

ਭੰਬੋਰ ਸ਼ਹਿਰ ਤੋਂ ਬਾਹਰ ਅੱਤਾ ਨਾਮੀ ਧੋਬੀ ਕਪੜੇ ਧੋ ਰਿਹਾ ਸੀ। ਰੁੜ੍ਹਦਾ ਜਾਂਦਾ ਸੰਦੂਕ ਉਹਦੀ ਨਿਗਾਹ ਪਿਆ । ਸੰਦੂਕ ਉਹਨੇ ਫੜ ਲਿਆ। ਕੀ ਵੇਖਦੇ ਹਨ = ਇਕ ਪਿਆਰਾ ਬੱਚਾ ਵਿੱਚ ਪਿਆ ਅਗੂਠਾ ਚੁੰਘ ਰਿਹਾ ਹੈ! ਧੋਬੀ ਦੇ ਕੋਈ ਔਲਾਦ ਨਹੀਂ ਸੀ! ਬੱਚਾ ਪ੍ਰਾਪਤ ਕਰਕੇ ਧੋਬੀ ਅਤੇ ਧੋਬਣ ਨੇ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ ਅਤੇ ਇਸ ਨੂੰ ਰੱਬੀ ਦਾਤ ਸਮਝ ਕੇ ਉਹਦੀ ਪਾਲਣਾ ਕਰਨ ਲੱਗੇ।

ਉਹ ਇਹ ਨਹੀਂ ਸੀ ਜਾਣਦੇ ਕਿ ਇਹ ਭੰਬੋਰ ਦੇ ਹਾਕਮ ਦੀ ਬੇਟੀ ਹੈ।

ਸੱਸੀ ਧੋਬੀਆਂ ਦੇ ਘਰ ਜਵਾਨ ਹੋ ਗਈ! ਉਹਦੇ ਹੁਸਨ ਦੀ ਚਰਚਾ ਘਰ ਘਰ ਹੋਣ ਲੱਗ ਪਈ। ਰਾਜੇ ਦੇ ਕੰਨੀ ਵੀ ਏਸ ਦੀ ਭਣਿਕ ਪੈ ਗਈ। ਉਹਨੂੰ ਮਹਿਲੀਂ ਸੱਦਿਆ ਗਿਆ ਪਰੰਤੂ ਸੱਸੀ ਨੇ ਆਪੂੰ ਜਾਣ ਦੀ ਥਾਂ ਆਪਣੇ ਗਲ ਦਾ ਤਵੀਤ ਘੱਲ ਦਿੱਤਾ! ਰਾਜੇ ਨੇ ਤਵੀਤ ਪਛਾਣ ਲਿਆ। ਆਦਿਮ ਖਾਨ ਆਪ ਚਲ ਕੇ ਧੋਬੀਆਂ ਦੇ ਘਰ ਆਇਆ ਪਰ ਸੱਸੀ ਮਹਿਲੀਂ ਜਾਣ ਲਈ ਤਿਆਰ ਨਾ ਹੋਈ।

ਭੰਬੋਰ ਸ਼ਹਿਰ ਵਿੱਚ ਇਕ ਰਸੀਏ ਸੁਦਾਗਰ ਦਾ ਬੜਾ ਸ਼ਾਨਦਾਰ ਮਹਿਲ ਪਵਾਇਆ ਹੋਇਆ ਸੀ। ਉਸ ਮਹਿਲ ਦੇ ਇਕ ਕਮਰੇ ਵਿੱਚ ਸਾਰੇ ਦੇਸਾਂ ਦੇ ਸ਼ਾਹਿਜ਼ਾਦਿਆਂ ਦੀਆਂ ਤਸਵੀਰਾਂ ਰੱਖੀਆਂ ਹੋਈਆਂ ਸਨ। ਸਾਰਾ ਸ਼ਹਿਰ ਉਨ੍ਹਾਂ ਨੂੰ ਵੇਖ ਰਿਹਾ ਸੀ। ਸੱਸੀ ਵੀ ਆਪਣੀਆਂ ਸਹੇਲੀਆਂ ਸਮੇਤ ਉਥੇ ਪੁੱਜੀ। ਪਰ ਉਹ ਇਕ ਪਿਆਰਾ ਮੁਖੜਾ ਵੇਖ ਆਪਣਾ ਦਿਲ ਦੇ ਬੈਠੀ। ਇਹ ਤਸਵੀਰ ਬਲੋਚਿਸਤਾਨ ਦੇ ਇਲਾਕੇ ਮਿਕਰਾਨ ਦੇ ਸ਼ਾਹਜ਼ਾਦੇ ਪੁੰਨੂੰ ਦੀ ਸੀ।

ਮਿਕਰਾਨ ਦੇ ਸੌਦਾਗਰ ਭੰਬੋਰ ਆਮ ਵਪਾਰ ਲਈ ਆਇਆ ਕਰਦੇ ਸਨ। ਉਹ ਪੁੰਨੂੰ ਪਾਸ ਸੱਸੀ ਦੇ ਹੁਸਨ ਦੀਆਂ ਬਾਤਾਂ ਪਾਉਂਦੇ। ਪੁੰਨੂੰ ਸੱਸੀ ਨੂੰ ਬਿਨਾਂ ਵੇਖੇ ਉਸ ਤੇ ਮੋਹਤ ਹੋ ਗਿਆ ਤੇ ਇਕ ਦਿਨ ਕਾਫਲੇ ਨਾਲ਼ ਆਪਣੇ ਮਾਪਿਆਂ ਤੋਂ ਚੋਰੀ ਭੰਬੋਰ ਆਣ ਪੁੱਜਾ ਤੇ ਸੱਸੀ ਦੇ ਬਾਪ ਕੋਲ ਆ ਨੌਕਰ ਹੋਇਆ। ਸੱਸੀ ਪੁੰਨੂੰ ਪਿਆਰ ਮਿਲਣੀਆਂ ਮਾਣਦੇ ਰਹੇ ਅਤੇ ਭੰਬੋਰ ਸ਼ਹਿਰ ਵਿੱਚ ਉਨ੍ਹਾਂ ਦਾ ਪਿਆਰ ਮਹਿਕਾਂ ਵੰਡਦਾ ਰਿਹਾ।

ਪੁੰਨੂੰ ਦੇ ਭਰਾ ਉਸ ਨੂੰ ਲੱਭਦੇ ਲੱਭਦੇ ਭੰਬੋਰ ਜਾ ਪੁੱਜੇ। ਉਹ ਰਾਤ ਸੱਸੀ ਦੇ ਘਰ ਠਹਿਰੇ। ਰਾਤ ਸਮੇਂ ਉਨ੍ਹਾਂ ਨੇ ਪੁੰਨੂੰ ਨੂੰ ਨਸ਼ੇ ਵਿੱਚ ਬੇਹੋਸ਼ ਕਰਕੇ ਊਠ ਤੇ ਲੱਦ ਲਿਆ ਤੇ ਰਾਤੋ ਰਾਤ ਆਪਣੇ ਸ਼ਹਿਰ ਕੀਚ ਨੂੰ ਚਾਲੇ ਪਾ ਲਏ।

ਸੱਸੀ ਦੀ ਸਵੇਰੇ ਜਾਗ ਖੁਲ੍ਹੀ। ਵੇਖਿਆ ਉਹਦਾ ਪੁੰਨੂੰ ਓਥੇ ਹੈ ਨਹੀਂ ਸੀ। ਉਹ ਮਗਰੋਂ ਡਾਚੀ ਦਾ ਖੁਰਾ ਫੜਦੀ ਨੱਸ ਟੁਰੀ ਤੇ ਸਹਿਰਾ ਦੇ ਤਪਦੇ ਰੇਤ ਵਿਚ ਪੁੰਨੂੰ ਪੁੰਨੂੰ ਕੂਕਦੀ ਮਰ ਗਈ।

ਦੂਜੇ ਬੰਨੇ ਸਵੇਰ ਸਾਰ ਪੁੰਨੂੰ ਨੂੰ ਹੋਸ਼ ਪਰਤੀ। ਉਹਨੇ ਡਾਚੀ ਉਪਰੋਂ ਛਾਲ ਮਾਰ ਦਿੱਤੀ ਤੇ ਓਸੇ ਪੈਰੀਂ ਵਾਪਸ ਮੁੜ ਪਿਆ! ਅੱਗ ਵਰ੍ਹਾਉਂਦੇ ਮਾਰੂਥਲ ਵਿੱਚ ਉਹ ਤੜਪਦੀ ਸੱਸੀ ਪਾਸ ਪੁੱਜਾ ਤੇ ਉਸ ਦੇ ਨਾਲ਼ ਹੀ ਪਰਾਣ ਤਿਆਗ ਦਿੱਤੇ।

ਪੰਜਾਬ ਦੀ ਗੋਰੀ ਦੇ ਮਨ ਉੱਤੇ ਇਸ ਦਰਦਾਂ ਭਰੀ ਕਹਾਣੀ ਦਾ ਬੜਾ ਪਰਭਾਵ ਪਿਆ ਹੈ। ਉਸ ਨੇ ਪੁੰਨੂੰ ਨੂੰ ਬੇਹੋਸ਼ ਕਰਕੇ ਸੱਸੀ ਪਾਸੋਂ ਚੋਰੀਂ ਜ਼ਬਰਦਸਤੀ ਲਜਾਏ ਜਾਣ ਦੇ ਵਿਰਤਾਂਤ ਨੂੰ ਬੜੇ ਦਿਲ ਵਿੰਨ੍ਹਵੇਂ ਸ਼ਬਦਾਂ ਵਿੱਚ ਉਲੀਕਿਆ ਹੈ!

ਚਰਖਾ ਕਤੇਂਦੀ ਗੋਰੀ ਨੂੰ ਆਪਣੇ ਪੁੰਨੂੰ ਦੀ ਯਾਦ ਆ ਜਾਂਦੀ ਹੈ: -

ਲਠ ਚਰਖੇ ਦੀ ਹਿਲਦੀ ਜੁਲਦੀ
ਮਾਲ੍ਹਾਂ ਬਾਹਲੀਆਂ ਖਾਵੇ
ਸਭਨਾਂ ਸਈਆਂ ਨੇ ਭਰ ਲਏ ਛਿੱਕੂ
ਮੈਥੋਂ ਕੱਤਿਆ ਮੂਲ ਨਾ ਜਾਵੇ
ਚਰਖਾ ਕਿਵੇਂ ਕੱਤਾਂ
ਮੇਰਾ ਮਨ ਪੁੰਨੂੰ ਵਲ ਧਾਵੇ।

ਤ੍ਰਿੰਜਣ ਕੱਤਦੀਆਂ 'ਚ ਕੋਈ ਜਣੀ ਸੱਸੀ ਪੁੰਨੂੰ ਦਾ ਗੀਤ ਛੂਹ ਬਹਿੰਦੀ ਹੈ:-

ਉੱਚੀਆਂ ਲੰਬੀਆਂ ਟਾਹਲੀਆਂ
ਵਿੱਚ ਗੁਜਰੀ ਦੀ ਪੀਂਘ ਵੇ ਮਾਹੀਆ
ਪੀਂਘ ਝੁਟੇਂਦੇ ਦੋ ਜਣੇ
ਆਸ਼ਕ ਤੇ ਮਾਸ਼ੂਕ ਵੇ ਮਾਹੀਆ
ਪੀਂਘ ਝੁਟੇਂਦੇ ਢਹਿ ਪਏ
ਹੋ ਗਏ ਚਕਨਾ ਚੂਰ ਵੇ ਮਾਹੀਆ
ਸੱਸੀ ਤੇ ਪੁੰਨੂੰ ਰਲ ਸੁੱਤੇ
ਮੁਖ ਤੇ ਪਾਕੇ ਰੁਮਾਲ ਵੇ ਮਾਹੀਆ
ਸੱਸੀ ਜੁ ਪਾਸਾ ਮੋੜਿਆ
ਪੁੰਨੂੰ ਤਾਂ ਹੈ ਨੀ ਨਾਲ਼ ਵੇ ਮਾਹੀਆ
ਜੇ ਮੈਂ ਹੁੰਦੀ ਜਾਗਦੀ
ਜਾਂਦੇ ਨੂੰ ਲੈਂਦੀ ਮੋੜ ਵੇ ਮਾਹੀਆ
ਮਗਰੋਂ ਸੱਸੀ ਤੁਰ ਪਈ
ਮੈਂ ਵੀ ਚਲਸਾਂ ਤੋੜ ਵੇ ਮਾਹੀਆ

ਗੀਤ ਸੁਣ ਕੇ ਕਿਸੇ ਨਾਜੋ ਨੂੰ ਆਪਣੇ ਪੁੰਨੂੰ ਦਾ ਖ਼ਿਆਲ ਆ ਜਾਂਦਾ ਹੈ ਮਤੇ ਉਹ ਵੀ ਉਸ ਨੂੰ ਛੱਡ ਕੇ ਕਿਧਰੇ ਤੁਰ ਜਾਵੇ। ਉਹ ਆਪਣੇ ਦਿਲ ਦੇ ਮਹਿਰਮ ਅੱਗੇ ਅਰਜੋਈ ਕਰਦੀ ਹੈ: -

ਆਪਣੇ ਕੋਠੇ ਮੈਂ ਖੜੀ
ਪੁੰਨੂੰ ਖੜਾ ਮਸੀਤ ਵੇ
ਭਰ ਭਰ ਅੱਖੀਆਂ ਡੋਲ੍ਹਦੀ
ਨੈਣੀਂ ਲੱਗੀ ਪ੍ਰੀਤ ਵੇ

ਹਾਏ ਵੇ ਪੁੰਨੂੰ ਜ਼ਾਲਮਾ
ਹਾਏ ਵੇ ਦਿਲਾਂ ਦਿਆ ਮਹਿਰਮਾ
ਸੁੱਤੀ ਨੂੰ ਛੋਡ ਕੇ ਨਾ ਜਾਈਂ ਵੇ
ਉਠ ਨੀ ਮਾਏਂ ਸੁੱਤੀਏ
ਚੁਲ੍ਹੇ ਅੱਗ ਨੀ ਪਾ
ਜਾਂਦੇ ਪੁੰਨੂੰ ਨੂੰ ਘੇਰ ਕੇ
ਕੋਈ ਭੋਜਨ ਦਈਂ ਛਕਾ
ਹਾਏ ਵੇ ਪੁੰਨੂੰ ਜ਼ਾਲਮਾ
ਹਾਏ ਵੇ ਦਿਲਾਂ ਦਿਆ ਮਹਿਰਮਾ
ਸੁੱਤੀ ਨੂੰ ਛੋਡ ਕੇ ਨਾ ਜਾਈਂ ਵੇ।
ਉਠ ਨੀ ਭਾਬੋ ਸੁੱਤੀਏ
ਦੁੱਧ ਮਧਾਣੀ ਪਾ
ਜਾਂਦੇ ਪੁੰਨੂੰ ਘੇਰ ਕੇ
ਮੱਖਣ ਦਈਂ ਛਕਾ
ਹਾਏ ਵੇ ਪੁੰਨੂੰ ਜ਼ਾਲਮਾ
ਹਾਏ ਵੇ ਦਿਲਾਂ ਦਿਆ ਮਹਿਰਮਾ
ਸੁੱਤੀ ਨੂੰ ਛੋਡ ਕੇ ਨਾ ਜਾਈਂ ਵੇ।
ਉਠ ਵੇ ਵੀਰਾ ਸੁੱਤਿਆ
ਕੋਈ ਪੱਕਾ ਮਹਿਲ ਚੁਣਾ
ਵਿੱਚ ਵਿੱਚ ਰਖ ਦੇ ਮੋਰੀਆਂ
ਦੇਖਾਂ ਪੁੰਨੂੰ ਦਾ ਰਾਹ
ਹਾਏ ਵੇ ਪੁੰਨੂੰ ਜ਼ਾਲਮਾ
ਹਾਏ ਵੇ ਦਿਲਾਂ ਦਿਆ ਮਹਿਰਮਾ
ਸੁੱਤੀ ਨੂੰ ਛੋਡਕੇ ਨਾ ਜਾਈਂ ਵੇ।
ਬਾਰਾਂ ਪਿੰਡਾਂ ਦੇ ਚੌਧਰੀ
ਕੋਠੇ ਲਵਾਂ ਚੜ੍ਹਾ
ਚੰਗੇ ਜਿਹੇ ਨੂੰ ਦੇਖ ਕੇ
ਤੈਨੂੰ ਦੇਵਾਂ ਵਿਆਹ
ਹਾਏ ਵੇ ਪੁੰਨੂੰ ਜ਼ਾਲਮਾ
ਹਾਏ ਵੇ ਦਿਲਾਂ ਦਿਆ ਮਹਿਰਮਾ
ਸੁੱਤੀ ਨੂੰ ਛੋਡ ਕੇ ਨਾ ਜਾਈਂ ਵੇ।
ਬਾਰਾਂ ਪਿੰਡਾਂ ਦੇ ਚੌਧਰੀ

ਕੋਠੇ ਲਈਂ ਚੜ੍ਹਾ
ਚੰਗੇ ਜਿਹੇ ਨੂੰ ਦੇਖ ਕੇ
ਮੈਥੋਂ ਛੋਟੀ ਨੂੰ ਲਈਂ ਵਿਆਹ
ਹਾਏ ਵੇ ਪੁਨੂੰ ਜ਼ਾਲਮਾਂ
ਹਾਏ ਵੇ ਦਿਲਾਂ ਦਿਆ ਮਹਿਰਮਾ
ਸੁੱਤੀ ਨੂੰ ਛੋਡ ਕੇ ਨਾ ਜਾਈਂ ਵੇ।

ਪਰ ਪ੍ਰਦੇਸੀ ਪੁਨੂੰ ਨੂੰ ਲਾਦੀ ਲਦਕੇ ਲੈ ਜਾਂਦੇ ਹਨ! ਗੋਰੀ ਨੂੰ ਉਸਦੀ ਮਾਂ ਪੁੰਨੂੰ ਦਾ ਪਿੱਛਾ ਕਰਨ ਤੋਂ ਹੋੜਦੀ ਹੈ: -

ਲਾਦੀ ਲਦ ਗਏ
ਕੀਲੇ ਪਟ ਗਏ
ਭਾਵੇਂ ਮਾਏਂ ਸੁਣੇ
ਭਾਵੇਂ ਪਿਓ ਸੁਣੇ
ਮੈਂ ਤਾਂ ਉਠ ਜਾਣੈ
ਨਾਲ਼ ਲਾਦੀਆਂ ਦੇ
ਅੰਦਰ ਬੜ ਜਾ ਧੀਏ
ਗੱਲਾਂ ਕਰਲੈ ਧੀਏ
ਅਸੀਂ ਪੱਟ ਦਿੱਤੇ
ਇਨ੍ਹਾਂ ਲਾਦੀਆਂ ਨੇ
ਬੇਲਾਂ ਢੂੰਡ ਫਿਰੀ
ਅੱਖਾਂ ਲਾਲ ਹੋਈਆਂ
ਪੰਘੂੜਾ ਭੰਨ ਸੁੱਟਿਆ
ਲਾਲ ਬਾਰੀਆਂ ਦਾ।

ਗੋਰੀ ਕਲਾਲਾਂ ਨੂੰ ਦੁਰਾ ਸੀਸਾਂ ਦੇਂਦੀ ਹੈ ਜਿਨ੍ਹਾਂ ਨੇ ਉਸ ਦੇ ਪੁੰਨੂੰ ਨੂੰ ਸ਼ਰਾਬੀ ਕਰਕੇ ਬੇਹੋਸ ਕਰਕੇ ਉਸ ਨਾਲ਼ੋਂ ਵਿਛੋੜ ਲਿਆ: -

ਮਰਨ ਕਲਾਲ ਜਗ ਹੋਵਣ ਥੋੜੇ
ਮੇਰਾ ਪੁੰਨੂੰ ਸ਼ਰਾਬੀ ਕੀਤਾ
ਸ਼ਹਿਰ ਭੰਬੋਰ ਦੀਆਂ ਭੀੜੀਆਂ ਗਲੀਆਂ
ਪੁੰਨੂੰ ਲੰਘ ਗਿਆ ਚੁੱਪ ਕੀਤਾ

ਇਕ ਅਫ਼ਸੋਸ ਰਹਿ ਗਿਆ ਦਿਲ ਮੇਰੇ
ਹੱਥੀਂ ਯਾਰ ਵਿਦਾ ਨਾ ਕੀਤਾ

ਉਹ ਉੱਠ ਨੂੰ ਵੀ ਕੋਸਦੀ ਹੈ ਜਿਸ ਤੇ ਪੁੰਨੂੰ ਨੂੰ ਉਸ ਦੇ ਭਰਾ ਲਦ ਕੇ ਲੈ ਖੜੇ ਸਨ: -

ਵੇ ਤੂੰ ਮਰ ਜਾਏਂ ਊਠਾ ਅੜਿਆ
ਵੇ ਤੂੰ ਯਾਰ ਮੇਰਾ ਚੁਕ ਖੜਿਆ
ਬੇ-ਦਰਦਾਂ ਨੂੰ ਤਰਸ ਨਾ ਆਇਆ
ਪੁੰਨੂੰ ਵਸ ਬਲੋਚਾਂ ਪਾਇਆ
ਤੇ ਨਾਲ਼ ਰੱਸੀ ਦੇ ਕੜਿਆ
ਇਸ਼ਕ ਨਾ ਚਲਣ ਦਏ ਚਲਾਕੀ
ਏਸ ਫਸਾਇਆ ਨੂਰੀ ਖਾਕੀ
ਵਿੱਚ ਜੋ ਇਸਦੇ ਵੜਿਆ।

ਰਾਤ ਸਮੇਂ ਸ਼ਰਾਬ ਦੇ ਨਸ਼ੇ ਵਿੱਚ ਬੇਹੋਸ਼ ਕਰਕੇ ਜਦ ਪੁੰਨੂੰ ਦੇ ਭਰਾ ਪੁੰਨੂੰ ਨੂੰ ਡਾਚੀ ਉੱਤੇ ਲਦਕੇ ਆਪਣੇ ਦੇਸ਼ ਨੂੰ ਲੈ ਤੁਰਦੇ ਹਨ ਤਦ ਸਵੇਰੇ ਸੱਸੀ ਨੂੰ ਇਸ ਸਾਜ਼ਸ਼ ਦਾ ਪਤਾ ਲਗਦਾ ਹੈ। ਉਹ ਪੁੰਨੂੰ ਪੁੰਨੂੰ ਕੂਕਦੀ ਢਾਚੀ ਦਾ ਖੁਰਾ ਫੜਕੇ ਮਗਰੇ ਨੱਸ ਟੁਰਦੀ ਹੈ। ਸੱਸੀ ਦੀ ਉਸ ਸਮੇਂ ਦੀ ਬਿਰਹਾ ਦਸ਼ਾ ਨੂੰ ਪੰਜਾਬ ਦੀ ਗੋਰੀ ਇਸ ਤਰ੍ਹਾਂ ਬਿਆਨ ਕਰਦੀ ਹੈ: -

ਸੱਸੀ ਤੇਰੇ ਬਾਗ਼ ਵਿੱਚ ਉਤਰੇ ਲੁਟੇਰੇ
ਬਲੋਚਾ ਜ਼ਾਲਮਾ ਸੁਣ ਵੈਣ ਮੇਰੇ
ਤੱਤੀ ਸੀ ਰੇਤ ਸੜ ਗਏ ਪੈਰ ਮੇਰੇ
ਕਿਧਰ ਗਏ ਕੌਲ ਇਕਰਾਰ ਤੇਰੇ
ਬਲੋਚਾ ਜ਼ਾਲਮਾ ਸੁਣ ਵੈਣ ਮੇਰੇ
ਕਚਾਵਾ ਯਾਰ ਦਾ ਦੋ ਨੈਣ ਮੇਰੇ
ਬਲੋਚਾ ਜ਼ਾਲਮਾ ਸਮਝ ਨਜ਼ਰ ਨੂੰ
ਕਿ ਨਜ਼ਰਾਂ ਤੇਰੀਆਂ ਪਾੜਨ ਪੱਥਰ ਨੂੰ
ਸੱਸੀ ਤੇਰੇ ਬਾਗ਼ ਵਿੱਚ ਮਿਰਚਾਂ ਦਾ ਬੂਟਾ
ਨੀ ਉਹ ਲੱਗਾ ਜਾਂਦੜਾ ਕੌਲਾਂ ਦਾ ਝੂਠਾ
ਸੱਸੀ ਤੇਰੇ ਬਾਗ ਵਿੱਚ ਘੁੱਗੀਆਂ ਦਾ ਜੋੜਾ

ਕਿ ਚੰਦਰੀ ਨੀਂਦ ਨੇ ਪਾਇਆ ਵਿਛੋੜਾ
ਸੱਸੀ ਤੇਰੇ ਬਾਗ ਵਿੱਚ ਉੱਤਰੇ ਵਪਾਰੀ
ਆਪੇ ਤੁਰ ਜਾਣ ਗੇ ਕਰਕੇ ਤਿਆਰੀ
ਬਲੋਚਾ ਜ਼ਾਲਮਾ ਨਾ ਮਾਰ ਤਾਹਨੇ
ਰੱਬ ਦੇ ਵਾਸਤੇ ਮਿਲ ਜਾ ਮਦਾਨੇ
ਬਲੋਚਾ ਜ਼ਾਲਮਾ ਨਾ ਮਾਰ ਸੀਟੀ
ਅੱਲਾ ਦੇ ਵਾਸਤੇ ਮਿਲ ਜਾ ਮਸੀਤੀਂ

ਪੁਨੂੰ ਦੇ ਤੁਰ ਜਾਣ ਤੇ ਸੱਸੀ ਦੀ ਮਾਂ ਸੱਸੀ ਨੂੰ ਦਲਾਸਾ ਦਿੰਦੀ ਹੋਈ ਸਮਝਾਉਂਦੀ ਹੈ ਕਿ ਚੰਗਾ ਹੋਇਆ ਕੌਲੇ ਦੀ ਬਲਾ ਟਲ ਗਈ ਹੈ। ਗੀਤ ਦੇ ਬੋਲ ਹਨ :

ਮੈਂ ਵੱਟ ਲਿਆਵਾਂ ਪੂਣੀਆਂ
ਧੀਏ ਚਰਖੇ ਨੂੰ ਚਿੱਤ ਲਾ
ਜਾਂਦੇ ਪੁੰਨੂੰ ਨੂੰ ਜਾਣਦੇ
ਧੀਏ ਕੌਲੇ ਦੀ ਗਈ ਨਾ ਬਲਾ

ਅੱਗ ਲਾਵਾਂ ਤੇਰੀਆਂ ਪੂਣੀਆਂ
ਚਰਖੇ ਨੂੰ ਨਦੀ ਨੀ ਹੜ੍ਹਾ
ਜਾਨ ਤਾਂ ਮੇਰੀ ਲੈ ਗਿਆ
ਨੀ ਚੀਰੇ ਦੇ ਲੜ ਲਾ
ਜਾਂਦੇ ਪੁੰਨੂੰ ਨੂੰ ਮੋੜ ਲੈ

ਸੂਟ ਸਮਾਵਾਂ ਰੇਸ਼ਮੀ
ਚੁੰਨੀਆਂ ਦੇਵਾਂ ਨੀ ਰੰਗਾ
ਜਾਂਦੇ ਪੁੰਨੂੰ ਨੂੰ ਜਾਣਦੇ
ਧੀਏ ਕੌਲੇ ਦੀ ਗਈ ਨੀ ਬਲਾ

ਅੱਗ ਲਾਵਾਂ ਤੇਰੇ ਸੂਟ ਨੂੰ
ਚੁੰਨੀਆਂ ਦੇਵਾਂ ਨੀ ਮਚਾ
ਜਾਨ ਤਾਂ ਮੇਰੀ ਲੈ ਗਿਆ

ਚੀਰੇ ਦੇ ਲੜ ਲਾ
ਨੀ ਜਾਂਦੇ ਪੁੰਨੂੰ ਨੂੰ ਮੋੜ ਲੈ।

ਬੂਰੀ ਜਹੀ ਮੱਝ ਲੈ ਦਿਆਂ
ਧੀਏ ਮੱਖਣਾਂ ਨਾਲ ਟੁੱਕ ਖਾ
ਜਾਂਦੇ ਪੁੰਨੂੰ ਨੂੰ ਜਾਣ ਦੇ
ਕੌਲੇ ਦੀ ਗਈ ਨਾ ਬਲਾ

ਅੱਗ ਲਾਵਾਂ ਤੇਰੀ ਮੱਖਣੀ
ਬੂਰੀ ਨੂੰ ਬੱਗ ਨਾ ਰਲ਼ਾ
ਜਾਨ ਤਾਂ ਮੇਰੀ ਲੈ ਗਿਆ
ਚੀਰੇ ਦੇ ਲੜ ਲਾ
ਨੀ ਜਾਂਦੇ ਪੁੰਨੂੰ ਨੂੰ ਰੋਕ ਲੈ

ਗੀਤ ਦੇ ਦਰਦੀਲੇ ਬੋਲ ਸੁਣਕੇ ਕਿਸੇ ਵਿਰਹਾ ਕੁੱਠੀ ਦੇ ਨੈਣਾਂ ਵਿਚੋਂ ਮੋਤੀ ਝਰ ਝਰ ਪੈਂਦੇ ਹਨ... ਗਲਾ ਭਰ ਭਰ ਆਉਂਦਾ ਹੈ... ਕਿਧਰੇ ਹਾਉਕਾ ਉਭਰਦਾ ਹੈ ਕਿਧਰੇ ਇਕ ਚੀਸ ਪੈਦਾ ਹੁੰਦੀ ਹੈ - ਦਰਦੀਲੇ ਬੋਲਾਂ ਦਾ ਮੁੜ ਜਨਮ ਹੁੰਦਾ ਹੈ:-

ਥਲ ਵੀ ਤੱਤਾ ਮੈਂ ਵੀ ਤੱਤੀ
ਤੱਤੇ ਨੈਣਾਂ ਦੇ ਡੇਲੇ
ਰੱਬਾ ਕੇਰਾਂ ਦਸ ਤਾਂ ਸਹੀ
ਕਦੋਂ ਹੋਣਗੇ ਪੁੰਨੂੰ ਨਾਲ ਮੇਲੇ

ਮੈਂ ਪੁੰਨੂੰ ਦੀ ਪੁੰਨੂੰ ਮੇਰਾ
ਸਾਡਾ ਪਿਆ ਵਿਛੋੜਾ ਭਾਰਾ
ਦਸ ਵੇ ਰੱਬਾ ਕਿੱਥੇ ਗਿਆ
ਮੇਰੇ ਨੈਣਾਂ ਦਾ ਵਣਜਾਰਾ

ਇੰਜ ਪੰਜਾਬ ਦੀ ਗੋਰੀ ਦੇ ਹੋਠਾਂ ਤੇ ਸੱਸੀ ਪੁੰਨੂੰ ਦੀ ਗਾਥਾ ਅਗਾਂਹ ਟੁਰਦੀ ਹੈ। ਪਤਾ ਨਹੀਂ ਕਿੰਨਾ ਸਮਾਂ ਹੋਰ ਇਹ ਪੰਜਾਬ ਦੀ ਗੋਰੀ ਦਾ ਦਰਦ ਬਿਆਨ ਕਰਦੀ ਰਹੇਗੀ।

# ਪ੍ਰੀਤ ਦਾ ਨਾਇਕ-ਮਿਰਜ਼ਾ

ਸੌ ਸੌ ਕੋਹ ਤੋਂ ਚੜ੍ਹੀ ਲੁਕਾਈ
ਮਿਰਜ਼ਾ ਵੇਖਣ ਆਵੇ
ਬਈ ਮਿਰਜ਼ਾ ਖਰਲਾਂ ਦਾ
ਅਜ ਵਧਕੇ ਬੋਲੀ ਪਾਵੇ।

ਮਿਰਜ਼ਾ ਮਸੀਂ ਪੰਜ ਕੁ ਸਾਲਾਂ ਦਾ ਹੋਇਆ ਸੀ ਕਿ ਉਹਦੇ ਬਾਪ ਬਿੰਜਲ ਦੀ ਮੌਤ ਹੋ ਗਈ। ਬਿੰਜਲ ਖਰਲਾਂ ਦਾ ਸਰਦਾਰ, ਦਾਨਾਬਾਦ ਦੇ ਰਾਵੀ ਦੇ ਇਲਾਕੇ ਦਾ ਚੌਧਰੀ ਸੀ। ਮਿਰਜ਼ੇ ਦੀ ਮਾਂ ਖੀਵੀ ਦਾ ਸੰਸਾਰ ਸੁੰਨਾ ਹੋ ਗਿਆ। ਸਿਆਣੀਆਂ ਤ੍ਰੀਮਤਾਂ ਉਸ ਨੂੰ ਸੈਆਂ ਦਿਲਬਰੀਆਂ ਦਿੰਦੀਆਂ, ਢਾਰਸਾਂ ਬਨ੍ਹਾਉਂਦੀਆਂ :

ਮਿਰਜ਼ੇ ਦੇ ਜਵਾਨ ਹੋਣ ਦੀ ਆਸ ਖੀਵੀ ਲਈ ਬਿੰਜਲ ਦੀ ਮੌਤ ਨੂੰ ਭੁੱਲ ਜਾਣ ਦਾ ਸਾਹਸ ਦੇਣ ਲੱਗੀ।

ਮਿਰਜ਼ੇ ਦਾ ਮਾਮਾ ਖੀਵਾ ਖਾਨ ਬਾਲ ਮਿਰਜ਼ੇ ਨੂੰ ਆਪਣੇ ਪਿੰਡ ਖੀਵੇ ਲੈ ਆਇਆ। ਉਹ ਝੰਗ ਸਿਆਲ ਦਾ ਚੌਧਰੀ ਸੀ। ਮਿਰਜ਼ੇ ਦੀ ਪਾਲਣਾ ਉਹਨੇ ਆਪਣੇ ਜ਼ਿੰਮੇ ਲੈ ਲਈ।

ਕੁਝ ਵਰ੍ਹੇ ਪਹਿਲਾਂ ਖੀਵੇ ਖਾਨ ਦੀ ਘਰ ਵਾਲੀ ਦੋ ਪੁੱਤਰ ਤੇ ਇੱਕ ਧੀ ਛੱਡ ਕੇ ਮਰ ਗਈ ਸੀ ਤੇ ਉਹਨੇ ਦੂਜਾ ਵਿਆਹ ਕਰਵਾ ਲਿਆ ਹੋਇਆ ਸੀ। ਪਹਿਲੀ ਤੀਵੀਂ ਚੋਂ ਉਹਦੀ ਧੀ ਸਾਹਿਬਾਂ ਮਿਰਜ਼ੇ ਦੀ ਹਾਨਣ ਸੀ। ਪਲਾਂ ਵਿੱਚ ਦੋ ਪਿਆਰੇ ਬਾਲ ਇੱਕਮਿੱਕ ਹੋ ਗਏ। ਦੋਨਾਂ ਨੂੰ ਮਸੀਤੇ ਕਾਜ਼ੀ ਪਾਸ ਪੜ੍ਹਨੇ ਪਾ ਦਿੱਤਾ ਗਿਆ। ਦਿਨਾਂ ਦੇ ਦਿਨ, ਮਹੀਨਿਆਂ ਦੇ ਮਹੀਨੇ, ਵਰ੍ਹਿਆਂ ਦੇ ਵਰ੍ਹੇ ਗੁਜ਼ਰਦੇ ਰਹੇ। ਮਿਰਜ਼ਾ ਸਾਹਿਬਾਂ ਇੱਕ ਪਲ ਲਈ ਵੀ ਇੱਕ ਦੂਜੇ ਤੋਂ ਜੁਦਾ ਨਾ ਹੁੰਦੇ, ਕੱਠੇ ਪੜ੍ਹਦੇ, ਕੱਠੇ ਖੇਡਦੇ, ਸਾਹਿਬਾਂ ਮੁਟਿਆਰ ਹੋਣ ਲੱਗੀ! ਮਿਰਜ਼ਾ ਜਵਾਨ ਹੋਣ ਲੱਗਾ।

ਜੇ ਮਿਰਜ਼ੇ ਨੂੰ ਕੋਈ ਗੁਲਾਬ ਦਾ ਫੁੱਲ ਸੱਦਦਾ ਤਾਂ ਸਾਹਿਬਾਂ ਨੂੰ ਚੰਬੇ ਦੀ ਕਲੀ ਆਖਦਾ। ਸਾਹਿਬਾਂ ਦੇ ਤੁਲ ਪਿੰਡ ਵਿੱਚ ਕੋਈ ਹੋਰ ਮੁਟਿਆਰ ਨਾ ਸੀ ਵਖਾਈ ਦੇਂਦੀ ਤੇ ਮਿਰਜ਼ੇ ਦੇ ਮੁਕਾਬਲੇ ਦਾ ਕੋਈ ਗੱਭਰੂ ਨਜ਼ਰ ਨਹੀਂ ਸੀ

ਆਉਂਦਾ। ਬਚਪਨ ਦੀ ਮੁਹੱਬਤ ਮੁਟਿਆਰ ਹੋ ਗਈ। ਮਿਰਜ਼ਾ ਸਾਹਿਬਾਂ ਨੂੰ ਚੰਗਾ ਲਗਦਾ ਸੀ ਤੇ ਸਾਹਿਬਾਂ ਮਿਰਜ਼ੇ ਨੂੰ ਪਿਆਰੀ ਲਗਦੀ ਸੀ। ਦੋਨੋਂ ਇੱਕ ਦੂਜੇ ਦੇ ਸਦਕੜੇ ਜਾਂਦੇ ਸਨ।

ਦੋ ਜਵਾਨੀਆਂ ਦਾ ਇੱਕ ਦੂਜੇ ਨੂੰ ਚੰਗਾ ਲਗਣਾ, ਇਸ ਬੇ-ਮੁਹੱਬਤੇ ਸਮਾਜ ਨੂੰ ਚੰਗਾ ਨਾ ਲੱਗਾ। ਉਹਨਾਂ ਮਿਰਜ਼ੇ ਸਾਹਿਬਾਂ ਦੀ ਮੁਹੱਬਤ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ।

ਤੇ ਹੁਣ ਖੀਵੇ ਨੂੰ ਮਿਰਜ਼ਾ ਸਾਹਿਬਾਂ ਦਾ ਹੱਸਣਾ, ਖੇਡਣਾ, ਉਠਣਾ, ਬੈਠਣਾ ਪਹਿਲਾਂ ਵਰਗਾ ਨਿੱਘ ਨਹੀਂ ਸੀ ਦੇਂਦਾ। ਉਸ ਆਪਣੀ ਭੈਣ ਦਾਨਾਬਾਦ ਤੋਂ ਮੰਗਵਾ ਲਈ ਤੇ ਮਿਰਜ਼ੇ ਨੂੰ ਉਹਦੇ ਨਾਲ਼ ਤੋਰ ਦਿੱਤਾ।

ਸਾਹਿਬਾਂ ਤੋਂ ਵਿਛੜ ਜਾਣਾ ਮਿਰਜ਼ੇ ਲਈ ਸੁਖੇਰਾ ਨਹੀਂ ਸੀ। ਮਿਰਜ਼ੇ ਨੇ ਦਿਲ ਤੇ ਪੱਥਰ ਰੱਖ ਲਿਆ ਤੇ ਸਾਹਿਬਾਂ ਦੀ ਯਾਦ ਦੇ ਸਹਾਰੇ ਆਪਣੇ ਪਿੰਡ ਦਾਨਾਬਾਦ ਆ ਗਿਆ।

ਮਿਰਜ਼ੇ ਦੇ ਕੁਸ਼ਤੀ ਕਰਨ, ਨੇਜ਼ਾਬਾਜ਼ੀ ਤੇ ਸ਼ਿਕਾਰ ਆਦਿ ਖੇਡਣ ਦੇ ਸ਼ੌਕ ਵੀ ਉਹਦੇ ਮਨ ਨੂੰ ਸਾਹਿਬਾਂ ਵੱਲੋਂ ਨਾ ਮੋੜ ਸਕੇ।

ਮਿਰਜ਼ੇ ਬਿਨਾਂ ਸਾਹਿਬਾਂ ਦਾ ਜਹਾਨ ਸੁੰਨਾ ਹੋ ਗਿਆ। ਉਹ ਬੜੀ ਰੁੰਨੀ। ਮਤਰੇਈ ਮਾਂ ਦੇ ਨਿੱਤ ਦੇ ਤਾਹਨੇ ਉਹਨੂੰ ਛਲਣੀ ਕਰਨ ਲੱਗੇ।

ਤੇ ਖੀਵਾ ਖਾਨ ਸਾਹਿਬਾਂ ਦੀ ਮੰਗਣੀ ਚੰਧੜਾਂ ਦੇ ਇੱਕ ਮੁੰਡੇ ਨਾਲ਼ ਕਰ ਆਇਆ ਤੇ ਵਿਆਹ ਦੇ ਦਿਨ ਵੀ ਧਰ ਦਿੱਤੇ। ਜਦੋਂ ਆਪਣੇ ਮੰਗਣੇ ਅਤੇ ਵਿਆਹ ਦੀ ਕਨਸੋਂ ਸਾਹਿਬਾਂ ਦੇ ਕੰਨੀਂ ਪਈ ਤਾਂ ਉਹ ਤੜਪ ਉੱਠੀ, ਹਨ੍ਹੇਰਾ ਉਹਦੀਆਂ ਅੱਖਾਂ ਅੱਗੇ ਛਾ ਗਿਆ ਤੇ ਅਗਲੀ ਭਲਕ ਉਹਨੇ ਆਪਣੇ ਪਿੰਡ ਦੇ ਕਰਮੂ ਪਰੋਹਤ ਕੋਲ ਮਿਰਜ਼ੇ ਲਈ ਸੁਨੇਹਾ ਘੱਲ ਦਿੱਤਾ।

ਸਾਹਿਬਾਂ ਦਾ ਸੁਨੇਹਾ ਮਿਲਦੇ ਸਾਰ ਹੀ ਮਿਰਜ਼ਾ ਤੜਪ ਉੱਠਿਆ। ਉਹਦੇ ਡੌਲੇ ਫਰਕੇ। ਉਹਨੇ ਆਪਣਾ ਤੀਰਾਂ ਦਾ ਤਰਕਸ਼, ਕਮਾਣ ਤੇ ਨੇਜ਼ਾ ਸੰਭਾਲਿਆ ਤੇ ਆਪਣੀ ਪਿਆਰੀ ਬੱਕੀ ਤੇ ਸਵਾਰ ਹੋਕੇ ਝੰਗ ਨੂੰ ਤੁਰ ਪਿਆ। ਬੱਕੀ ਰੇਵੀਆ ਚਾਲ ਫੜਦੀ ਹਵਾ ਨਾਲ਼ ਗੱਲਾਂ ਕਰਨ ਲੱਗੀ।

ਮਿਰਜ਼ਾ ਜਦੋਂ ਝੰਗ ਪੁੱਜਾ, ਚਾਰੇ ਬੰਨੇ ਹਨੇਰਾ ਪਸਰਿਆ ਹੋਇਆ ਸੀ। ਸਾਹਿਬਾਂ ਦੀ ਬਰਾਤ ਪਿੰਡ ਢੁੱਕ ਚੁੱਕੀ ਸੀ ਤੇ ਜਾਂਜੀ ਸ਼ਰਾਬ ਵਿੱਚ ਮਸਤ ਆਤਸ਼ਬਾਜ਼ੀਆਂ ਚਲਾ ਰਹੇ ਸਨ, ਮੁਜਰੇ ਸੁਣ ਰਹੇ ਸਨ।

ਮਿਰਜ਼ਾ ਬੀਬੋ ਨਾਇਣ ਦੇ ਘਰ ਜਾ ਪੁੱਜਾ। ਸਾਹਿਬਾਂ ਨੂੰ ਬੀਬੋ ਖ਼ਬਰ ਦੇ ਆਈ। ਉਹ ਘਰਦਿਆਂ ਪਾਸੋਂ ਅੱਖ ਬਚਾ ਕੇ ਓਥੇ ਪੁੱਜ ਗਈ। ਉਸ ਮਿਰਜ਼ੇ ਦੁਆਲੇ ਬਾਹਾਂ ਵਲ ਦਿੱਤੀਆਂ ਤੇ ਡੁਸਕਦੀ ਹੋਈ ਬੋਲੀ,

"ਮਿਰਜ਼ਿਆ ਮੈਂ ਤੇਰੇ ਬਿਨਾਂ ਕਿਸੇ ਹੋਰ ਨੂੰ ਆਪਣਾ ਨਹੀਂ ਬਣਾ ਸਕਦੀ।

ਅੱਧੀ ਰਾਤ ਹੋ ਚੁੱਕੀ ਏ, ਕੁਝ ਸੋਚ, ਕੁਝ ਉਪਾ ਕਰ।"

ਬਾਹਰੋਂ ਮਿਰਜ਼ੇ ਦੀ ਬੱਕੀ ਹਿਣਹਣਾਈ।

ਤੇ ਮਿਰਜ਼ਾ ਸਾਹਿਬਾਂ ਨੂੰ ਬੱਕੀ ਤੇ ਚੜ੍ਹਾਕੇ ਦਾਨਾਬਾਦ ਨੂੰ ਨੱਸ ਟੁਰਿਆ।

ਕਾਜ਼ੀ ਹੋਰੀਂ ਨਿਕਾਹ ਪੜ੍ਹਾਉਣ ਲਈ ਪੁੱਜ ਗਏ। ਖੀਵੇ ਹੋਰਾਂ ਸਾਰਾ ਘਰ ਛਾਣ ਮਾਰਿਆ, ਸਾਹਿਬਾਂ ਕਿਧਰੇ ਵਖਾਈ ਨਾ ਦਿੱਤੀ। ਕਿਸੇ ਆਖਿਆ, "ਰਾਤੀਂ ਮੈਂ ਮਿਰਜ਼ੇ ਨੂੰ ਆਉਂਦੇ ਵੇਖਿਆ ਹੈ। ਹੋ ਸਕਦਾ ਹੈ ਉਹ ਹੀ ਸਾਹਿਬਾਂ ਨੂੰ ਉਧਾਲ ਕੇ ਲੈ ਗਿਆ ਹੋਵੇ।"

ਸਾਹਿਬਾਂ ਦੇ ਭਰਾ ਸ਼ਮੀਰ ਤੇ ਝੁਮਰਾ ਦੋ ਬਾਹਰਾਂ ਬਣਾ ਕੇ ਦਾਨਾਬਾਦ ਦੇ ਰਸਤੇ ਪੈ ਗਏ। ਘੋੜੀਆਂ ਅਤੇ ਊਠਾਂ ਦੀ ਧੂੜ ਇੱਕ ਤੂਫ਼ਾਨੀ ਹਨੇਰੀ ਵਾਂਗ ਦਾਨਾਬਾਦ ਵੱਲ ਵੱਧਣ ਲੱਗੀ।

ਓਧਰ ਮਿਰਜ਼ੇ ਦੀ ਬੱਕੀ ਸਿਰ ਤੋੜ ਦੌੜਦੀ ਦਾਨਾਬਾਦ ਦੇ ਨੇੜੇ ਪੁੱਜ ਗਈ। ਰਾਤ ਦਾ ਉਣੀਂਦਾ ਤੇ ਸਫ਼ਰ ਦਾ ਥਕੇਵਾਂ ਬੱਕੀ ਤੇ ਭਾਰੂ ਹੋ ਗਿਆ।

ਕੁਝ ਪਲ ਸਸਤਾਉਣ ਲਈ ਮਿਰਜ਼ੇ ਨੇ ਬੱਕੀ ਨੂੰ ਜੰਡ ਨਾਲ਼ ਬੰਨ੍ਹ ਦਿੱਤਾ ਤੇ ਆਪ ਸਾਹਿਬਾਂ ਦੇ ਪਟ ਦਾ ਸਰਾਹਣਾ ਲਾਕੇ ਸੌਂ ਗਿਆ।

ਘੋੜੀਆਂ ਦੀਆਂ ਟਾਪਾਂ ਨੇੜੇ ਆਉਂਦੀਆਂ ਗਈਆਂ। ਸਾਹਿਬਾਂ ਨੇ ਮਿਰਜ਼ੇ ਨੂੰ ਹਲੂਣਿਆ, "ਮਿਰਜ਼ਿਆ ਜਾਗ ਖੋਹਲ ਵੈਰੀ ਸਿਰ ਤੇ ਪੁੱਜ ਗਏ ਨੇ।"

ਦੋ ਵਾਹਰਾਂ ਦੇ ਵਿਚਕਾਰ ਉਹ ਘੇਰੇ ਗਏ। ਮਿਰਜ਼ੇ ਨੇ ਬੜੀ ਬਹਾਦਰੀ ਨਾਲ਼ ਉਹਨਾਂ ਦਾ ਮੁਕਾਬਲਾ ਕੀਤਾ। ਉਹਦਾ ਇੱਕ ਇੱਕ ਤੀਰ ਕਈਆਂ ਦੇ ਹੋਸ਼ ਭੁਲਾ ਦਿੰਦਾ। ਸੈਆਂ ਬਾਹਵਾਂ ਦਾ ਮੁਕਾਬਲਾ ਕੱਲਾ ਕਦੋਂ ਤੱਕ ਕਰਦਾ। ਉਹਦਾ ਗੇਲੀ ਜਿਹਾ ਸੁੰਦਰ ਸਰੀਰ ਤੀਰਾਂ ਨਾਲ਼ ਛਲਣੀ ਛਲਣੀ ਹੋ ਗਿਆ ਅਤੇ ਸਾਹਿਬਾਂ ਵੀ ਆਪਣੇ ਪੇਟ ਵਿੱਚ ਕਟਾਰ ਮਾਰ ਕੇ ਮਿਰਜ਼ੇ ਦੀ ਲੋਥ ਤੇ ਜਾ ਡਿੱਗੀ।

ਤੇ ਇੰਜ ਮਿਰਜ਼ਾ ਪੰਜਾਬ ਦੇ ਲੋਕਾਂ ਦੇ ਦਿਲਾਂ ਦਾ ਨਾਇਕ ਬਣ ਗਿਆ ਤੇ ਉਹਦੀਆਂ ਘਰ ਘਰ ਵਾਰਾਂ ਛਿੜ ਪਈਆਂ:

ਤੇਰੀ ਮੇਰੀ ਲੱਗੀ ਦੋਸਤੀ
ਪੜ੍ਹਦਾ ਨਾਲ਼ ਪਿਆਰਾਂ
ਸਾਹਿਬਾਂ ਨਾਲ਼ ਲੜਾਵੇ ਨੇਤਰ
ਕਹਿੰਦੇ ਲੋਕ ਹਜ਼ਾਰਾਂ
ਮਿਰਜ਼ੇ ਯਾਰ ਦੀਆਂ -
ਘਰ ਘਰ ਛਿੜੀਆਂ ਵਾਰਾਂ।

ਆਪਣੇ ਪਿਆਰੇ ਮਿਰਜ਼ੇ ਲਈ ਪੰਜਾਬ ਦੀ ਗੋਰੀ ਗ਼ਮਾਂ ਦਾ ਤੰਦੂਰ ਬਾਲਦੀ ਹੈ:-

ਹੀਰਿਆ ਹਰਨਾ ਬਾਗੀਂ ਚਰਨਾ

ਬਾਗੀਂ ਤਾਂ ਹੋ ਗਈ ਚੋਰੀ
ਪਹਿਲੋਂ ਲੰਘ ਗਿਆ ਕੈਂਠੇ ਵਾਲਾ
ਮਗਰੋਂ ਲੰਘ ਗਈ ਗੋਰੀ
ਬੁੱਕ ਬੁੱਕ ਰੋਂਦੀ ਸਾਹਿਬਾਂ ਬਹਿਕੇ
ਜਿੰਦ ਗ਼ਮਾਂ ਨੇ ਖੋਰੀ
ਕੂਕਾਂ ਪੈਣਗੀਆਂ
ਨਿਹੁੰ ਨਾ ਲਗਦੇ ਜ਼ੋਰੀ।

ਗੋਰੀ ਨੂੰ ਆਪਣੇ ਮਿਰਜ਼ੇ ਤੋਂ ਬਿਨਾਂ ਹੋਰ ਕੁਝ ਵੀ ਪੋਂਹਦਾ ਨਹੀਂ :

ਹੁਜ਼ਰੇ ਸ਼ਾਹ ਹਕੀਮ ਦੇ
ਇੱਕ ਜੱਟੀ ਅਰਜ਼ ਕਰੇ
ਮੈਂ ਬੱਕਰਾ ਦੇਨੀ ਆਂ ਪੀਰ ਦਾ
ਮੇਰੇ ਸਿਰ ਦਾ ਕੰਤ ਮਰੇ
ਪੰਜ ਸਤ ਮਰਨ ਗਵਾਂਢਣਾਂ
ਰਹਿੰਦੀਆਂ ਨੂੰ ਤਾਪ ਚੜ੍ਹੇ
ਹੱਟੀ ਢਹੇ ਕਰਾੜ ਦੀ
ਜਿੱਥੇ ਦੀਵਾ ਨਿਤ ਬਲੇ
ਕੁੱਤੀ ਮਰੇ ਫਕੀਰ ਦੀ
ਜਿਹੜੀ ਚਊਂ ਚਊਂ ਨਿਤ ਕਰੇ
ਗਲੀਆਂ ਹੋਵਣ ਸੁੰਨੀਆਂ
ਵਿੱਚ ਮਿਰਜ਼ਾ ਯਾਰ ਫਿਰੇ

ਮਿਰਜ਼ਾ ਆਪਣੀ ਪਾਕ ਮੁਹੱਬਤ ਲਈ ਕੁਰਬਾਨ ਹੋ ਗਿਆ। ਉਹਦੀ ਬਹਾਦਰੀ ਦੀਆਂ ਵਾਰਾਂ ਅੱਜ ਪੰਜਾਬ ਦੇ ਗਭਰੂਆਂ ਦੇ ਹੋਠਾਂ ਤੇ ਸਜੀਵ ਹਨ :

ਦਖਣ ਦੇ ਵਲੋਂ ਚੜ੍ਹੀਆਂ ਨੇ ਨ੍ਹੇਰੀਆਂ
ਉਡਦੇ ਨੇ ਗਰਦ ਗਵਾਰ
ਬੁਲਬੁਲਾਂ ਵਰਗੀਆਂ ਘੋੜੀਆਂ
ਉੱਤੇ ਵੀਰਾਂ ਜਹੇ ਅਸਵਾਰ
ਹੱਥੀਂ ਤੇਗਾਂ ਨੰਗੀਆਂ
ਕਰਦੇ ਮਾਰੋ ਮਾਰ
ਵੇ ਤੂੰ ਹੇਠਾਂ ਜੰਡ ਦੇ ਸੌਂ ਗਿਐਂ
ਜੱਟਾ ਕਰਕੇ ਆ ਗਿਆ ਵਾਰ
ਤੈਨੂੰ ਭੱਜੇ ਨੂੰ ਜਾਣ ਨ਼ਾ ਦੇਣਗੇ
ਜੱਟਾ ਜਾਨੋਂ ਦੇਣਗੇ ਮਾਰ।

ਪੰਜਾਬੀ, ਮਿਰਜ਼ੇ ਦੀ ਸਾਹਿਬਾਂ ਦੇ ਭਰਾਵਾਂ ਨਾਲ਼ ਹੋਈ ਲੜਾਈ ਦੇ ਵਿਰਤਾਂਤ ਨੂੰ ਬੜੇ ਲਟਕਾਂ ਨਾਲ਼ ਗਾਉਂਦੇ ਹਨ :

ਭੱਥੇ ਚੋਂ ਕੱਢ ਲਿਆ ਜੱਟ ਨੇ ਫੋਲ ਕੇ
ਰੰਗ ਦਾ ਸੁਨਹਿਰੀ ਤੀਰ
ਮਾਰਿਆਂ ਜੱਟ ਨੇ ਮੁੱਛਾਂ ਕੋਲੋਂ ਵੱਟ ਕੇ
ਉਡ ਗਿਆ ਵਾਂਗ ਭੰਬੀਰ
ਪੰਜ ਸਤ ਲਾਹ ਲਏ ਘੋੜਿਉਂ
ਨੌਵਾਂ ਲਾਹਿਆ ਸਾਹਿਬਾਂ ਦਾ ਵੀਰ
ਸਾਹਿਬਾਂ ਡਿਗੇਦੇ ਭਰਾਵਾਂ ਨੂੰ ਦੇਖਕੇ
ਅੱਖੀਉਂ ਸੁੱਟਦੀ ਨੀਰ
ਆਹ ਕੀ ਕੀਤਾ ਮਿਰਜ਼ਿਆ ਖ਼ੂਨੀਆ
ਹੋਰ ਨਾ ਚਲਾਈਂ ਐਸਾ ਤੀਰ
ਅਸੀਂ ਇੱਕ ਢਿੱਡ ਲੱਤਾਂ ਦੇ ਲਈਆਂ
ਇੱਕੋ ਮਾਂ ਦਾ ਚੁੰਘਿਆ ਸੀਰ।

ਮਿਰਜ਼ਾ ਜੋਧਿਆਂ ਵਾਂਗ ਕੱਲਾ ਲੜਿਆ। ਉਹਦੀ ਮੌਤ ਤੇ ਪੰਜਾਬ ਦੀ ਆਤਮਾ ਕੁਰਲਾ ਉੱਠੀ:

ਵਿੰਗ ਤੜਿੰਗੀਏ ਟਾਹਲੀਏ
ਤੇਰੇ ਹੇਠ ਮਿਰਜ਼ੇ ਦੀ ਡੋਰ
ਜਿੱਥੇ ਮਿਰਜ਼ਾ ਵੱਢਿਆ
ਓਥੇ ਰੋਣ ਤਿੱਤਰ ਤੇ ਮੋਰ
ਮਹਿਲਾਂ 'ਚ ਰੋਂਦੀਆਂ ਰਾਣੀਆਂ
ਕਬਰਾਂ 'ਚ ਰੋਂਦੇ ਮੋਰ।

ਸਦੀਆਂ ਬੀਤਣ ਮਗਰੋਂ ਵੀ ਮਿਰਜ਼ਾ ਪੰਜਾਬੀਆਂ ਦੇ ਦਿਲਾਂ ਤੇ ਰਾਜ ਕਰਦਾ ਹੈ। ਮਿਰਜ਼ਾ ਸਾਹਿਬਾਂ ਦੀ ਪ੍ਰੀਤ ਕਹਾਣੀ ਪੰਜਾਬੀ ਸਾਹਿਤ ਦੇ ਵੀਰ ਕਾਵਿ ਅਤੇ ਪ੍ਰੀਤ ਸਾਹਿਤ ਵਿੱਚ ਇੱਕ ਵਿਲੱਖਣ ਸਥਾਨ ਪ੍ਰਾਪਤ ਕਰ ਗਈ ਹੈ।

# ਅੰਤਿਕਾ

***ਪੁਸਤਕ ਸੂਚੀ***

***ਪੰਜਾਬੀ :***


| | | |
|---|---|---|
| ਸੰਤ ਰਾਮ | : ਪੰਜਾਬੀ ਗੀਤ | (1927) |
| ਪੰਡਿਤ ਰਾਮ ਸਰਨ | : ਪੰਜਾਬ ਦੇ ਗੀਤ | (1931) |
| ਦੇਵਿੰਦਰ ਸਤਿਆਰਥੀ | : ਗਿੱਧਾ | (1936) |
| ਹਰਭਜਨ ਸਿੰਘ | : ਪੰਜਾਬਣ ਦੇ ਗੀਤ | (1940) |
| ਹਰਜੀਤ ਸਿੰਘ | : ਨੈਂ ਝਨਾਂ | (1942) |
| ਕਰਤਾਰ ਸਿੰਘ ਸ਼ਮਸ਼ੇਰ | : ਜੀਉਂਦੀ ਦੁਨੀਆਂ | (1942) |
| | ਨੀਲੀ ਤੇ ਰਾਵੀ | (1961) |
| ਅੰਮ੍ਰਿਤਾ ਪ੍ਰੀਤਮ | : ਪੰਜਾਬ ਦੀ ਆਵਾਜ਼ | (1952) |
| | ਮੌਲੀ ਤੇ ਮਹਿੰਦੀ | (1955) |
| ਅਵਤਾਰ ਸਿੰਘ ਦਲੇਰ | : ਪੰਜਾਬੀ ਲੋਕ ਗੀਤ ਬਣਤਰ ਤੇ ਵਿਕਾਸ | (1954) |
| ਸ਼ੇਰ ਸਿੰਘ ਸ਼ੇਰ | : ਬਾਰ ਦੇ ਢੋਲੇ | (1954) |
| ਸੰਤੋਖ ਸਿੰਘ ਧੀਰ | : ਲੋਕ ਗੀਤਾਂ ਬਾਰੇ | (1954) |
| ਮਹਿੰਦਰ ਸਿੰਘ ਰੰਧਾਵਾ | : ਪੰਜਾਬ ਦੇ ਲੋਕ ਗੀਤ | (1955) |
| ਰੰਧਾਵਾ ਤੇ ਸਤਿਆਰਥੀ | : ਪੰਜਾਬੀ ਲੋਕ ਗੀਤ | (1960) |
| ਵਣਜਾਰਾ ਬੇਦੀ | : ਪੰਜਾਬ ਦਾ ਲੋਕ ਸਾਹਿਤ | (1968) |
| ਸੁਖਦੇਵ ਮਾਦਪੁਰੀ | : ਗਾਉਂਦਾ ਪੰਜਾਬ | (1959) |
| | ਫੁੱਲਾਂ ਭਰੀ ਚੰਗੇਰ | (1979) |
| | ਖੰਡ ਮਿਸ਼ਰੀ ਦੀਆਂ ਡਲੀਆਂ | (2003) |
| ਡਾ. ਕਰਮਜੀਤ ਸਿੰਘ | : ਦੇਸ ਦੁਆਬਾ | (1982) |
| | ਧਰਤ ਦੁਆਬੇ ਦੀ | (1985) |
| | ਕੌਲਾਂ ਕੂਕਦੀਆਂ | (1989) |
| | ਮੋਰੀਂ ਰੁਣ ਝੁਣ ਲਾਇਆ | (1989) |
| | ਮਿੱਟੀ ਦੀ ਮਹਿਕ | (1990) |

ਲੋਕ ਗੀਤਾਂ ਦੀ ਪੈੜ (2002)
ਡਾ. ਨਾਹਰ ਸਿੰਘ : ਕਾਲਿਆਂ ਹਰਨਾਂ ਰੋਹੀਏਂ ਫਿਰਨਾ (1985)
ਲੌਂਗ ਬੁਰਜੀਆਂ ਵਾਲਾ (1998)
ਚੰਨਾ ਵੇ ਤੇਰੀ ਚਾਨਣੀ (1998)
ਖੂਨੀ ਨੈਣ ਜਲ ਭਰੇ (1999)
ਮਾਂ ਸੁਹਾਗਣ ਸ਼ਗਨ ਕਰੇ (2001)
ਸੈਫੁਲ ਰਹਿਮਾਨ ਡਾਰ : ਜਿੱਥੇ ਪਿੱਪਲਾਂ ਦੀ ਠੰਡੀ ਛਾਂ (1995)
ਹੁਕਮ ਚੰਦ ਰਾਜਪਾਲ :ਮੁਲਤਾਨੀ ਲੋਕ ਸਾਹਿਤ (1996)

***ਹਿੰਦੀ***

ਦੇਵਿੰਦਰ ਸਤਿਆਰਥੀ : ਧਰਤੀ ਗਾਤੀ ਹੈ (1948)
ਧੀਰੇ ਬਹੋ ਗੰਗਾ (1948)
ਬੇਲਾ ਫੂਲੇ ਆਧੀ ਰਾਤ (1952)
ਰਾਮ ਨਰੇਸ਼ ਤ੍ਰਿਪਾਠੀ : ਗ੍ਰਾਮ ਗੀਤ (1963)
ਸ਼ਯਾਮ ਪਰਮਾਰ : ਭਾਰਤੀਯ ਲੋਕ-ਸਾਹਿਤਯ (1954)
ਸਤੇਂਦ੍ਰ : ਬ੍ਰਜ ਲੋਕ ਸਾਹਿਤਯ ਕਾ ਅਧਿਐਨ (1958)

***ਅੰਗਰੇਜ਼ੀ***

1. R.C. Temple : The Legends of the Punjab (1884-1901) Three Volumes
2. Devendra Satyarthi : Meet My People (1946)
3. Durga Bhagwat : A Outline of Indian Folklore (1958)
4. W. Crooke : Popular Religion and Folklore of Northern India, Oxford - (1926)
5. A.H. Krappe : The Science of Folklore, New York (1962)
6. Y.M. Sokolov : Russian Folklore (1950)
7. S.S.Gupta : Studies in India Folk-culture (1969)
8. Standard Dictionary of Folklore, Mythology and Legend (Ed. Maria Leach), New York (1949)
9. Dictionary of Mythology, Folklore and Symbols, (Ed. Gertrude Jobes), New York (1962)



ਆਪਣੀ ਤੋਰ ਤੁਰਦੇ ਆ ਰਹੇ ਸੁਖਦੇਵ ਮਾਦਪੁਰੀ ਨੇ ਪੰਜਾਬੀ ਮਾਨਸ ਦੇ ਅਨਮੋਲ ਖ਼ਜ਼ਾਨਿਆਂ ਨੂੰ ਲੱਭਿਆ ਹੀ ਨਹੀਂ, ਫਰੋਲਿਆ ਹੀ ਨਹੀਂ ਬਲਕਿ ਸਾਡੀ ਪੀੜ੍ਹੀਆਂ ਦੀ ਕਮਾਈ ਹੋਈ ਦੌਲਤ ਨੂੰ, ਲੋਕਤਾ ਦੀ ਬੇਪਨਾਹ ਖੁਸ਼ਨੁਮਾਈ ਦੇ ਅਨਮੋਲ ਖ਼ਜ਼ਾਨਿਆਂ ਨੂੰ ਪੁਸਤਕਾਂ ਦੀਆਂ ਪੱਤਲਾਂ ਵਿਚ ਸਜਾਇਆ ਹੈ। ਅਤੀਤ ਦੀ ਬੇਪਨਾਹ ਦੌਲਤ ਨੂੰ ਸੰਭਾਲ ਲੈਣਾ ਅਤੇ ਪਰੰਪਰਾ ਨੂੰ ਕਰੀਨੇ ਨਾਲ ਸਜ਼ਾ ਦੇਣਾ ਕਿਸੇ ਆਹਰ, ਕਿਸੇ ਲਗਨ, ਕਿਸੇ ਲਿਲ੍ਹ ਵਿਚ ਜੁਟੀ ਪ੍ਰਤਿਭਾ ਦੇ ਹੀ ਵਸ ਦਾ ਰੋਗ ਹੈ।

ਸੁਖਦੇਵ ਮਾਦਪੁਰੀ ਦਾ ਲੋਕ ਸਾਹਿਤ ਨਾਲ ਅੰਤਾਂ ਦਾ ਮੋਹ ਹੈ "ਇਸ ਮੁਹੱਬਤ ਵਸ ਉਹ ਸੋਚਦੈ ਕਿ ਕਿਤੇ ਇਹ ਅਨਮੋਲ ਖ਼ਜ਼ਾਨਾ ਸਾਡੇ ਹੱਥਾਂ ਵਿਚੋਂ ਖਿਸਕ ਨਾ ਜਾਵੇ" ਇਹੀ ਕਾਰਨ ਹੈ ਕਿ ਉਹ ਲੋਕ ਸਾਹਿਤ ਦੇ ਵੱਖ ਵੱਖ ਅੰਗਾਂ - ਲੋਕ ਗੀਤਾਂ , ਬੁਝਾਰਤਾਂ, ਲੋਕ ਕਹਾਣੀਆਂ, ਪ੍ਰੀਤ ਕਹਾਣੀਆਂ ਅਤੇ ਲੋਕ ਖੇਡਾਂ ਆਦਿ ਨੂੰ ਸੰਭਲਦਾ ਆ ਰਿਹੈ। ਜਿਸ ਢੰਗ ਤੇ ਲਗਨ ਨਾਲ ਉਸ ਨੇ ਲੋਕ ਸਾਹਿਤ ਨੂੰ ਇੱਕਠਿਆਂ ਕਰਨ ਦਾ ਬੀੜਾ ਚੁਕਿਆ ਹੋਇਐ, ਸੱਚਮੁਚ ਹੀ ਇਸ ਕੰਮ ਲਈ ਉਹ ਵਧਾਈ ਦਾ ਹੱਕਦਾਰ ਹੈ।

ਪ੍ਰਿੰ. ਅਮਰਜੀਤ ਕੌਰ-ਪੰਜਾਬੀ ਸੱਥ ਲਾਂਬੜਾ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ